ਢਾਡੀ ਪ੍ਰਸੰਗ

ਦੋ ਬੀਰੰਗਣਾ ਦੋ ਬੀਰ



ਗਿ: ਨਿਰੰਜਨ ਸਿੰਘ 'ਨਰਗਿਸ'

ਢਾਡੀ ਪ੍ਰਸੰਗ

ਦੋ ਬੀਰੰਗਣਾ ਦੋ ਬੀਰ



ਗਿ: ਨਿਰੰਜਨ ਸਿੰਘ 'ਨਰਗਿਸ'

ਦੋ ਬੀਰੰਗਣਾ ਦੋ ਬੀਰ

ੴ ਸਤਿਗੁਰ ਪ੍ਰਸਾਦਿ ॥





ਢਾਡੀ ਪ੍ਰਸੰਗ

ਦੋ ਬੀਰਂਗਣਾ ਦੋ ਬੀਰ

ਲੇਖਕ:

ਗਿਆਨੀ ਨਿਰੰਜਨ ਸਿੰਘ 'ਨਰਗਿਸ'



ਪ੍ਰਕਾਸ਼ਕ

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

ISBN : 81-7601-671-3

ਪਹਿਲੀ ਐਡੀਸ਼ਨ : ਨਵੰਬਰ 2004

ਮੁੱਲ : **60-00**



ਪ੍ਰਕਾਸ਼ਕ:-

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

ਫੋਨ : (0183) 2542346, 2547974, 2557973

ਫੈਕਸ : 91-183-2542346

E.Mail : csjs@.vsnl.com

Web site: www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

ਸਮਰਪਣ

ਸਿੱਖ ਕੌਮ ਦੀਆਂ ਪ੍ਰਚਾਰਕ

ਬੀਬੀਆਂ ਦੇ ਢਾਡੀ ਜੱਥਿਆਂ ਨੂੰ

ਸਤਿਕਾਰ ਸਹਿਤ

ਗਿ: ਨਿਰੰਜਨ ਸਿੰਘ 'ਨਰਗਿਸ'

ਇਸੇ ਕਲਮ ਤੋਂ

ਨੂਰੀ ਗੁਲਸ਼ਨ

ਨੂਰੀ ਨਗ਼ਮੇਂ

ਸੰਤ ਸਿਪਾਹੀ

ਰਿਸ਼ਮਾਂ ਨੂਰ ਦੀਆਂ

ਨਰਗਿਸ ਨਜ਼ਮਾਂ

ਨਰਗਿਸ ਦੇ ਗੀਤ

ਅੰਗਦ ਤੇ ਗੁਰੂ ਅਮਰਦਾਸ

ਜ਼ਫ਼ਰਨਾਮਾ ਕਾਵਿ ਸਟੀਕ ਆਦਿ


ਤਤਕਰਾ

ਪਤਾ:

ਗਿਆਨੀ ਨਿਰੰਜਨ ਸਿੰਘ 'ਨਰਗਿਸ'

ਸੂ: ਗੁਰਦੀਪ ਸਿੰਘ ਸਿਧੂ

ਨਰਗਿਸ ਸਰਵਿਸ ਸਟੇਸ਼ਨ,

ਕਾਲਕਾ ਰੋਡ, ਪਿੰਜੌਰ

ਜ਼ਿਲ੍ਹਾ ਪੰਚਕੂਲਾ, ਹਰਿਆਣਾ

ਟੈਲੀਫੋਨ ਨੰ: 01733-222143

ENGLAND

Giani Niranjan Singh Nargis

34 Anchor Fold

Madeley Street Derby. UK.

DE23 8HW.

Tel. : 01323-733586

Mobile : 07950226825

ੴ

ਸਤਿਕਾਰ ਯੋਗ ਨਰਗਿਸ ਜੀ

ਪਿਊ ਦਾਦੇ ਕਾ ਖੋਲਿ ਡਿਠਾ ਖਜਾਨਾ॥
ਤਾ ਮੇਰੈ ਮਨਿ ਭਇਆ ਨਿਧਾਨਾ॥

ਸੱਚਮੁੱਚ ਕਿਤਨਾ ਮਾਣ ਹੋਇਆ ਜਦ ਮੈਂ ਆਪਣੇ ਪਿਤਾ ਸਮਾਨ ਗਿਆਨੀ ਨਿਰੰਜਨ ਸਿੰਘ 'ਨਰਗਿਸ' ਹੋਰਾਂ ਦੀ ਇਹ ਕਿਰਤ ਪੜ੍ਹੀ "ਦੋ ਬੀਰੰਗਣਾ ਦੋ ਬੀਰ" ਮੈਂ ਕਿਸੇ ਡੂੰਘੀ ਸੋਚ ਵਿਚ ਜਾ ਪਹੁੰਚੀ ਕਿਉਂਕਿ ਮੇਰਾ ਵਾਹ-ਵਾਸਤਾ ਕੁਝ ਐਸੇ ਬੰਦਿਆਂ ਨਾਲ ਪਿਆ ਜਿਥੇ ਇਸਤ੍ਰੀ ਨੂੰ ਘਟੀਆ ਹੀ ਸਮਝਿਆ ਗਿਆ, ਭਾਵੇਂ ਉਹ ਕਿੰਨੀ ਵੀ ਉੱਚ ਖਿਆਲਾਂ ਦੀ ਹੋਵੇ ਤੇ ਕੁਝ ਵੀ ਕਰ ਦਿਖਾਵੇ।

ਗਿਆਨੀ 'ਨਰਗਿਸ' ਹੋਰਾਂ ਨੂੰ ਮੈਂ ਉਸ ਵੇਲੇ ਤੋਂ ਜਾਣਦੀ ਹਾਂ ਜਦੋਂ ਤੋਂ ਇੰਗਲੈਂਡ ਆਏ ਹਨ, ਇਹ ਗ੍ਰੰਥੀ ਦੀ ਸੇਵਾ ਨਿਭਾਉਂਦੇ ਸਨ। ਇਸ ਕਰਕੇ ਇਨ੍ਹਾਂ ਦੀ ਸੰਗਤ ਕਰਨ ਦਾ ਤੇ ਇਨ੍ਹਾਂ ਨੂੰ ਸੁਣਨ ਦਾ ਮੌਕਾ ਮਿਲਿਆ।

ਜਿਥੇ ਗਿਆਨੀ ਜੀ ਗ੍ਰੰਥੀ ਦੀ ਸੇਵਾ ਕਰਦੇ ਰਹੇ ਹਨ, ਉਥੇ ਅੱਛੇ ਢਾਡੀ, ਬੁਲਾਰੇ, ਕੀਰਤਨੀਏਂ ਤੇ ਲਿਖਾਰੀ ਵੀ ਹਨ।

ਜਿਥੇ ਗਿਆਨੀ ਹੋਰਾਂ ਸੂਰਬੀਰ ਇਤਿਹਾਸਕ ਜੋਧਿਆਂ ਬਾਰੇ ਲਿਖਿਆ ਤੇ ਗਾਇਆ ਹੈ, ਉਥੇ ਇਤਿਹਾਸਕ ਬੀਬੀਆਂ ਦੇ ਗੁਣਾਂ ਤੇ ਕਾਰਨਾਮਿਆਂ ਨੂੰ ਵੀ ਲਿਖਿਆ ਤੇ ਗਾਇਆ ਹੈ। ਹਰ ਦੁੱਖੀ ਦਾ ਸਹਾਰਾ ਬਣ ਕੇ ਗਿਆਨੀ ਜੀ ਖੁਸ਼ੀ ਮਹਿਸੂਸ ਕਰਦੇ ਹਨ। ਮੇਰੀ ਜਾਂਚੇ ਇਨ੍ਹਾਂ ਦੀ ਜ਼ਿੰਦਗੀ ਦਾ ਵੱਡਾ ਸਰਮਾਇਆ 'ਦਾਨ' ਕਰਨਾ ਹੈ, ਜਿਵੇਂ ਮੈਂ ਵੇਖਿਆ ਹੈ। ਬੀਬੀਆਂ ਦੇ ਵਿਆਹ ਕਰਨੇ, ਪੜ੍ਹਾਉਣਾ ਤੇ ਇਥੋਂ ਤੱਕ ਕਿ ਘਰ ਬਣਵਾ ਦੇਣਾ।

ਮਾਤਾ ਅਜੀਤ ਕੌਰ ਵੀ ਇਨ੍ਹਾਂ ਦੇ ਹੁਕਮ ਵਿਚ ਖੁਸ਼ ਰਹਿੰਦੇ ਹਨ।

ਮੈਂ ਗਿਆਨੀ ਜੀ ਹੋਰਾਂ ਦੀਆਂ ਕਿਤਾਬਾਂ ਵੀ ਪੜ੍ਹੀਆਂ ਹਨ, ਇਨ੍ਹਾਂ ਦੇ ਲਿਖੇ ਗੀਤ, ਕਵਿਤਾ ਤੇ ਢਾਡੀ ਵਾਰਾਂ ਵੀ ਸੁਣਨ ਦਾ ਮੌਕਾ ਮਿਲਿਆ ਹੈ।

ਗਿਆਨੀ ਜੀ ਹੋਰਾਂ ਦੇ ਖਿਆਲ ਹਮੇਸ਼ਾਂ ਚੜ੍ਹਦੀ ਕਲਾ ਵਾਲੇ ਹੁੰਦੇ ਹਨ। ਜ਼ਿੰਦਗੀ ਦੇ

ਉਤਰਾਅ ਚੜ੍ਹਾਅ ਵਿਚ ਵੀ ਡੋਲਦੇ ਨਹੀਂ।

ਬੀਬੀਆਂ ਦਾ ਪੱਖ ਬੜੀ ਦਲੇਰੀ ਨਾਲ ਕਰਦੇ ਹਨ। ਇਹ ਕਿਤਾਬ "ਦੋ ਬੀਰੰਗਣਾ ਦੋ ਬੀਰ" ਵੀ ਗਿਆਨੀ ਹੋਰਾਂ ਢਾਡੀ ਬੀਬੀਆਂ ਦੇ ਜੱਥਿਆਂ ਨੂੰ ਹੀ ਸਮਰਪਤ ਕੀਤੀ ਹੈ। ਇਸ ਕਰਕੇ ਬੀਬੀਆਂ ਨੂੰ ਢਾਡੀ ਖੇਤਰ ਵਿਚ ਅੱਗੇ ਲਿਆਉਣ ਦਾ ਅੱਛਾ ਯਤਨ ਕੀਤਾ ਹੈ।

ਮੈਨੂੰ ਪੂਰਨ ਵਿਸ਼ਵਾਸ ਹੈ ਕਿ ਇਨ੍ਹਾਂ ਦੀਆਂ ਲਿਖਤਾਂ ਪੜ੍ਹ ਕੇ ਬੰਦਾ ਗੁਰੂ ਵੱਲ ਪ੍ਰੇਰਿਤ ਹੁੰਦਾ ਹੈ।

ਗੁਰੁ ਮੇਰੇ ਸੰਗਿ ਸਦਾ ਹੈ ਨਾਲੇ॥

ਬੇਅੰਤ ਕੌਰ ਡਰਬੀ, ਇੰਗਲੈਂਡ

ਭੂਮਿਕਾ

ਗਿਆਨੀ ਨਿਰੰਜਨ ਸਿੰਘ ਜੀ ਨਰਗਿਸ (1930 ਈ:) ਸਿੱਖ ਕੌਮ ਦੇ ਇਕ ਐਸੇ ਮਹਾਨ ਪ੍ਰਚਾਰਕ ਅਤੇ ਢਾਡੀ ਹਨ, ਜਿਨ੍ਹਾਂ ਦੀ ਸੇਵਾ ਤੋਂ ਭਾਰਤ ਤੋਂ ਇਲਾਵਾ ਵਿਦੇਸ਼ਾਂ ਦੀਆਂ ਸੰਗਤਾਂ ਨੇ ਵੀ ਭਰਪੂਰ ਲਾਭ ਉਠਾਇਆ ਹੈ। ਸਿੱਖ ਧਰਮ ਦੇ ਪ੍ਰਚਾਰ, ਪ੍ਰਸਾਰ ਅਤੇ ਵਿਆਖਿਆ ਲਈ ਉਨ੍ਹਾਂ ਦਾ ਨਾਂ ਸਿੱਖ ਧਰਮ ਦੇ ਚੋਣਵੇਂ ਵਿਦਵਾਨਾਂ ਦੀ ਸੂਚੀ ਵਿਚ ਸ਼ਾਮਿਲ ਹੋ ਚੁੱਕਾ ਹੈ। ਟਕਸਾਲੀ ਸੰਤਾਂ, ਮਹਾਂਪੁਰਸ਼ਾਂ, ਗੁਣੀ, ਵਿਦਵਾਨਾਂ ਦੀ ਸੰਗਤ ਕਰਦੇ ਕਰਦੇ ਆਪਣੇ ਜੀਵਨ ਦੇ ਸੱਤ ਦਹਾਕੇ ਪਾਰ ਕਰਨ ਤੋਂ ਬਾਅਦ ਗਿਆਨੀ ਜੀ, ਹੁਣ ਸ਼ਬਦ ਅਤੇ ਅਰਥ ਦੇ ਨਿਪੁੰਨ ਕਾਰੀਗਰ ਬਣ ਚੁੱਕੇ ਹਨ। ਆਪਣੀ ਗੱਲ ਕਹਿਣ ਲਈ ਹੁਣ ਉਹਨਾਂ ਨੂੰ ਸ਼ਬਦਾਂ ਨੂੰ ਖੋਜਣ ਦੀ ਜ਼ਰੂਰਤ ਨਹੀਂ ਸਗੋਂ ਜਦੋਂ ਉਹ ਕੁਝ ਕਹਿਣਾ ਚਾਹੁੰਦੇ ਹਨ, ਸ਼ਬਦ ਆਪਣੇ ਆਪ ਉਨ੍ਹਾਂ ਦੀ ਕਲਮ ਤੇ ਖ਼ੁਦ ਆ ਬਿਰਾਜਦੇ ਹਨ।

ਇਸ ਵਿਚ ਕੋਈ ਅਥਕਥਨੀ ਨਹੀਂ ਕਿ ਸੱਚ ਦੀ ਖੋਜ ਲਈ ਜਿਸ ਫਲਸਫੇ ਨੇ ਗਿਆਨੀ ਨਰਗਿਸ ਜੀ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ, ਉਹ ਸਿੱਖ ਫਲਸਫਾ ਹੈ। ਬੇਸ਼ਕ ਉਨ੍ਹਾਂ ਦਾ ਜਨਮ ਮਾਲਵੇ ਦੇ ਇਕ ਛੋਟੇ ਜੇਹੇ ਪਿੰਡ ਗੁਰਨੇ ਕਲਾਂ ਜ਼ਿਲ੍ਹਾ ਮਾਨਸਾ ਵਿਚ ਔਲਖ ਗੋਤ ਦੇ ਕਿਸਾਨ ਜੱਟ ਪਰਿਵਾਰ ਵਿਚ ਹੋਇਆ ਪ੍ਰੰਤੂ ਜਦ ਜਵਾਨੀ ਦੀ ਦਹਿਲੀਜ਼ ਤੇ ਪੈਰ ਧਰਨ ਤੋਂ ਪਹਿਲਾਂ ਉਹਨਾਂ ਦੀ ਆਤਮਾ ਦਾ ਰਿਸ਼ਤਾ ਕਲਾ ਅਤੇ ਸਾਹਿਤ ਨਾਲ ਜੁੜ ਚੁੱਕਾ ਸੀ। ਦਮਦਮੀ ਟਕਸਾਲ ਦੇ ਮਹਾਂਪੁਰਸ਼ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਪਾਸੋਂ (1954 ਈ:) ਅੰਮ੍ਰਿਤ ਛੱਕਣ ਤੋਂ ਬਾਅਦ ਉਨ੍ਹਾਂ ਦੇ ਜੀਵਨ ਵਿਚ ਕ੍ਰਾਂਤੀਕਾਰੀ ਤਬਦੀਲੀ ਆਈ। ਸਿੱਖ ਇਤਿਹਾਸ ਅਤੇ ਸਿੱਖ ਧਰਮ ਦੇ ਡੂੰਘੇ ਰਹੱਸ ਨੂੰ ਜਾਨਣ ਦਾ ਸ਼ੌਕ ਪੈਦਾ ਹੋਇਆ। ਮਨੁੱਖ ਦੀ ਆਦਿ ਕਾਲ ਤੋਂ ਇਹੋ ਇੱਛਾ ਰਹੀ ਹੈ ਕਿ ਉਹ ਆਪਣੇ ਭਾਵ ਤੇ ਵਿਚਾਰ ਦੂਜੇ ਲੋਕਾਂ ਨਾਲ ਸਾਂਝੇ ਕਰ ਸਕੇ। ਗੁਰਬਾਣੀ ਦੀ ਰੌਸ਼ਨੀ ਵਿਚ ਸਮਾਜ ਨੂੰ ਸਭਿਅਕ ਬਣਾਉਣ ਲਈ ਜੋ ਪ੍ਰੇਮ ਭਾਵ ਗਿਆਨੀ ਨਿਰੰਜਨ ਸਿੰਘ ਜੀ ਨਰਗਿਸ ਦੇ ਹਿਰਦੇ ਵਿਚ ਉਤਪੰਨ ਹੋਏ, ਉਨ੍ਹਾਂ ਦੀ ਅਭਿ ਵਿਅਕਤੀ ਲਈ ਗਿਆਨੀ ਜੀ ਨੇ ਢਾਡੀ ਕਲਾਂ ਨੂੰ ਮਾਧਿਅਮ ਬਣਾਇਆ ਅਤੇ ਥੋੜ੍ਹੇ ਹੀ ਸਮੇਂ ਵਿਚ ਉਹ ਇਸ ਕਲਾ ਦੇ ਇਕ ਐਸੇ ਮਹਾਨ ਕਲਾਕਾਰ ਦੇ ਰੂਪ ਵਿਚ ਸੰਗਤਾਂ ਦੀ ਸੇਵਾ ਲਈ ਸਾਹਮਣੇ ਆਏ, ਕਿ ਸਿੱਖ ਕੌਮ ਦੀਆਂ ਮਹਾਨ ਸ਼ਖ਼ਸੀਅਤਾਂ ਸੰਤ ਹਰਚੰਦ ਸਿੰਘ ਲੌਂਗੋਵਾਲ, ਸੰਤ ਜਰਨੈਲ ਸਿੰਘ ਖ਼ਾਲਸਾ ਅਤੇ ਜਥੇਦਾਰ ਗੁਰਚਰਨ ਸਿੰਘ

ਟੌਹੜਾ ਨੇ ਉਨ੍ਹਾਂ ਨੂੰ ਪੰਥਕ ਵਿਚਾਰਧਾਰਾ ਦੇ ਚੰਗੇ ਵਿਦਵਾਨ ਅਤੇ ਚੜ੍ਹਦੀ ਕਲਾ ਵਾਲੇ ਢਾਡੀ ਦੱਸਿਆ। ਉਨ੍ਹਾਂ ਦੀ ਧਰਮ ਪਤਨੀ ਸੁਰਜੀਤ ਕੌਰ ਵਲੋਂ ਵੀ ਉਨ੍ਹਾਂ ਨੂੰ ਸਮੇਂ ਸਮੇਂ ਅਨੁਸਾਰ ਪ੍ਰੇਰਨਾ ਮਿਲੀ। ਅਨੇਕਾਂ ਵਾਰ ਉਹ ਆਲ ਇੰਡੀਆ ਪੱਧਰ ਦੇ ਢਾਡੀ ਦਰਬਾਰ ਮੁਕਾਬਲਿਆ ਵਿਚੋ ਪਹਿਲੇ ਨੰਬਰ ਤੇ ਰਹਿ ਕੇ ਇਨਾਮ ਹਾਸਿਲ ਕਰ ਚੁੱਕੇ ਹਨ। ਸੰਤ ਬਾਬਾ ਸੁੱਚਾ ਸਿੰਘ ਜਵੱਦੀ ਕਲਾਂ ਤੇ ਸੰਗੀਤ ਸਮਰਾਟ ਉਸਤਾਦ ਜਸਵੰਤ ਸਿੰਘ ਭੰਵਰਾ ਵੀ ਆਪ ਜੀ ਦੀ ਕਲਾ ਦੇ ਪ੍ਰਸੰਸਕ ਸਨ।

ਸਾਹਿਤ ਦਾ ਸਬੰਧ ਮਨੁੱਖੀ ਜਜ਼ਬਿਆਂ, ਜੀਵਨ ਦੀ ਵਿਆਖਿਆ ਅਤੇ ਮਨੁੱਖ ਨੂੰ ਅਨੰਦ ਦੇਣ ਨਾਲ ਹੈ। ਜਿਵੇਂ ਆਤਮਾ ਦੀ ਮੁਕਤ ਅਵਸਥਾ ਨੂੰ ਗਿਆਨ ਦਸ਼ਾ ਕਹਿੰਦੇ ਹਨ, ਇਸੇ ਤਰ੍ਹਾਂ ਹਿਰਦੇ ਦੀ ਮੁਕਤ ਅਵਸਥਾ ਨੂੰ ਰਸ ਦਸ਼ਾ ਕਿਹਾ ਜਾਂਦਾ ਹੈ। ਕਵਿਤਾ ਵਿਚ ਰਸ ਦਾ ਬਹੁਤ ਉੱਚਾ ਸਥਾਨ ਹੈ ਅਤੇ ਪ੍ਰਮੁੱਖ ਰਸਾਂ ਦੀ ਗਿਣਤੀ ਨੌਂ (ਸ਼ਿੰਗਾਰ, ਹਾਸਯ, ਕਰੁਣਾ, ਰੌਦ੍ਰ, ਵੀਰ, ਭਯਾਨਕ, ਬੀਭਤਸ ਅਦਭੁਤ, ਸ਼ਾਂਤ) ਮੰਨੀ ਗਈ ਹੈ। ਬੇਸ਼ੱਕ ਪੰਜਾਬੀ ਕਵਿਤਾ ਵਿਚ ਸਾਰੇ ਰਸਾਂ ਦੀ ਵਰਤੋਂ ਸੁਯੋਗ ਰੂਪ ਵਿਚ ਹੋਈ ਮਿਲਦੀ ਹੈ ਪਰੰਤੂ ਵੀਰ ਰਸ ਦੀ ਪ੍ਰਧਾਨਤਾ ਕਿਸੇ ਨ ਕਿਸੇ ਰੂਪ ਵਿਚ ਜ਼ਰੂਰ ਮਿਲਦੀ ਹੈ। ਗਿਆਨੀ ਨਿਰੰਜਨ ਸਿੰਘ ਜੀ ਨਰਗਿਸ ਦੁਆਰਾ ਲਿਖੀ, ਇਸ ਹੱਥਲੀ ਪੁਸਤਕ 'ਦੋ ਬੀਰੰਗਣਾ ਦੋ ਬੀਰ' ਵਿਚ ਦਰਜ ਜ਼ਿਆਦਾਤਰ ਰਚਨਾਵਾਂ ਵੀ ਵੀਰ ਰਸ ਨਾਲ ਸੰਬੰਧਿਤ ਹਨ। ਪਹਿਲਾ ਪ੍ਰਸੰਗ ਸਿੱਖੀ ਵਿਚ ਅਥਾਹ ਸ਼ਰਧਾ ਰੱਖਣ ਵਾਲੀ, ਆਪਣੀ ਇੱਜ਼ਤ ਆਬਰੂ ਦੀ ਰਾਖੀ ਲਈ ਚੰਡੀ ਦਾ ਰੂਪ ਧਾਰ ਕੇ ਮੁਗਲ ਹਮਲਾਵਰਾਂ ਨਾਲ ਬਹਾਦਰੀ ਨਾਲ ਲੜਨ ਵਾਲੀ ਅਤੇ ਚੋਜੀ ਪ੍ਰੀਤਮ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲੀ ਸੂਰਬੀਰ ਬਹਾਦਰ ਬੀਬੀ ਦੀਪ ਕੌਰ ਨਾਲ ਸੰਬੰਧਤ ਹੈ। ਕੁਝ ਵਿਦਵਾਨਾਂ ਦੇ ਦੱਸੇ ਅਨੁਸਾਰ ਇਹ ਬੀਬੀ ਅੰਮ੍ਰਿਤਸਰ ਦੇ ਇਲਾਕੇ ਦੀ ਰਹਿਣ ਵਾਲੀ ਸੀ।

ਇਸੇ ਤਰ੍ਹਾਂ ਇਸ ਪੁਸਤਕ ਵਿਚ ਦਰਜ ਬੀਬੀ ਭਾਗਭਰੀ ਵੀ ਇਕ ਇਤਿਹਾਸਕ ਪ੍ਰਸੰਗ ਹੈ। ਖੱਤ੍ਰੀ ਕੁਲ ਵਿਚੋਂ ਆਗਰੇ ਦੀ ਵਸਨੀਕ ਬੀਬੀ ਭਾਗਭਰੀ ਵੀ ਗੁਰੂ ਗੋਬਿੰਦ ਸਿੰਘ ਲਈ ਅਥਾਹ ਸ਼ਰਧਾ ਰੱਖਣ ਵਾਲੀ ਅਤੇ ਸ਼ਾਹਜਹਾਂ ਦੇ ਵਜ਼ੀਰ ਦੀ ਸਪੁੱਤਰੀ ਸੀ। ਇਸ ਬਾਰੇ ਆਮ ਸਿੱਖ ਸੰਗਤਾਂ ਅਤੇ ਪਾਠਕਾਂ ਨੂੰ ਬਹੁਤ ਘੱਟ ਜਾਣਕਾਰੀ ਸੀ। ਇਸ ਪ੍ਰਸੰਗ ਦੇ ਸਪੱਸ਼ਟੀਕਰਨ ਲਈ ਗਿਆਨੀ ਜੀ ਨੇ ਸੂਰਜ ਪ੍ਰਕਾਸ਼ ਵਿਚੋਂ ਵੀ ਹਵਾਲੇ ਦਿੱਤੇ ਹਨ। ਇਸੇ ਪੁਸਤਕਾਂ ਵਿਚ ਦਰਜ ਪ੍ਰਸੰਗ ਬਹਾਦਰ ਬਲਵੰਤ ਕੌਰ ਸਿੱਖੀ ਪ੍ਰਚਾਰ ਲਈ ਭਾਈ ਵੀਰ ਸਿੰਘ ਦੁਆਰਾ ਲਿਖੇ ਗਏ ਕਲਪਿਤ ਨਾਵਲਾਂ ਸੁੰਦਰੀ ਤੇ ਸਤਵੰਤ ਕੌਰ ਵਰਗਾ ਹੀ ਇਕ ਹੋਰ ਉਪਰਾਲਾ ਹੈ, ਉਪਰੋਕਤ ਰਚਨਾਵਾਂ ਅੱਜ ਦੇ ਮਰਦ ਪ੍ਰਧਾਨ ਯੁੱਗ ਵਿਚ ਔਰਤ ਨੂੰ ਸ਼ਕਤੀਸ਼ਾਲੀ ਬਣਨ ਲਈ ਪ੍ਰੇਰਿਤ ਕਰਨ ਵਾਲੀਆਂ ਹਨ।

'ਵਾਰ ਕੌਮੀ ਸ਼ਹੀਦ' ਬੇਸ਼ੱਕ ਪੰਜਾਬ ਦੇ ਦੁਖਾਂਤ ਨਾਲ ਸੰਬੰਧਿਤ ਵਾਰ ਹੈ, ਪਰੰਤੂ ਦਲੀਲ ਅਤੇ ਯੁਕਤੀ ਨਾਲ ਗਿਆਨੀ ਨਰਸਿੰਗ ਜੀ ਨੇ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਇਸ ਵਾਰ ਦੁਆਰਾ ਕੁਝ ਸਾਰਥਿਕ ਸੁਝਾਅ ਵੀ ਪੇਸ਼ ਕੀਤੇ ਹਨ, ਜਿਵੇਂ ਕਿ :

ਮਹਾਂਬਲੀ, ਦਸਮੇਸ਼ ਦੇ ਖਾਲਸਾ ਜੀ!
ਤੇਰੀ ਅਣਖ ਨੂੰ ਸਾਰਾ ਜਹਾਨ ਜਾਣੇ।
ਪੱਛਮ, ਪੂਰਬੋਂ, ਉੱਤਰ ਤੋਂ ਦੱਖਣ ਤੋੜੀ,
ਜਾਣੇ ਏਸ਼ੀਆ ਯੂਰਪ ਯੂਨਾਨ ਜਾਣੇ।
ਜੈਨੀ, ਪਾਰਸੀ, ਬੋਧੀ ਤਮਾਮ ਜਾਨਣ,
ਭਲੀ ਭਾਂਤ ਹਿੰਦੂ ਮੁਸਲਮਾਨ ਜਾਣੇ।
ਤੇਰੀ ਦੇਸ਼ ਭਗਤੀ, ਪਰਉਪਕਾਰ ਤੇਰੇ,
ਦੇਖਣ ਵਾਲਾ ਸਭ ਤੈਨੂੰ ਮਹਾਨ ਜਾਣੇ।
ਐਪਰ ਰਾਜ ਬਾਝੋਂ ਘਟੀ ਕਦਰ ਤੇਰੀ,
ਏਸ ਗੱਲ ਦੀ ਕਰਨ ਵਿਚਾਰ ਕੌਮਾਂ।
ਬਿਨਾਂ ਰਾਜ ਮਹਿਫੂਜ਼ ਨਾ ਧਰਮ ਰਹਿੰਦਾ,
ਬਿਨਾਂ ਧਰਮ ਤੋਂ ਹੋਣ ਖੁਆਰ ਕੌਮਾਂ।

ਇਸੇ ਤਰ੍ਹਾਂ ਅਣਖੀਲੇ ਪੰਜਾਬੀ ਯੋਧੇ ਵਾਰ ਵਿਚ ਹੱਕ, ਸੱਚ ਅਤੇ ਦੇਸ਼ ਦੀ ਰਾਖੀ ਲਈ ਮਰ ਮਿੱਟਣ ਵਾਲੇ ਕੌਮੀ ਪਰਵਾਨਿਆਂ ਨੂੰ ਗਿਆਨੀ ਜੀ ਨੇ ਸ਼ਰਧਾਂਜਲੀ ਅਰਪਿਤ ਕੀਤੀ ਹੈ। ਕੁੱਲ ਮਿਲਾ ਕੇ 'ਦੋ ਬੀਰੰਗਣਾ ਦੋ ਬੀਰ' ਪੰਜਾਬੀ ਸਾਹਿਤ ਦੇ 'ਵੀਰ ਰਸੀ' ਕਾਵਿ ਦਾ ਉੱਤਮ ਨਮੂਨਾ ਹੈ। ਜਿਸ ਲਈ ਗਿਆਨੀ ਜੀ ਵਧਾਈ ਦੇ ਹੱਕਦਾਰ ਹਨ।

ਡਾ. ਜਗਮੇਲ ਸਿੰਘ ਭਾਠੂਆਂ
ਐਮ.ਏ., ਪੀ-ਐਚ.ਡੀ.
ਕੇ-10, ਫਤਹਿ ਨਗਰ, ਦਿੱਲੀ-18

ਪ੍ਰਸੰਗ ਦਲੇਰ ਦੀਪ ਕੌਰ

ਲੇਖ ਕਿਤਾਬਾਂ -

1) ਸ੍ਰੀ ਦਸਮੇਸ਼ ਦਰਸ਼ਨ (ਵਿਧਾਤਾ ਸਿੰਘ ਤੀਰ) ਪੰਨਾ. 77

ਦਸਗੁਰ ਬੰਦਨ (ਕਲੀ)

ਸੀਸ ਨਿਵਾ ਕੇ ਬੰਦਨਾ ਗੁਰ ਨਾਨਕ ਨਿਰੰਕਾਰੀ ਨੂੰ,
ਅੰਗਦ ਦੇਵ ਜਿਨ੍ਹਾਂ ਦੇ ਦੀਪੋਂ ਦੀਪ ਜਗਾਇਆ।

ਸਤਿਗੁਰ ਅਮਰਦਾਸ ਨੇ ਭੇਦ ਮਿਟਾਏ ਜਾਤੀ ਦੇ,
ਸੋਢੀ ਰਾਮਦਾਸ ਗੁਰ ਅੰਮ੍ਰਿਤ ਤਾਲ ਰਚਾਇਆ।

ਅਰਜਨ ਦੇਵ ਗੁਰੂ ਨੇ ਬੀੜ ਬਣਾਈ ਬਾਣੀ ਦੀ,
ਹਰਿਗੋਬਿੰਦ ਪਾਤਸ਼ਾਹ ਦੁਸ਼ਟਾਂ ਦਮਨ ਕਰਾਇਆ।

ਸ਼ਾਹੀਆਂ, ਫੂਲਕੀਆਂ ਨੂੰ ਦਿੱਤੀਆਂ ਗੁਰ ਹਰਿਰਾਇ ਨੇ,
ਸ੍ਰੀ ਹਰਿਕ੍ਰਿਸ਼ਨ ਗੁੰਗੇ ਤੋਂ ਗੀਤਾ ਪਾਠ ਪੜ੍ਹਾਇਆ।

ਦਿੱਤਾ ਬਲੀਦਾਨ ਜਾ ਦੇਹਲੀ ਤੇਗ ਬਹਾਦਰ ਨੇ,
ਗੁਰ ਗੋਬਿੰਦ ਸਿੰਘ ਜੀ ਖਾਲਸਾ ਪੰਥ ਸਜਾਇਆ।

ਮਾਤਾ, ਪਿਤਾ, ਦੁਲਾਰੇ ਵਾਰੇ ਦੁੱਖ ਸਿਰ ਸਹਿ ਕੇ ਤੇ,
ਡੁਬਦਾ ਭਾਰਤ ਰਖ ਲਿਆ ਸਭ ਸਰਬੰਸ ਲੁਟਾਇਆ।

ਗੁਰੂ ਗ੍ਰੰਥ ਸਾਹਿਬ ਜੀ ਜੋਤ ਦਸਾਂ ਹੀ ਗੁਰੂਆਂ ਦੀ,
ਪੜ੍ਹਿਆ ਸੁਣਿਆ ਜਿਸ ਨੇ ਆਵਣ ਜਾਣ ਮੁਕਾਇਆ।

ਧਰਮੀ ਪੰਥ ਖਾਲਸਾ ਪਾਲਕ ਦੀਨਾਂ ਦੁਖੀਆਂ ਦਾ,
ਸੰਤ-ਸਿਪਾਹੀ ਸਤਿਗੁਰ ਰਾਜਾ-ਰਿਸ਼ੀ ਬਣਾਇਆ।

ਸਿੱਖੀ ਮਾਰਗ ਸਿੱਧਾ ਸਾਂਝਾ ਸਾਰੀ ਦੁਨੀਆਂ ਦਾ,
ਸਭ ਮਖਲੂਕ ਵਾਸਤੇ ਗੁਰੂਆਂ ਨੇ ਦਰਸਾਇਆ।

ਦਾਤਾ! ਕਰਮ ਕਰੋ ਗੁਰ ਸਿੱਖੀ ਬਖਸ਼ੋ 'ਨਰਗਿਸ' ਨੂੰ,
ਸੇਵਾ ਸਿਮਰਨ ਕਰਕੇ ਚਾਹੁੰਦਾ ਜਨਮ ਬਿਤਾਇਆ।

ਪ੍ਰਸੰਗ ਦਲੇਰ ਦੀਪ ਕੌਰ

ਜ਼ਿਲ੍ਹਾ ਅੰਮ੍ਰਿਤਸਰ ਵਿਚ ਤਰਨ ਤਾਰਨ ਤੋਂ ਸੱਤ ਕੁ ਮੀਲ ਤੇ ਪ੍ਰਸਿੱਧ ਇਤਿਹਾਸਕ ਨਗਰ ਝਬਾਲ ਹੈ। ਇਸ ਦੀ ਪ੍ਰਸਿੱਧੀ ਇਸ ਕਰਕੇ ਵੀ ਹੈ, ਇਥੇ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਸਪੁੱਤ੍ਰੀ ਬੀਬੀ ਵੀਰੋ ਦਾ ਵਿਆਹ ਕੀਤਾ ਸੀ। ਇਸ ਪਿੰਡ ਵਿਚ ਭਾਈ ਤਾਰੂ ਜ਼ਿਮੀਂਦਾਰ ਕ੍ਰਿਸਾਨ ਸਹਿਤ-ਪਰਿਵਾਰ ਰਹਿੰਦਾ ਸੀ। ਇਸ ਦੀ ਪਤਨੀ ਦਾਨੀ, ਲੜਕੀ ਦੀਪੋ ਤੇਰਾਂ ਸਾਲਾਂ ਦੀ ਤੇ ਇਸ ਤੋਂ ਛੋਟਾ ਦਿਆਲਾ ਗਿਆਰਾਂ ਕੁ ਸਾਲਾਂ ਦਾ ਸੀ।

ਸੰਮਤ ਸਤਾਰਾਂ ਸੌ ਤ੍ਰਿਵੰਜਾ ਦਾ ਵਾਕਿਆ ਹੈ। ਇਥੋਂ ਦੇ ਕੁਝ ਉਦਮੀ ਗੁਰਸਿੱਖਾਂ ਦੇ ਉਪਰਾਲੇ ਨਾਲ ਅਨੰਦਪੁਰ ਵਿਸਾਖੀ ਦਾ ਮੇਲਾ ਦੇਖਣ ਲਈ ਸੰਗਤ ਤਿਆਰ ਹੋਈ ਸਿਆਣੇ-ਸਰੀਰਾਂ ਅਤੇ ਛੋਟੇ ਬੱਚਿਆਂ ਵਾਸਤੇ ਗੱਡਿਆਂ ਦਾ ਇੰਤਜ਼ਾਮ ਕਰ ਲਿਆ। ਕੁਝ ਸਨੱਧਬੱਧ ਜੁਆਨਾਂ ਆਪਣੇ ਘੋੜੇ ਸ਼ਿੰਗਾਰ ਲਏ, ਬਾਕੀ ਸੰਗਤਾਂ ਪੈਦਲ ਜਾਣ ਲਈ ਹੀ ਤਿਆਰ ਹੋ ਪਈਆਂ। ਸਾਰੀਆਂ ਸੰਗਤਾਂ ਢਾਈ ਕੁ ਸੌ ਦੇ ਕਰੀਬ ਸਨ। ਤਾਰੂ ਤੇ ਦਾਨੀ ਵੀ ਆਪਣੇ ਦੋਹਾਂ ਬੱਚਿਆਂ (ਦੀਪੋ ਤੇ ਦਿਆਲਾ) ਨੂੰ ਨਾਲ ਲੈ ਕੇ ਜਾ ਰਹੇ ਸਨ। ਇਨ੍ਹਾਂ ਲੋੜੀਂਦਾ ਸਮਾਨ ਬਸਤ੍ਰ ਬਿਸਤਰੇ ਆਦਿ ਆਪਣੀ ਘੋੜੀ ਤੇ ਲੱਦ ਲਏ।

ਸਤਿਗੁਰੂ ਦੇ ਦਰਸ਼ਨਾਂ ਦੀਆਂ ਅਭਿਲਾਖੀ ਸੰਗਤਾਂ ਨੇ ਖੁਸ਼ੀ ਖੁਸ਼ੀ ਚਾਲੇ ਪਾ ਦਿੱਤੇ। ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਜਾ ਰਹੀਆਂ ਸਨ। ਕੋਈ ਜਥਾ ਛੈਣੇ ਢੋਲਕੀ ਨਾਲ ਧਾਰਨਾ ਗੌਂਦਾ ਜਾਂਦਾ ਹੈ। ਕਈ ਹੱਲੇ ਦੇ ਸ਼ਬਦ ਪੜ੍ਹਨ ਲੱਗਦੇ ਹਨ। ਗੁਰੂ ਚਰਨਾਂ ਦੇ ਭੌਰੇ ਦਰਸ਼ਨਾਂ ਦੇ ਦੀਵਾਨੇ, ਪਿਆਰ ਵਿਚ ਮਸਤਾਨੇ ਹੋਏ ਸ੍ਰੀ ਅਨੰਦਪੁਰ ਵੱਲ ਇਉਂ ਜਾ ਰਹੇ ਸਨ :

(ਦੁਤਾਰਾ)

ਮਿਲ ਨਗਰ ਝਬਾਲ ਦੀਆਂ, ਸਭ ਸਿੱਖ ਸੰਗਤਾਂ ਕਰੀ ਤਿਆਰੀ।
ਹੈ ਨ੍ਹਾਉਣ ਵੈਸਾਖੀ ਦਾ, ਤੱਕੀ ਮੇਲਾ ਭਰਨਾ ਭਾਰੀ।
ਗੁਰਧਾਮ ਅਨੰਦਪੁਰ ਦੀ ਪਾਵਨ ਧੂੜ ਮੱਥੇ ਤੇ ਲਾਈਏ।
ਲੱਗ ਚਰਨੀਂ ਸਤਿਗੁਰ ਦੇ ਸਜਣੋਂ ਸਫਲੇ ਜਨਮ ਬਣਾਈਏ।

ਸੁਣ ਕੇ ਪ੍ਰਸੰਨ ਹੋ ਗਏ, ਸ਼ਰਧਾਵਾਨ ਗੁਰੂ ਦੇ ਪਿਆਰੇ।
ਲੈ ਭੇਟਾ ਪ੍ਰੇਮ ਦੀਆਂ, ਸਿਦਕੀ ਸਾਦਕ ਕਰਨ ਤਿਆਰੇ।
ਹਰ ਇਕ ਦਿਲ ਚਾਹੁੰਦਾ ਸੀ, ਅਸੀਂ ਵੀ ਦਾਤੇ ਦੇ ਦਰ ਜਾਈਏ।
ਲੱਗ ਚਰਨੀਂ ਸਤਿਗੁਰ ਦੇ, ਸੱਜਣੋਂ ਸਫਲੇ ਜਨਮ ਬਣਾਈਏ।

ਸਿੱਖ ਘੋੜ ਸਵਾਰਾਂ ਨੇ, ਸ਼ਸਤ੍ਰ ਪਹਿਨ ਸਜਾ ਲਏ ਬਾਣੇ।
ਕੁਝ ਗੱਡਿਆਂ ਬਹਿਲਾਂ ਤੇ, ਬਹਿ ਗਏ ਮਾਈਆਂ ਬਿਰਧ ਨਿਆਣੇ।
ਗੱਭਰੂ ਮੁਟਿਆਰਾਂ ਸੀ, ਕਹਿ ਰਹੇ ਪੈਦਲ ਚੱਲਕੇ ਨ੍ਹਾਈਏ।
ਲੱਗ ਚਰਨੀਂ ਸਤਿਗੁਰ ਦੇ, ਸੱਜਣੋਂ ਸਫਲੇ ਜਨਮ ਬਣਾਈਏ।

ਤਾਰੂ ਤੇ ਦਾਨੀ ਨੇ, ਲੈ ਲਏ ਨਾਲ ਦੀਪ ਤੇ ਦਿਆਲਾ।
ਕੁਝ ਭੇਟਾ ਗੁਰਾਂ ਲਈ, ਸੰਗਤਾਂ ਨਾਲ ਤੁਰੇ ਪਾ ਚਾਲਾ।
ਅਰਮਾਨ ਮਾਪਿਆਂ ਦੇ, ਬਾਲਕਾਂ ਗੁਰ-ਦਰਸ਼ਨ ਕਰਵਾਈਏ।
ਲੱਗ ਚਰਨੀਂ ਸਤਿਗੁਰ ਦੇ, ਸੱਜਣੋਂ ਸਫਲੇ ਜਨਮ ਬਣਾਈਏ।

ਮਸਤੀ ਵਿਚ ਜਾਣ ਤੁਰੇ ਧਾਰਨਾ ਗੁਰਬਾਣੀ ਦੀਆਂ ਗਾਉਂਦੇ।
ਭੁੱਖ ਪਿਆਸ ਥਕੇਵੇਂ ਵੀ, ਜਿਵੇਂ ਅੱਜ ਨੇੜ ਨਹੀਂ ਸਨ ਆਉਂਦੇ।
ਇਹ ਦਿਲੀ ਹਸਰਤਾਂ ਸੀ, ਗੁਰਾਂ ਦੇ ਜਲਦੀ ਦਰਸ਼ਨ ਪਾਈਏ।
ਲੱਗ ਚਰਨੀਂ ਸਤਿਗੁਰ ਦੇ, ਸੱਜਣੋਂ ਸਫਲੇ ਜਨਮ ਬਣਾਈਏ।

ਸਤਿਗੁਰ ਦੀ ਨਗਰੀ ਦੇ, ਦਰਸ਼ਕਾਂ ਦੂਰੋਂ ਦਿਸੇ ਨਜ਼ਾਰੇ।
ਬਡ ਝੂਲ ਨਿਸ਼ਾਨ ਰਹੇ, ਪੈਂਦੇ ਖੰਡਿਆਂ ਦੇ ਲਿਸ਼ਕਾਰੇ।
ਸਿੱਖ 'ਨਰਗਿਸ' ਪਹੁੰਚ ਗਏ, ਕਰਕੇ ਤੁਰੇ ਦੂਰ ਦੇ ਦਾਈਏ।
ਲੱਗ ਚਰਨੀਂ ਸਤਿਗੁਰ ਦੇ, ਸੱਜਣੋਂ ਸਫਲੇ ਜਨਮ ਬਣਾਈਏ।

ਡੇਢ ਕੁ ਸੌ ਮੀਲ ਸਫਰ ਕਰਕੇ ਸੰਗਤਾਂ ਅਨੰਦਪੁਰ ਸਾਹਿਬ ਪਹੁੰਚ ਗਈਆਂ। ਹਰੇ ਭਰੇ ਖੁਲ੍ਹੇ ਮੈਦਾਨ ਵਿਚ ਘਾਹ ਤੇ ਆਸਣ ਲਾ ਲਏ। ਪਹਿਲਾਂ ਸਤਲੁਜ ਵਿਚ ਇਸ਼ਨਾਨ ਕੀਤਾ, ਲੰਗਰ ਵਿਚੋਂ ਭੋਜਨ ਛੱਕ ਕੇ ਤ੍ਰਿਪਤ ਹੋ ਕੇ ਰਾਤ ਨੂੰ ਆਰਾਮ ਕੀਤਾ। ਬਹੁਤ ਸੁਖ ਦੀ ਨੀਂਦ ਆਈ ਸਫਰ ਦੇ ਥਕੇਵੇਂ ਦੂਰ ਹੋ ਗਏ। ਓਦੋਂ ਜਾਗ ਖੁਲ੍ਹੀ ਜਦੋਂ ਅੰਮ੍ਰਿਤ ਵੇਲੇ ਰਣਜੀਤ ਨਗਾਰਾ ਵੱਜਿਆ। ਸਭ ਸੰਗਤ ਨੇ ਉਠ ਕੇ ਇਸ਼ਨਾਨ ਪਾਨ ਕੀਤੇ ਵਾਹਿਗੁਰੂ ਦਾ ਸਿਮਰਨ ਕੀਤਾ। ਦਿਨ ਚੜ੍ਹੇ ਉਮਾਹ ਭਰੇ ਹਿਰਦੇ ਲੈ ਕੇ ਗੁਰੂ ਕਲਗੀਧਰ ਦੇ ਦਰਬਾਰ ਵਿਚ ਹਾਜ਼ਰ ਹੋਏ, ਦਰਸ਼ਨ ਕਰਕੇ ਅਪਣੇ ਨੈਣ ਤ੍ਰਿਪਤ ਕੀਤੇ, ਨਮਸਕਾਰ ਕਰਕੇ ਤਨ ਮਨ ਸਰਸ਼ਾਰ ਹੋ

ਗਏ। ਗੁਰੂ ਜੀ ਨਮਿਤ ਲਿਆਂਦੀਆਂ ਭੇਟਾਵਾਂ ਅਰਪਣ ਕੀਤੀਆਂ ਦਰ ਪ੍ਰਵਾਨ ਹੋਈਆਂ, ਸਭ ਨੂੰ ਨਾਮ-ਦਾਨ ਦੀਆਂ ਬਖਸ਼ਿਸ਼ਾਂ ਪ੍ਰਾਪਤ ਹੋਈਆਂ, ਰੱਜ-ਰੱਜ ਕੇ ਦਸਮੇਸ਼ ਪਿਤਾ ਦੇ ਦਰਸ਼ਨ ਕੀਤੇ ਪਾਵਨ ਬਚਨ ਸੁਣੇ ਦਿਲ ਦੀਆਂ ਖੁਸ਼ੀਆਂ ਦਾ ਕੋਈ ਪਾਰਾਵਾਰ ਨਾ ਰਿਹਾ।

ਦੀਵਾਨ ਦੀ ਸਮਾਪਤੀ ਹੋਣ ਤੋਂ ਬਾਅਦ ਅਰਦਾਸ ਹੋਈ ਪ੍ਰਸ਼ਾਦ ਵੰਡਿਆ ਗਿਆ, ਸੰਗਤ ਗੁਰੂ ਕੇ ਲੰਗਰ ਨੂੰ ਚਲੀ ਗਈ, ਸਤਿਗੁਰੂ ਜੀ ਆਪਣੇ ਮਹਿਲਾਂ ਵੱਲ ਚਲੇ ਗਏ। ਕੁਝ ਸਮਾਂ ਆਰਾਮ ਕੀਤਾ, ਫਿਰ ਪਿਛਲੇ ਪਹਿਰ ਦੇ ਦੀਵਾਨ ਸੱਜ ਗਏ। ਸੰਗਤ ਪੰਡਾਲ ਵਿਚ ਹਾਜ਼ਰ ਹੋ ਗਈ, ਢਾਡੀ ਜੱਥਾ ਸਟੇਜ ਤੇ ਆਇਆ ਚੰਡੀ ਦੀ ਵਾਰ ਬੜੇ ਜੋਸ਼ ਵਿਚ ਗਾਉਣ ਲੱਗੇ :

ਦੁਹਾਂ ਕੰਧਾਰਾਂ ਮੁਹਿ ਜੁੜੇ ਢੋਲ ਸੰਖ ਨਗਾਰੇ ਬੱਜੇ।
ਰਾਕਿਸ਼ ਆਏ ਰੋਹਲੇ ਤਲਵਾਰੀਂ ਬਖਤਰ ਸੱਜੇ।
ਜੁੱਟੇ ਸਾਉਂਹੇਂ ਜੁੱਧ ਨੂੰ ਇਕ ਜਾਤ ਨ ਜਾਣਨ ਭੱਜੇ।
ਖੇਤ ਅੰਦਰ ਜੋਧੇ ਗੱਜੇ।

ਬੀਰ ਰਸੀ ਵਾਰ ਸੁਣ ਕੇ ਸਿੱਖਾਂ ਦੇ ਡੌਲੇ ਫਰਕਣ ਲੱਗ ਪਏ, ਇਸ ਤਰ੍ਹਾਂ ਢਾਡੀਆਂ ਨੇ ਸਾਰੀ ਵਾਰ ਗਾ ਦਿੱਤੀ। ਵਿਆਖਿਆ ਰਾਹੀਂ ਸਾਰਾ ਹਾਲ ਦੱਸਿਆ ਕਿ ਕਿਵੇਂ ਦੁਰਗਾ ਨੇ ਮਹਿਖਾਸੁਰ ਤੇ ਉਸ ਦੇ ਸਾਥੀ ਦੈਂਤਾਂ (ਸੁੰਭ ਤੇ ਨਿਸੁੰਭ) ਨੂੰ ਮਾਰਿਆ। ਉਹਨਾਂ ਦੀ ਸਾਰੀ ਸੈਨਾ ਨੂੰ ਮਾਰ ਕੇ ਮੁੜ ਇੰਦਰ ਦੇਵਤਾ ਨੂੰ ਸੁਰਗ ਦਾ ਰਾਜ ਦਿੱਤਾ। ਫਿਰ ਢਾਡੀਆਂ ਨੇ ਆਖਰੀ ਪਉੜੀ ਗਾਈ :

ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ।
ਇੰਦਰ ਸੱਦ ਬੁਲਾਇਆ ਰਾਜ ਅਭਖੇਖ ਨੋ।
ਸਿਰ ਪਰ ਛਤਰ ਫਿਰਾਇਆ ਰਾਜੇ ਇੰਦਰ ਦੇ।
ਚਉਦਹ ਲੋਕਾਂ ਛਾਇਆ ਜਸ ਜਗਮਾਤ ਦਾ।
ਦੁਰਗਾ ਪਾਠ ਬਣਾਇਆ ਸਭੇ ਪਉੜੀਆਂ।
ਫੇਰ ਨ ਜੂਨੀ ਆਇਆ ਜਿਨ ਏਹ ਗਾਇਆ।

ਮੁਖੀ ਢਾਡੀ ਨੇ ਬੀਬੀਆਂ ਨੂੰ ਸੰਬੋਧਨ ਕਰਕੇ ਆਖਿਆ, ਸਤਿਗੁਰੂ ਦਾ ਹੁਕਮ ਹੈ ਕਿ ਹਰ ਇਕ ਭੈਣ ਤੇ ਮਾਤਾ ਨੂੰ ਦੁਰਗਾ ਦੀ ਤਰ੍ਹਾਂ ਸ਼ਸਤ੍ਰਧਾਰੀ ਹੋਣਾ ਚਾਹੀਦਾ ਹੈ। ਤਲਵਾਰ ਤੀਰ-ਕਮਾਣ ਨੇਜਾ ਬਰਛੀ ਆਦਿ ਸ਼ਸਤ੍ਰ ਹੱਥ ਵਿਚ ਰੱਖਣੇ ਚਾਹੀਦੇ ਹਨ। ਜੇ ਕੋਈ ਦੁਸ਼ਟ ਧਰਮ ਦੀ ਹਾਨੀ ਕਰੇ ਤਾਂ ਉਸਦਾ ਮੁਕਾਬਲਾ ਕਰਕੇ ਆਪਣੇ ਧਰਮ ਦੀ ਰੱਖਿਆ ਆਪ ਕਰਨੀ ਚਾਹੀਦੀ ਹੈ।

ਮਾਸੂਮ ਦੀਪੋ ਦੇ ਮਨ ਨੂੰ ਇਹ ਗੱਲਾਂ ਬਹੁਤ ਚੰਗੀਆਂ ਲੱਗੀਆਂ। ਚੰਡੀ ਦੀ ਵਾਰ ਸੁਣ

ਕੇ ਜਦੋਂ ਬਾਹਰ ਆਏ ਤਾਂ ਦੇਖਦੇ ਹਨ, ਇਕ ਪਾਸੇ ਖੁਲ੍ਹੇ ਮੈਦਾਨ ਵਿਚ ਨਾਰੀਆਂ ਤੇ ਪੁਰਸ਼ ਜੁੱਧ ਵਿਦਿਆ ਦਾ ਅਭਿਆਸ ਇਉਂ ਕਰ ਰਹੇ ਸਨ :

(ਸੱਸੀ)

ਸ਼ਸਤ੍ਰ ਬਸਤਰ ਪਹਿਨ ਕੇ, ਗੁਰ ਸਿੱਖ ਬੀਰ ਜੁਆਨ।
ਮਰਦ, ਮੁਟਿਆਰਾਂ ਗੱਭਰੂ, ਲੱਥੇ ਵਿਚ ਮੈਦਾਨ।
ਕਰਕੇ ਜੁੱਧ ਅਭਿਆਸ ਸੀ, ਯੁਵਾ ਚੁਸਤ ਬਲਵਾਨ।
ਕਰਤੱਬ ਕਰਨ ਕਮਾਲ ਦੇ, ਦਰਸ਼ਕ ਹੋਣ ਹੈਰਾਨ।
ਖੱਬੇ ਢਾਲਾਂ ਪਕੜ ਕੇ, ਸੱਜੇ ਹੱਥ ਕਿਰਪਾਨ।
ਕਰਦੇ ਵਾਰ ਵਿਸਾਹ ਕੇ ਫੁਰਤੀ ਨਾਲ ਬਚਾਣ।
ਜਿਨ੍ਹਾਂ ਸੰਜੋਆਂ ਪਹਿਨੀਆਂ, ਫੜ ਕੇ ਤੀਰ-ਕਮਾਨ।
ਸਾਧ ਸਰੀਰਾਂ ਸਿੰਨ੍ਹ ਕੇ, ਠੀਕ ਨਿਸ਼ਾਨੇ ਲਾਣ।
ਕਈ ਘੋੜੇ ਅਸਵਾਰ ਹੋ, ਸਰਪਟ ਤੇਜ ਦੁੜਾਣ।
ਧਰਤੀ ਉਤੋਂ ਵਸਤੂਆਂ ਨੇਜ਼ੀਂ ਫੁੰਡ ਲਿਜਾਣ।
ਦੀਪੋ, ਦਿਆਲਾ, ਦੇਖ ਕੇ ਖੁਸ਼ੀਆਂ ਵਿਚ ਮਚਲਾਣ।
ਨਰਗਿਸ, ਜਜ਼ਬੇ ਜਾਗ ਪਏ, ਵਧਿਆ ਸ੍ਵੈ ਅਭਿਮਾਨ।

ਸਿੱਖ ਬੀਬੀਆਂ ਦੇ ਕਰਤੱਬ ਦੇਖ ਕੇ ਦੀਪੋ ਨੇ ਆਖਿਆ, ਮਾਂ! ਮੈਂ ਵੀ ਆਪਣੀ ਘੋੜੀ ਇਸ ਤਰ੍ਹਾਂ ਨਠਾਇਆ ਕਰਾਂਗੀ। ਮੈਨੂੰ ਇਕ ਤਲਵਾਰ ਤੇ ਤੀਰ-ਕਮਾਨ ਵੀ ਲੈ ਦੇਣਾ। ਹੋਣਹਾਰ ਬੱਚੀ ਦੀਆਂ ਇਹ ਗੱਲਾਂ ਸੁਣ ਕੇ ਦਾਨੀ ਬੜੀ ਖੁਸ਼ ਹੋ ਰਹੀ ਸੀ। ਦਾਨੀ ਦੇ ਛੋਟੇ ਜਿਹੇ ਪ੍ਰਵਾਰ ਨੇ ਸਿੱਖੀ ਮੰਡਲ ਵਿਚ ਪ੍ਰਵੇਸ਼ ਕਰ ਲਿਆ, ਜੀਵਨ ਵਿਚ ਤਬਦੀਲੀ ਆ ਗਈ। ਸਾਰਾ ਸੰਸਾਰ ਚੰਗਾ ਚੰਗਾ ਲੱਗਣ ਲੱਗਾ।

ਕੁਝ ਸਮਾਂ ਅਨੰਦਪੁਰ ਗੁਰਚਰਨਾਂ ਵਿਚ ਰਹਿ ਕੇ, ਸਿੱਖ ਸੰਗਤਾਂ ਵਾਪਸ ਪਿੰਡਾਂ ਨੂੰ ਮੁੜੀਆਂ। ਘਰ ਆ ਕੇ ਕਿਤਨੇ ਦਿਨ ਅਨੰਦਪੁਰ ਦੇ ਨਜ਼ਾਰੇ ਯਾਦ ਕਰ ਕਰ ਗੱਲਾਂ ਕਰਦੇ ਰਹਿੰਦੇ ਸੀ। ਦੀਪੋ ਨੇ ਗੁਰਮੁੱਖੀ ਸਿੱਖਣੀ ਸ਼ੁਰੂ ਕਰ ਦਿੱਤੀ, ਬਹੁਤ ਹਿਤ ਨਾਲ ਪੜ੍ਹਦੀ, ਯਾਦਾਸ਼ਤ ਚੰਗੀ ਸੀ ਜਪੁਜੀ ਸਾਹਿਬ ਦਾ ਪਾਠ ਕਰਨਾ ਸਿੱਖ ਗਈ, ਚੰਡੀ ਦੀ ਵਾਰ ਜ਼ਬਾਨੀ ਯਾਦ ਕਰ ਲਈ। ਅੰਮ੍ਰਿਤ ਵੇਲੇ ਜਪੁਜੀ ਤੇ ਦੁਪਹਿਰੇ ਚੰਡੀ ਦਾ ਪਾਠ ਕਰਦੀ। ਸਿੱਖੀ ਦੀ ਰੰਗਣ ਨਾਲ ਦੀਪੋ ਦਾ ਰੂਪ ਵੀ ਨਿਖਰ ਆਇਆ। ਤੀਰ-ਕਮਾਨ ਤੇ ਤਲਵਾਰ ਦਾ ਅਭਿਆਸ ਕਰਦੀ ਪਿਤਾ ਨੇ ਇਕ ਫੌਲਾਦੀ ਤਲਵਾਰ ਉਚੇਚੀ ਬਣਵਾ ਕੇ ਦਿੱਤੀ। ਸੰਜੋਅ ਪਹਿਨ ਕੇ ਜਦੋਂ ਸ਼ਸਤ੍ਰ ਸਜਾ ਲੈਂਦੀ ਦੇਖਣ ਵਾਲੇ ਨੂੰ ਇੰਝ ਪ੍ਰਤੀਤ ਹੁੰਦਾ ਜਿਵੇਂ ਕਿ ਉਹ ਜੰਗ ਨੂੰ ਜਾ ਰਹੀ ਹੋਵੇ।

(ਕੋਰੜਾ ਛੰਦ)

ਦੀਪੋ ਦੀ ਉਮਰ ਹੋ ਗਈ ਸੋਲ੍ਹਾਂ ਸਾਲ ਦੀ।
ਸੋਹਣਾ ਕਦ ਰੂਪ ਪ੍ਰਤਿਭਾ ਕਮਾਲ ਦੀ।
ਪਿਤਾ ਦੀ ਲਾਡਲੀ ਲਾਡੋ ਮਾਤਾ ਦਾਨੀ ਦੀ।
ਦੀਪੋ ਜਾਪੇ ਸਾਂਵੀ ਸੂਰਤ ਭਵਾਨੀ ਦੀ।
ਕਰ ਇਸ਼ਨਾਨ ਉੱਠ ਵੱਡੇ ਤੜਕੇ।
ਜਪੁਜੀ ਤੇ ਚੰਡੀ ਜੀ ਦੀ ਵਾਰ ਪੜ੍ਹ ਕੇ।
ਦੈਵੀ ਜੋਤ ਜਗੀ ਜ਼ਿੰਦਗੀ ਰੂਹਾਨੀ ਦੀ।
ਦੀਪੋ ਜਾਪੇ ਸਾਂਵੀ ਸੂਰਤ ਭਵਾਨੀ ਦੀ।

ਚੁੱਕੀ ਤੇਗ ਢਾਲ ਪਹਿਣ ਬਾਣਾ ਬੀਰਾਂ ਦਾ।
ਮੋਢੇ ਤੇ ਕਮਾਣ ਕੰਡ ਭੱਥਾ ਤੀਰਾਂ ਦਾ।
ਕੀਤੀ ਅਸਵਾਰੀ ਘੋੜੀ ਉੱਡ ਜਾਣੀ ਦੀ।
ਦੀਪੋ ਜਾਪੇ ਸਾਂਵੀ ਸੂਰਤ ਭਵਾਨੀ ਦੀ।

ਨਿੱਡਰ ਦਲੇਰ ਸਿੱਖੀ ਦਾ ਸਰੂਰ ਹੈ।
ਬਾਜਾਂ ਵਾਲੇ ਪਿਤਾ ਗੁਰੂ ਦਾ ਗਰੂਰ ਹੈ।
ਭੋਰਾ ਪਰਵਾਹ ਨ ਰਿਪੂ ਰਾਜਧਾਨੀ ਦੀ।
ਦੀਪੋ ਜਾਪੇ ਸਾਂਵੀ ਸੂਰਤ ਭਵਾਨੀ ਦੀ।

ਚੱਲੀ ਬੇਲੇ ਵੱਲ ਖੇਡਣ ਸ਼ਿਕਾਰ ਨੂੰ।
ਜਾਂਦੀ ਲਹਿਰਾਂਦੀ ਨੰਗੀ ਤਲਵਾਰ ਨੂੰ।
ਆਤਮਾ ਅਡੋਲ ਨਾਮ ਦੀ ਦਿਵਾਨੀ ਦੀ।
ਦੀਪੋ ਜਾਪੇ ਸਾਂਵੀ ਸੂਰਤ ਭਵਾਨੀ ਦੀ।

ਵੱਖਰਾ ਅੰਦਾਜ਼ ਜ਼ਿੰਦਗੀ ਜੁਆਨ ਦਾ।
ਝੱਲਿਆ ਨ ਜਾਵੇ ਰੋਹਬ ਸਿੱਖੀ ਸ਼ਾਨ ਦਾ।
ਜਾਪੇ ਹੋਈ ਕਾਇਆ ਕਲਪ ਜ਼ਨਾਨੀ ਦੀ।
ਦੀਪੋ ਜਾਪੇ ਸਾਂਵੀ ਸੂਰਤ ਭਵਾਨੀ ਦੀ।

ਇਕ ਦਿਨ ਦੀਪੋ ਪੂਰੇ ਸ਼ਸਤ੍ਰ ਬਸਤ੍ਰ ਸਜਾ ਕੇ ਇਕ ਫੌਜੀ ਸੈਨਾਪਤੀ ਦੀ ਤਰ੍ਹਾਂ ਘਰੋਂ ਨਿਕਲੀ ਆਪਣੇ ਖੇਤਾਂ ਵੱਲ ਚਲੀ ਗਈ। ਇਥੇ ਖੁਲ੍ਹੀ ਚਾਰਗਾਹ ਵਿਚ ਹਿਰਨ ਤੇ ਸੂਰ ਵੀ ਸਨ ਸੈਂਕੜੇ ਘੁੰਮਾਂ ਵਿਚ ਜੂਹ ਸੀ, ਦੀਪੋ ਨੇ ਇਕ ਪੰਛੀ ਵੱਲ ਤੀਰ ਛੱਡਿਆ ਤੀਰ ਨਿਸ਼ਾਨੇ ਤੇ ਲੱਗਾ ਪੰਛੀ ਉਲਟ ਕੇ ਧਰਤੀ ਤੇ ਆ ਡਿੱਗਾ, ਉਸ ਨੂੰ ਦੂਸਰੇ ਤੀਰ ਦੀ ਨੋਕ ਨਾਲ ਉਪਰ ਚੁੱਕ ਕੇ ਘੋੜੀ ਦੀ ਕਾਠੀ ਨਾਲ ਲੱਗੀ ਖੁਰਜੀ ਵਿਚ ਸੁੱਟ ਲਿਆ, ਥੋੜ੍ਹੀ ਅੱਗੇ ਗਈ ਉਸ ਦੀ ਨਿਗ੍ਹਾ ਇਕ ਜੰਗਲੀ ਸੂਰ ਪਿਆ, ਮਾਰੂ ਸੂਰ ਨੇ ਵੀ ਦੀਪੋ ਨੂੰ ਦੇਖ ਲਿਆ ਉਹ ਇਸ ਵੱਲ ਨੂੰ ਹੀ ਵਧਿਆ, ਦੀਪੋ ਨੇ ਸਾਧ ਕੇ ਤੀਰ ਛੱਡਿਆ ਉਸਦੇ ਮੱਥੇ ਵਿਚ ਜਾ ਲੱਗਾ ਤਿੱਖਾ ਤੀਰ ਮੱਥੇ ਦੀ ਟਿਕੀ ਭੰਨ ਕੇ ਅੰਦਰ ਜਾ ਧਸਿਆ ਸੂਰ ਭੁਆਂਟਣੀ ਖਾ ਕੇ ਜਾ ਪਿਆ।

ਸੂਰ ਦਾ ਸ਼ਿਕਾਰ ਕਰਕੇ ਦੀਪੋ ਰੁਖ ਚੋਂ ਬਾਹਰ ਨਿਕਲੀ ਅਗੋਂ ਇਕ ਘੋੜ ਸਵਾਰ ਮੁਗਲ ਆਉਂਦਾ ਦਿਖਾਈ ਦਿੱਤਾ ਉਸ ਨੇ ਲੜਕੀ ਨੂੰ ਦੇਖਿਆ ਨੇੜੇ ਆ ਕੇ ਹੁਕਮਰਾਨੀ ਲਹਿਜੇ ਵਿਚ ਰੋਹਬ ਨਾਲ ਬੋਲਿਆ :

(ਕਬਿੱਤ)

ਰੱਖ ਚੋਂ ਬਾਹਰ ਆਈ ਦੇਖੇ ਦੀਪੋ ਨਿਗਾਹ ਮਾਰ,
ਡਿੱਠਾ ਆਉਂਦਾ ਘੋੜੇ ਚੜ੍ਹਿਆ ਹਾਕਮ ਹੰਕਾਰਿਆ।
'ਕੱਲੀ ਕੁੜੀ ਖੜ੍ਹੀ ਚੜ੍ਹੀ ਘੋੜੀ ਤੇ ਸਨੱਧਬੱਧ,
ਸਮਝ ਸ਼ਿਕਾਰ ਦੇਖ ਦੂਰੋਂ ਲਲਕਾਰਿਆ।
ਕੌਣ ਹੈਂ ਤੂੰ ਕਿਥੋਂ ਆਈ ਚਲੀ ਐਂ ਕਿਧਰ 'ਕੱਲੀ,
ਖਲੀ ਰਹੁ ਅਹਿੱਲ ਥਾਂਏਂ ਰੋਹਬ 'ਚ ਵੰਗਾਰਿਆ।
ਸੁੱਟ ਹਥਿਆਰ ਹੋ ਜਾ ਹਾਜ਼ਰ ਹਮਾਰੇ ਹੁਣ,
ਤੈਨੂੰ ਮੈਂ ਬਨਾਉਣਾ, ਮੇਰੇ ਮਹਿਲਾਂ ਦਾ ਸ਼ਿੰਗਾਰਿਆ।

ਮੁਗਲ ਦੀ ਵੰਗਾਰ ਸੁਣ ਕੇ ਬੀਬੀ ਦੀ ਸਿੱਖੀ ਅਣਖ ਨੇ ਜੋਸ਼ ਖਾਧਾ, ਤੀਰ ਧਨੁਸ਼ ਦੀ ਤੰਦੀ ਤੇ ਚਾੜ੍ਹਿਆ ਮੁਗਲ ਨੂੰ ਵੰਗਾਰਦਿਆਂ ਗਰਜੀ ਸੂਰ ਦਿਆਂ ਪੁੱਤਰਾ! ਜਾਨ ਤੇਰੀ ਆਪਣੀ ਹੈ ਤਾਂ ਰਸਤਾ ਪਕੜ ਨਹੀਂ ਤੇ ਤੇਰੀ ਖੈਰ ਨਹੀਂ।

(ਮਿਰਜ਼ਾ)

ਸੁਣ ਕੇ ਸਿੱਖ ਸਪੁੱਤਰੀ, ਗਈ ਖੁਣਸ ਦਿਲ ਖਾ।
ਕੰਬੀ ਰੋਹ ਵਿਚ ਆਣ ਕੇ, ਬੁੱਲ੍ਹੀਆਂ ਗਈ ਚਬਾ।

ਭੱਥਿਓਂ ਕੱਢ ਕਰੁੰਡੀਆ ਤੰਦੀ ਲਿਆ ਚੜ੍ਹਾ।
ਤੀਰ ਨਿਸ਼ਾਨੇ ਸਾਧਿਆ ਕੁੱਲੇ ਸ਼ਿਸਤ ਟਿਕਾ।
ਧਨੁੱਖ ਦੁਕੰਨੀਆਂ ਜੋੜ ਕੇ ਕੈਬਰ ਦਿੱਤਾ ਵਾਹ।
ਲੱਗਾ ਸਹੀ ਨਿਸ਼ਾਨ ਤੇ ਇੰਚ ਨ ਫਰਕ ਪਿਆ।
ਕੁੱਲਾ ਘੋੜ ਸਵਾਰ ਦਾ ਲੈ ਗਿਆ ਸਿਰੋਂ ਉਡਾ।
ਉੱਡ ਗਏ ਤੋਤੇ ਅਕਲ ਦੇ ਗਿਆ ਮੁਗਲ ਘਬਰਾ।
ਦੇਖ ਮੌਤ ਸਿਰ ਕੂਕਦੀ ਘੋੜਾ ਲਿਆ ਦੁੜਾ।
ਨਰਗਿਸ, ਕਾਇਰ ਮੈਦਾਨ 'ਚੋਂ ਨੱਠਾ ਦੁੰਮ ਦਬਾ।

ਇਹ ਇਲਾਕੇ ਦਾ ਹਾਕਮ ਰਹੀਮ ਅਲੀ ਦਾ ਪੁੱਤਰ ਰੁਸਤਮਖਾਨ ਸੀ, ਜੋ ਦੀਪੋ ਤੋਂ ਬਾਲ ਬਾਲ ਬਚਿਆ। ਉਸੇ ਦਿਨ ਤੋਂ ਉਹ ਇਸ ਬਹਾਦਰ ਸੁੰਦਰੀ ਬਾਰੇ ਸੋਚਦਾ ਰਹਿੰਦਾ ਸੀ।

ਇਕ ਦਿਨ ਝਬਾਲ ਪਿੰਡ ਦੇ ਚੌਧਰੀ ਕੋਲ ਗੱਲ ਛੇੜ ਬੈਠਾ, ਇਸ ਨੇਕ ਪੁਰਸ਼ ਨੇ ਹਾਕਮ ਦੀ ਬਦਨੀਤ ਤਾੜ ਕੇ ਤਾਰੂ ਨੂੰ ਮਿਲ ਕੇ ਦੀਪੋ ਦਾ ਛੇਤੀ ਵਿਆਹ ਕਰ ਦੇਣ ਦੀ ਸਲਾਹ ਦਿੱਤੀ। ਚੌਧਰੀ ਦੀ ਗੱਲ ਸੁਣ ਕੇ ਤਾਰੂ ਨੇ ਆਪਣੀ ਪਤਨੀ ਦਾਨੀ ਨੂੰ ਸਾਰੀ ਗੱਲ ਦੱਸੀ। ਦਾਨੀ ਪਹਿਲਾਂ ਹੀ ਦੀਪੋ ਦਾ ਵਿਆਹ ਕਰਨ ਦੇ ਹੱਕ ਵਿਚ ਸੀ। ਅਗਲੇ ਦਿਨ ਤੋਂ ਹੀ ਲਾਇਕ ਲੜਕੇ ਦੀ ਭਾਲ ਟੋਲ ਸ਼ੁਰੂ ਕਰ ਦਿੱਤੀ। ਤਲਬਣ ਪਿੰਡ ਦੇ ਇਕ ਵਾਹੀਕਾਰ ਘਰਾਣੇ ਦੀ ਦੱਸ ਪਈ, ਤਾਰੂ ਆਪਣੇ ਪਿੰਡ ਦੇ ਕੁਝ ਮੁਅਤਬਰ ਬੰਦੇ ਨਾਲ ਲੈ ਕੇ ਤਲਬਣ ਪੁਜਾ :

(ਪਉੜੀ)

ਤਲਬਣ ਦੇ ਪ੍ਰਵਾਰ ਦੀ ਸੁਣ ਸਿਫਤ ਜ਼ਬਾਨੀ।
ਭਲਾ ਘਰਾਣਾ, ਨਰਮ, ਨੇਕ ਕਰਦਾ ਕਿਰਸਾਨੀ।
ਭੋਇੰ ਭਾਂਡਾ ਬਹੁਤ ਸੀ ਚੰਗੀ ਖਾਨਦਾਨੀ।
ਰੱਜੇ ਪੁੱਜੇ ਜ਼ਿਮੀਦਾਰ ਸਰਦਾਰਾਂ ਸਾਨੀ।
ਇਕੋ ਘਰ ਵਿਚ ਪੁੱਤ ਸੀ ਸੂਰਤ ਲਾਸਾਨੀ।
ਸਰੂ ਸਰੀਖੇ ਕੱਦ ਕਾਠ ਤੇ ਅਹਿਲ ਜੁਆਨੀ।
ਆਇਆ ਬਹੁਤ ਪਸੰਦ ਸੀ ਤਾਰੂ ਤੇ ਦਾਨੀ।
ਨਰਗਿਸ, ਦੀਪੋ ਮੰਗਣੀ ਦੇ ਸ਼ਗਨ ਨਿਸ਼ਾਨੀ।

ਮੰਗਣੀ ਤੋਂ ਬਾਅਦ ਛੇਤੀ ਹੀ ਵਿਆਹ ਦਾ ਦਿਨ ਨੀਅਤ ਕਰਕੇ ਦੀਪੋ ਦਾ ਤੇਜਰਾਮ

ਨਾਲ ਵਿਆਹ ਕਰ ਦਿੱਤਾ। ਦੀਪੋ ਸਹੁਰੇ ਘਰ ਰਹਿਣ ਲੱਗੀ, ਇਸ ਗੁਰਸਿੱਖ ਲੜਕੀ ਨੂੰ ਕੁਝ ਦਿਨ ਬਾਅਦ ਪਤਾ ਲੱਗਾ ਕਿ ਉਸ ਦਾ ਸਹੁਰਾ ਤੇ ਸੱਸ ਸੁਲਤਾਨ ਦੇ ਸ਼ਰਧਾਲੂ ਹਨ। ਤਲਬਣ ਪਿੰਡ ਦੇ ਬਹੁਤੇ ਲੋਕ ਸੁਲਤਾਨਪੀਰ ਨੂੰ ਮੰਨਣ ਵਾਲੇ ਸਨ। ਸਾਰੇ ਪਿੰਡ ਵਿਚੋਂ ਬਹੁਤ ਘੱਟ ਹੀ ਬੰਦੇ ਸਨ ਜੋ ਗੁਰੂ ਘਰ ਨਾਲ ਜੁੜੇ ਹੋਏ ਸਨ। ਇਨ੍ਹਾਂ ਵਿਚੋਂ ਇਕ ਮਾਤਾ ਪ੍ਰੇਮੋ ਵੀ ਸੀ। ਦੀਪੋ ਤੇ ਪ੍ਰੇਮੋ ਕਦੇ ਕਦੇ ਇਕੱਠੀਆਂ ਬਹਿ ਕੇ ਗੁਰੂ ਘਰ ਦੀਆਂ ਗੱਲਾਂ ਕਰਕੇ ਮਨ ਦੀਆਂ ਖੁਸ਼ੀਆਂ ਕਰ ਲੈਂਦੀਆਂ ਸਨ।

ਦੀਪੋ ਦੀ ਸੱਸ ਉਸ ਦੀ ਬਾਣੀ ਪੜ੍ਹਨ ਤੇ ਖੁਸ਼ ਨਹੀਂ ਸੀ। ਜਦੋਂ ਉਹ ਪਾਠ ਕਰਦੀ ਉਸ ਨੂੰ ਕੋਈ ਨਾ ਕੋਈ ਕੰਮ ਦੱਸਿਆ ਜਾਂਦਾ ਜਾਂ ਉਚੀ ਬੋਲ ਕੇ ਹੋਰ ਗੱਲਾਂ ਕਰਨ ਲੱਗ ਜਾਂਦੀ। ਕਈ ਵਾਰ ਤਾਂ ਉਸ ਨੂੰ ਬੋਲ ਕੇ ਬਾਣੀ ਪੜ੍ਹਨ ਤੋਂ ਵਰਜਿਆ ਜਾਂਦਾ ਸੀ। ਸੱਸ ਨੇ ਸੁਲਤਾਨੀਏ ਪੀਰ ਦੇ ਚੇਲੇ ਨੂੰ ਘਰ ਬੁਲਾ ਕੇ ਕਲਮਾ ਪੜ੍ਹਾਇਆ, ਉਸ ਨੂੰ ਘਰੋਂ ਕੁਝ ਮਾਇਆ ਤੇ ਹੋਰ ਸਾਮਾਨ ਦੇ ਕੇ ਤੋਰਿਆ।

ਇਕ ਦਿਨ ਦੀਪੋ ਅੰਮ੍ਰਿਤ ਵੇਲੇ ਪਾਠ ਕਰਨ ਲੱਗੀ, ਸੱਸ ਗੁੱਸੇ ਨਾਲ ਬੋਲੀ : ਬੰਦ ਕਰ ਇਸ ਪਾਠ ਨੂੰ ਅੱਜ ਤੋਂ ਮੇਰੇ ਸਾਹਮਣੇ ਗੁਰੂ ਦਾ ਤੇ ਬਾਣੀ ਪੜ੍ਹਨ ਦਾ ਨਾਮ ਨਾ ਲਈਂ ਅਸੀਂ ਸੁਲਤਾਨੀਏ ਹਾਂ, ਵੀਰਵਾਰ ਨੂੰ ਪੀਰ ਦਾ ਦੀਵਾ ਜਗਾਇਆ ਕਰ ਨਹੀਂ ਤਾਂ ਪੀਰ ਜੇ ਗੁੱਸੇ ਹੋ ਗਿਆ ਕੋਈ ਟਿਕਾਣਾ ਨਹੀਂ ਰਹਿਣਾ।

ਇਹ ਸੁਣ ਕੇ ਦੀਪੋ ਨੇ ਮਨ ਵਿਚ ਸੋਚਿਆ ਕਿ ਚੰਗੀਆਂ ਗੱਲਾਂ ਚੰਗਿਆਂ ਨੂੰ ਹੀ ਚੰਗੀਆਂ ਲੱਗਦੀਆਂ ਹਨ।

(ਕੋਰੜਾ ਛੰਦ)

ਬਾਂਦਰਾਂ ਬਨਾਤ, ਕਾਗਾਂ ਨੂੰ ਕਪੂਰ ਕੀ?
ਬਗਲਿਆਂ ਨੂੰ ਮੋਤੀ, ਇਲਾਂ ਨੂੰ ਅੰਗੂਰ ਕੀ?
ਹੀਰੇ ਖਾ ਕੇ ਹੁੰਦੇ ਘੋਗੜ ਅਨੰਦ ਨਾ।
ਚੰਗਾਪਣ ਮੰਦੇ ਮਨਾਂ ਨੂੰ ਪਸੰਦ ਨਾ।

ਇਤਰ ਉਦਾਲੇ ਮੱਖੀਆਂ ਨਾ ਬਹਿੰਦੀਆਂ।
ਗਿਰਝਾਂ ਨਾ ਫੁੱਲਾਂ ਦੀ ਮਹਿਕ ਲੈਂਦੀਆਂ।
ਗੰਦਗੀ ਦੇ ਭੂੰਡ ਮਾਣਦੇ ਸੁਗੰਧ ਨਾ।
ਚੰਗਾਪਣ ਮੰਦੇ ਮਨਾਂ ਨੂੰ ਪਸੰਦ ਨਾ।

ਹਾਥੀ ਨੂੰ ਨਾ ਕੋਈ ਕਦਰ ਨੁਹਾਏ ਦੀ।
ਮੱਝ ਨੂੰ ਕੀ ਕਦਰ? ਮਲ੍ਹਾਰ ਗਾਏ ਦੀ।

ਖੋਤਾਂ ਨਾ ਮਹਿਕ ਮਾਣੇ ਲੱਦੇ ਚੰਦਨਾਂ।
ਚੰਗਾਪਣ ਮੰਦੇ ਮਨਾਂ ਨੂੰ ਪਸੰਦ ਨਾ।
ਕਰਦੇ ਪਸੰਦ ਕਦੇ ਉਲੂ ਭੋਰ ਨਾ।
ਅੱਗ ਖਾਂਦੇ, ਮੋਤੀ ਚੁਗਦੇ ਚਕੋਰ ਨਾ।
ਚੋਰਾਂ ਚੰਗਾ ਲੱਗੇ ਚਾਂਦਨੀ ਤੇ ਚੰਦ ਨਾ।
ਚੰਗਾਪਣ ਮੰਦੇ ਮਨਾਂ ਨੂੰ ਪਸੰਦ ਨਾ।

ਖੂਨਖਾਰ ਚਾਹੁੰਦੇ ਅਮਨ ਆਰਾਮ ਨਾ।
ਨਿੰਦਕਾਂ ਨੂੰ ਚੰਗਾ ਲੱਗੇ ਰਾਮ ਨਾਮ ਨਾ।
ਲੋਭੀ ਲੋਕ ਪੈਂਦੇ ਭਗਤੀ ਦੇ ਪੰਧ ਨਾ।
ਚੰਗਾਪਣ ਮੰਦੇ ਮਨਾਂ ਨੂੰ ਪਸੰਦ ਨਾ।

ਮੁਖ ਨਾ ਦਿਖਾਵੀ ਦਾਤਾ ਮਨਮੁਖਾਂ ਦਾ।
ਮੇਲ ਹੋਵੇ ਸਦਾ ਭਲਿਆਂ ਮਨੁੱਖਾਂ ਦਾ।
ਨਰਗਿਸ, ਗੁਰਾਂ ਨੂੰ ਵਾਰ ਵਾਰ ਬੰਦਨਾ।
ਚੰਗਾਪਣ ਮੰਦੇ ਮਨਾਂ ਨੂੰ ਪਸੰਦ ਨਾ।

ਇਕ ਦਿਨ ਕਿਸੇ ਗੁਰਸਿਖ ਤੋਂ ਸੁਣ ਕੇ ਮਾਈ ਪ੍ਰੇਮੋ ਨੇ ਦੀਪੋ ਨੂੰ ਦੱਸਿਆ ਕਿ ਮਾਝੇ ਦੀਆਂ ਸਿੱਖ ਸੰਗਤਾਂ ਅਨੰਦਪੁਰ ਸਾਹਿਬ ਦੇ ਦਰਸ਼ਨਾਂ ਨੂੰ ਜਾ ਰਹੀਆਂ ਹਨ, ਇਕ ਵੱਡਾ ਜਥਾ ਕੱਲ੍ਹ ਦੁਪਹਿਰ ਨੂੰ ਤਾਰਾਗੜ੍ਹ ਵਾਲੇ ਪਹੇ ਤਲਬਣ ਦੀ ਜੂਹ ਵਿਚ ਦੀ ਲੰਘੇਗਾ, ਅੱਜ ਰਾਤ ਆ ਕੇ ਉਨ੍ਹਾਂ ਨੇ ਰਹੀਮਪੁਰ ਦੀ ਸਰਾਂ ਵਿਚ ਠਹਿਰਨਾ ਹੈ। ਜੇ ਦੇਖਣ ਚੱਲਣਾ ਹੈ ਤਾਂ ਆਪਾਂ ਤਾਰਾਗੜ੍ਹ ਦੇ ਪਹੇ ਤੇ ਜਾ ਕੇ ਖਲੋ ਜਾਈਏ।

ਦੀਪੋ ਇਹ ਸੁਣ ਕੇ ਬਹੁਤ ਖੁਸ਼ ਹੋਈ, ਸੋਚਿਆ ਸ਼ਾਇਦ ਮੇਰੇ ਮਾਤਾ ਪਿਤਾ ਵੀ ਇਸ ਜਥੇ ਵਿਚ ਆ ਰਹੇ ਹੋਣ, ਉਹ ਚਲਣ ਲਈ ਤਿਆਰ ਹੋ ਗਈ। ਮਾਤਾ ਪ੍ਰੇਮੋ ਨੇ ਸਲਾਹ ਦਿੱਤੀ ਕਿ ਆਪਾਂ ਸਮੇਂ ਸਿਰ ਪਹੇ ਤੇ ਪਹੁੰਚ ਜਾਈਏ, ਪਰ ਪਿੰਡੋਂ ਆਪਾਂ ਇਕੱਠੀਆਂ ਨਹੀਂ ਤੁਰਨਾ ਤਾਂ ਕਿ ਨਿੰਦਕਾਂ ਨੂੰ ਗੱਲਾਂ ਕਰਨ ਦਾ ਮੌਕਾ ਨਾ ਮਿਲੇ।

ਦੀਪੋ ਘਰ ਆਈ ਰਾਤੀਂ ਜਦੋਂ ਖਾ ਪੀ ਕੇ ਟੱਬਰ ਦੇ ਜੀਅ ਸੌਂ ਗਏ, ਪਰ ਦੀਪੋ ਨੂੰ ਖੁਸ਼ੀ ਵਿਚ ਨੀਂਦ ਨਾ ਆਈ। ਉਸ ਉੱਠਕੇ ਆਪਣੇ ਜੋੜੇ ਹੋਏ ਪੈਸੇ ਗਿਣੇ ਜੋ ਗਿਆਰਾਂ ਰੁਪਏ (ਚਾਂਦੀ ਦੇ ਸਿੱਕੇ) ਸਨ, ਇਕ ਟਾਕੀ ਵਿਚ ਬੰਨ੍ਹ ਕੇ ਰੱਖ ਲਏ, ਕਿਰਪਾਨ ਤੇ ਛੋਟੀ ਖੰਜਰ ਉਸ ਨੇ ਕਬਜ਼ੇ ਕਰ ਲਈਆਂ।

ਅਗਲੇ ਦਿਨ ਗੁਰੂ ਨੇ ਢੋਅ ਬਣਾ ਦਿੱਤਾ ਸਾਰਾ ਟੱਬਰ ਸੁਭਾ ਹੀ ਖੇਤਾਂ ਨੂੰ ਚਲਾ ਗਿਆ।

ਦੀਪੋ ਦੀ ਸੱਸ ਇਹ ਵਿਚਾਰ ਕੇ ਚਲੀ ਗਈ ਕਿ ਉਹ ਸਾਗ ਤੋੜ ਕੇ ਲਿਆਵੇਗੀ। ਬੀਬੀ ਨੇ ਗੁਰੂ ਦੇ ਚਰਨਾਂ ਦਾ ਧਿਆਨ ਧਰਕੇ ਅਰਦਾਸ ਕੀਤੀ। ਰੁਪਏ ਆਪਣੇ ਲੱਕ ਨਾਲ ਬੰਨ੍ਹ ਲਏ ਤੇ ਸ਼ਸਤ੍ਰ ਸਜਾ ਲਏ ਘਰ ਦਾ ਬੂਹਾ ਬੰਦ ਕਰਕੇ ਕੁੰਜੀ ਗੁਆਂਢਣ ਨੂੰ ਫੜਾ ਦਿੱਤੀ ਉਸ ਨੂੰ ਕਿਹਾ : ਮੇਰੀ ਸੱਸ ਨੂੰ ਦੱਸ ਦੇਵੀਂ, ਦੀਪੋ ਸੰਗ ਨਾਲ ਅਨੰਦਪੁਰ ਗਈ ਹੈ, ਵਿਸਾਖੀ ਤੋਂ ਬਾਅਦ ਮੁੜੇਗੀ। ਉਹ ਇਕੱਲੀ ਤੁਰ ਪਈ ਚਲਦੀ ਚਲਦੀ ਤਾਰਾਗੜ੍ਹ ਦੇ ਪਹੇ ਤੇ ਪੁੱਜ ਗਈ, ਉਚੀ ਜਗ੍ਹਾ ਤੇ ਖਲੋ ਕੇ ਜਥੇ ਦੀ ਉਡੀਕ ਕਰਨ ਲੱਗ ਪਈ।

(ਸਾਕਾ)

ਮਾਝੇ ਦੇ ਸਿੱਖ ਗੁਰਾਂ ਦਾ ਸੰਦੇਸ਼ਾ ਪਾ ਕੇ।
ਪੁਰਬ ਮਨਾਉਣਾ ਚਾਹਵੰਦੇ ਵੈਸਾਖੀ ਨ੍ਹਾਕੇ।
ਪਿੰਡਾਂ ਚੋਂ ਸਿੱਖ ਸੰਗਤਾਂ ਨੂੰ ਨਾਲ ਮਿਲਾ ਕੇ।
ਤੁਰੇ ਅਨੰਦਪੁਰ ਸਾਹਿਬ ਨੂੰ ਬਡ ਜਥਾ ਬਣਾ ਕੇ।
ਓਧਰ ਬੀਬੀ ਦੀਪ ਕੌਰ ਮਨ ਅਧਿਕ ਉਮਾਹ ਕੇ।
ਹੋਈ ਖੂਬ ਸਨੱਧਬੱਧ ਹਥਿਆਰ ਸਜਾ ਕੇ।
ਤੁਰੀ ਸੁਵੇਲੇ ਨਿੰਦਕਾਂ ਦੀ ਨਜ਼ਰ ਬਚਾ ਕੇ।
ਨਰਗਿਸ ਖੜ੍ਹੀ ਬੀਰੰਗਣਾ ਰਸਤੇ ਤੇ ਆ ਕੇ।

ਦੀਪੋ ਪਹੇ ਦੀ ਉੱਚੀ ਵੱਟ ਤੇ ਖੜਕੇ ਦੱਖਣ ਵੱਲ ਦੇਖਣ ਲੱਗੀ ਕਿ ਕਿਤੇ ਸੰਗਤ ਆਉਣ ਦੇ ਨਿਸ਼ਾਨ ਮਿਲਣ। ਦੂਰ ਤੋਂ ਉਸ ਨੂੰ ਉਡਦੀ ਧੂੜ ਦਿਖਾਈ ਦਿੱਤੀ ਸੋਚਿਆ ਕਿ ਇਹ ਗੁਰੂ ਕੀ ਸੰਗਤ ਹੀ ਆ ਰਹੀ ਹੈ, ਜੋ ਇਹ ਘੱਟਾ ਉਡ ਰਿਹਾ ਹੈ ਹੋਰ ਇਸ ਵੇਲੇ ਪਸ਼ੂਆਂ ਦੇ ਬੱਗ ਛਿੜਨ ਦਾ ਤਾਂ ਵੇਲਾ ਨਹੀਂ।

ਬੀਬੀ ਉਚੀ ਜਗ੍ਹਾ ਖਲੋਤੀ ਦੇਖ ਰਹੀ ਸੀ, ਗੁਰੂ ਦੇ ਪ੍ਰੇਮੀ ਅਜੇ ਦੂਰ ਹੀ ਸਨ, ਉਨ੍ਹਾਂ ਤੋਂ ਪਹਿਲਾਂ ਜੋ ਆ ਰਹੇ ਸਨ, ਉਹ ਇਕ ਮੁਗਲਾਂ ਦਾ ਦਸਤਾ ਸੀ। ਘੋੜ ਸਵਾਰ ਹਾਕਮ ਦੇ ਨਾਲ ਚਾਰ ਪਿਆਂਦੇ ਸਨ। ਉਹ ਲਾਗਿਓਂ ਦੀ ਲੰਘੇ ਸਾਰਿਆਂ ਨੇ ਨਿਗਾਹ ਭਰਕੇ ਦੀਪੋ ਵੱਲ ਦੇਖਿਆ, ਦੀਪੋ ਨੇ ਮੂੰਹ ਪਾਸੇ ਕਰਨ ਦਾ ਯਤਨ ਕੀਤਾ ਪਰ ਮੁਗਲਾਂ ਦੀ ਨਿਗਾਹ ਤਾੜ ਗਈ ਉਹ ਅੱਗੇ ਲੰਘ ਗਏ ਪੈਲੀ ਕੁ ਦੀ ਵਾਟ ਗਏ ਹੋਣਗੇ ਕਿ ਖਲੋ ਗਏ ਕੁਝ ਸੋਚ ਕੇ ਹਾਕਮ ਨੇ ਆਪਣਾ ਘੋੜਾ ਪਿਛੇ ਮੋੜਿਆ ਦੀਪੋ ਦੇ ਸਾਹਮਣੇ ਆ ਖੜ੍ਹਾ ਕੀਤਾ।

(ਦਵੱਯਾ ਛੰਦ)

ਨਾਸਰਅਲੀ ਮੋੜ ਕੇ ਘੋੜਾ ਲਾਗੇ ਆਣ ਖਲੋਇਆ।
ਸ਼ਸਤ੍ਰਧਾਰੀ ਕੁੜੀ ਦੇਖਕੇ ਕੁਝ ਹੈਰਤ ਵਿਚ ਹੋਇਆ।

ਕਿਹਾ ਕੌਣ ਤੂੰ ਕਿਥੋਂ ਆਈ ਅਗੇ ਕਿਧਰ ਚੱਲੀ।
ਜਾਤ ਜ਼ਨਾਨੀ ਜੋਬਨਮੱਤੀ ਬੀਆਬਾਨ ਇਕੱਲੀ।

ਕੁੜੀ ਕਿਹਾ ਮੈਂ ਗੁਰੂਦੁਲਾਰੀ ਨਾਂ ਦੀਪੋ ਹੈ ਮੇਰਾ।
ਆਪਣੇ ਖੇਤਾਂ ਵਿਚ ਖੜ੍ਹੀ ਹਾਂ, ਕੀ ਮਤਲਬ ਹੈ ਤੇਰਾ ?

ਮਤਲਬ ਮੇਰਾ ਇਸੇ ਵਕਤ ਹੁਣ ਸ਼ਸਤ੍ਰ ਸੁੱਟ ਖਲੋ ਜਾ।
ਬਾਵ੍ਹਾਂ ਖੜੀਆਂ ਕਰਕੇ ਆ ਕੇ ਮੇਰੇ ਹਾਜ਼ਰ ਹੋ ਜਾ।

ਸੁਣ ਦੁਰਬਚਨ ਕਹਿਰ ਵਿਚ ਆਈ, ਜਿਵੇਂ ਜ਼ਖ਼ਮ ਖਾ ਚੀਤਾ।
ਮਾਰ ਤੇਗ-ਤੱਕ ਪਿਛਲੀ ਲੱਤੋਂ ਘੋੜਾ ਜ਼ਖ਼ਮੀ ਕੀਤਾ।

ਤੜਫ ਤਰੰਗ ਜ਼ਿਮੀ ਤੇ ਡਿੱਗਾ ਪਿਆ ਪਛੰਡੇ ਮਾਰੇ।
ਲੱਤ ਖਾਨ ਦੀ ਹੇਠਾਂ ਆਈ ਮਦਦ ਲਈ ਪੁਕਾਰੇ।

ਇਕ ਨੇ ਨੱਠ ਕੇ ਕਢਿਆ ਹੇਠੋਂ ਦੂਜਿਆਂ ਨੂੰ ਫੁਰਮਾਵੇ ।
ਪਕੜੋ ਪਕੜੋ ਕਾਫਰ ਬੱਚੀ ਹੱਥੋਂ ਨਿਕਲ ਨਾ ਜਾਵੇ।

ਲੈ ਤਲਵਾਰਾਂ ਹੋ ਗਏ ਦੁਆਲੇ ਜ਼ਰਾ ਨ ਲਾਈ ਦੇਰੀ।
ਤਿੰਨ ਸਿਆਰਾਂ ਇਕੱਠੇ ਹੋ ਕੇ ਇਕ ਸ਼ੇਰਨੀ ਘੇਰੀ।

ਕਪਟ ਛੁਪਾ ਕੇ ਮੁਗਲ ਪਿਆਦੇ ਗੱਲ ਦੀਪ ਨੂੰ ਆਖੀ।
ਹਾਕਮ ਸਾਹਿਬ ਮੁਆਫ ਕਰਨਗੇ ਤੇਰੀ ਇਕ ਗੁਸਤਾਖੀ।

ਰਜ਼ਾਮੰਦ ਹੋ ਬੇਗਮ ਬਣ ਜਾ ਐਸ਼ ਕਰੇਂਗੀ ਲੜਕੀ।
ਸੁਣ ਕੇ 'ਨਰਗਿਸ' ਗੁਰੂਦੁਲਾਰੀ ਬਿਜਲੀ ਬਣ ਕੇ ਕੜਕੀ।

ਕੁੱਤੇ ਸੂਰ ! ਬਕਵਾਸ ਬੰਦ ਕਰ ਆ ਮੇਰੇ ਸਾਹਮਣੇ ਆ ਇਉਂ ਕਹਿੰਦੀ ਬੀਬੀ ਨੇ ਅੱਗੇ ਵੱਧ ਕੇ ਅਨੋਖੀ ਫੁਰਤੀ ਨਾਲ ਉਸ ਚੰਡਾਲ ਤੇ ਐਸਾ ਵਾਰ ਕੀਤਾ, ਅੱਖ ਝਮਕਣ ਤੋਂ ਪਹਿਲਾਂ ਹੀ ਸੱਜਾ ਮੋਢਾ ਸਰੀਰ ਨਾਲੋਂ ਲਹਿ ਕੇ ਧਰਤੀ ਤੇ ਜਾ ਡਿੱਗਾ। ਸਤਿਗੁਰੂ ਦੀ ਬਹਾਦਰ ਪੁੱਤਰੀ ਤਲਵਾਰ ਦੇ ਜੌਹਰ ਵਿਖਾਉਂਦੀ ਇਉਂ ਲੜਨ ਲੱਗੀ।

(ਡਿਓਢਾ ਛੰਦ)

ਦੀਪੋ ਗਰਜਾਈ ਨਾ ਰੰਚ ਧੜਕੀ, ਨਹੀ ਰੋਹਬ ਮੰਨਿਆਂ।
ਪਿਤਾ ਦਸਮੇਸ਼ ਦੀ ਮੈਂ ਨਾਦੀ ਲੜਕੀ, ਨਹੀਂ ਕਾਇਰ ਕੰਨਿਆਂ।

ਮੰਦਾ ਚੰਗਾ ਬੋਲ ਬੋਲਿਆ ਜ਼ਬਾਨ ਚੋਂ, ਮੈਂ ਨਹੀਂ ਸਹਾਰਦੀ।
ਸਿੱਖ ਬੱਚੀ ਬੀਰ ਹੱਲੇ ਨਾ ਮੈਦਾਨ ਚੋਂ, ਨਾ ਸਿਦਕ ਹਾਰਦੀ।
ਲਾਲਚੀ ਲੁਟੇਰਿਆਂ ਨੇ ਚਾਹੀ ਘੇਰਨੀ, ਸੀ ਬੰਦੀ ਬਨਾਉਣ ਨੂੰ।
ਚਾਹੀ ਕਾਬੂ ਕਰਨੀ ਆਜ਼ਾਦ ਸ਼ੇਰਨੀ, ਪਿੰਜਰੇ 'ਚ ਪਾਉਣ ਨੂੰ।
ਸ਼ੇਰ ਬੱਚੀ ਤੇਗ ਧੂਹ ਲਈ ਮਿਆਨ ਚੋਂ ਲਿਸ਼ਕਾਰੇ ਮਾਰਦੀ।
ਸਿੱਖ ਬੱਚੀ ਬੀਰ ਹੱਲੇ ਨਾ ਮੈਦਾਨ ਚੋਂ, ਨਾ ਸਿਦਕ ਹਾਰਦੀ।

ਆਇਆ ਇਕ ਅੱਗੇ ਬੀਬੀ ਵਾਰ ਕਰਤਾ, ਤੇਜ ਸ਼ਮਸ਼ੀਰ ਦਾ।
ਬਾਜੂ ਸਣੇ ਸੱਜਾ ਮੋਢਾ ਲਾਹ ਕੇ ਧਰਤਾ ਪਾਜ਼ੀ ਦੇ ਸਰੀਰ ਦਾ।
ਲੱਗੀ ਫੁੱਲਝੜੀ ਦੇਹ ਲਹੂ ਲੁਹਾਨ 'ਚੋਂ ਰੱਤ ਦੀ ਫੁਹਾਰ ਦੀ।
ਸਿੱਖ ਬੱਚੀ ਬੀਰ ਹੱਲੇ ਨਾ ਮੈਦਾਨ 'ਚੋਂ ਨਾ ਸਿਦਕ ਹਾਰਦੀ।

ਵਧੇ ਦੋ ਇਕੱਠੇ ਇਕ ਹੋਰ ਮਰ ਗਿਆ ਹੋਈ ਵੀ ਝੜੱਪ ਤੇ।
ਦੂਜੇ ਕੀਤਾ ਵਾਰ ਕੁਝ ਘਾ ਕਰ ਗਿਆ, ਲੜਕੀ ਦੇ ਪੱਟ ਤੇ।
ਉਠੀ ਰੋਹ ਅਲੰਬ ਜ਼ਿੰਦਗੀ ਜੁਆਨ ਚੋਂ, ਕੀਤਾ ਢੇਰੀ ਛਾਰ ਦੀ।
ਸਿੱਖ ਬੱਚੀ ਬੀਰ ਹੱਲੇ ਨਾ ਮੈਦਾਨ ਚੋਂ, ਨਾ ਸਿਦਕ ਹਾਰਦੀ।
ਦੇਖ ਕੇ ਦਲੇਰੀ ਲੜਕੀ ਮਲੂਕ ਦੀ, ਸੀ ਹੈਰਾਨ ਹੋ ਗਏ।
ਜਾਪੀ ਜਿਵੇਂ ਮੌਤ ਸੀ ਸਿਰਾਂ ਤੇ ਕੂਕਦੀ, ਪ੍ਰੇਸ਼ਾਨ ਹੋ ਗਏ।
ਪੰਜਾਂ ਵਿਚੋਂ ਤਿੰਨ ਤੋਰ ਕੇ ਜਹਾਨ ਚੋਂ, ਬਾਕੀਆਂ ਵੰਗਾਰਦੀ।
ਸਿੱਖ ਬੱਚੀ ਬੀਰ ਹੱਲੇ ਨਾ ਮੈਦਾਨ ਚੋਂ, ਨਾ ਸਿਦਕ ਹਾਰਦੀ।

ਕਹਿਰਵਾਨ ਦੇਖੀ ਜਾਂ ਦਲੇਰ ਸ਼ੇਰਨੀ, ਪਾਜ਼ੀ ਪਿੱਛੇ ਹਟ ਗਏ।
ਕੀਤੀ ਅੱਗੇ ਆਉਣ ਦੀ ਹਿੰਮਤ ਫੇਰ ਨਹੀਂ, ਦੋਵੇਂ ਪਾਸਾ ਵੱਟ ਗਏ।
'ਨਰਗਿਸ' ਜੀ, ਸੁਣੀ ਆਉਂਦੀ ਆਸਮਾਨ ਚੋਂ, ਧੁਨੀ ਜੈ ਜੈਕਾਰ ਦੀ।
ਸਿੱਖ ਬੱਚੀ ਬੀਰ ਹੱਲੇ ਨਾ ਮੈਦਾਨ ਚੋਂ, ਨਾ ਸਿਦਕ ਹਾਰਦੀ।

ਹਾਕਮ ਨਾਲ ਦਾ ਚੌਥਾ ਭਾਰੇ ਕੱਦ ਵਾਲਾ ਮੁਗਲ ਗੁਸੇ ਵਿਚ ਲਾਲ ਹੋ ਕੇ ਬੀਬੀ ਦਾ ਫੱਕਾ ਮਾਰ ਲੈਣ ਵਾਂਗ ਧੁੱਸ ਦੇ ਕੇ ਅੱਗੇ ਵਧਿਆ, ਸ਼ੇਰ ਬੱਚੀ ਨੇ ਪੈਰ ਜਮਾ ਕੇ ਅਜਿਹਾ ਭਰਵਾਂ ਵਾਰ ਕੀਤਾ ਦੁਸ਼ਟ ਨੂੰ ਹਦਵਾਣੇ ਵਾਂਗ ਚੀਰ ਕੇ ਸੁੱਟ ਦਿੱਤਾ।

(ਸਾਕਾ)

ਇਕ ਆਗੂ ਸਰਦਾਰ ਸੀ ਚਹੁੰ ਨਾਲ ਉੱਚਕੇ।
ਪਾਜ਼ੀ ਚਾਰ ਬੀਰੰਗਣਾ ਦੋਜ਼ਕ ਨੂੰ ਧੱਕੇ।
ਨਾਸਰਅਲੀ ਨਿਹਾਰਦਾ ਹੋ ਹੱਕੇ ਬੱਕੇ।
ਸੋਚੇ ਏਸ ਅਫਾਤ ਤੋਂ ਕੈਸੇ ਬਚ ਸਕੇ।
ਉਖੜੇ ਉਖੜੇ ਖਾਨ ਖੂਬ ਦੀਪੋ ਨੇ ਤੱਕੇ।
ਆਇਆ ਅੱਗੇ ਲੜਨ ਨੂੰ ਕਰ ਜੱਕੇ ਤੱਕੇ।
ਹੋਇਆ ਵਾਰ ਵਟਾਂਦਰਾ ਤਲਵਾਰ ਖੜਕੇ।
ਲੜਦੇ ਲੜਦੇ ਖਾਨ, ਦੀਪ, ਦੋਨੋਂ ਸਨ ਥੱਕੇ।

ਥੱਕ ਟੁੱਟ ਕੇ ਹੰਭਿਆ, ਨਵਾਬਜ਼ਾਦਾ ਘਬਰਾ ਗਿਆ ਸਾਥੀ ਉਸ ਦੇ ਮਾਰੇ ਗਏ। ਥੱਕ ਤਾਂ ਬੀਬੀ ਵੀ ਗਈ ਸੀ ਪਰ ਇਤਨੇ ਵੈਰੀਆਂ ਤੇ ਜਿੱਤ ਹੁੰਦੀ ਦੇਖ ਕੇ ਉਸ ਤੇ ਥਕੇਵਾਂ ਅਸਰ ਨਹੀਂ ਸੀ ਕਰ ਰਿਹਾ। ਲੜਦਿਆਂ ਬੀਬੀ ਦੇ ਮੋਢੇ, ਸਿਰ ਤੇ ਪੱਟ ਤੇ ਸੱਟ ਲੱਗੀ ਸੀ ਪਰ ਉਸ ਦਾ ਹੌਂਸਲਾ ਹਾਲੇ ਵੀ ਬੁਲੰਦ ਸੀ।

ਅਕਸਰ ਨਵਾਬਜ਼ਾਦੇ ਦੇ ਮਰਦਊਪੁਣੇ ਨੇ ਜੋਸ਼ ਖਾਧਾ ਉਸ ਨੇ ਬੀਬੀ ਤੇ ਵਾਰ ਕਰਨ ਦੀ ਧਾਰੀ, ਹੁਣ ਇਸ ਤੋਂ ਬਗੈਰਾਂ ਉਸ ਕੋਲ ਹੋਰ ਕੋਈ ਚਾਰਾ ਵੀ ਨਹੀਂ ਸੀ ਰਹਿ ਗਿਆ। ਉਸ ਨੇ ਬੀਬੀ ਨੂੰ ਲਲਕਾਰਿਆ ਅਗੋਂ ਸ਼ੇਰ ਬੱਚੀ ਪਹਿਲਾਂ ਹੀ ਚੰਡੀ ਦਾ ਰੂਪ ਧਾਰੀ ਤਿਆਰ ਸੀ। ਦੋਹਾਂ ਦਾ ਨਿਰਣੇ ਦਾ ਯੁੱਧ ਇਉਂ ਹੋਇਆ।

(ਮਿਰਜ਼ਾ)

ਤ੍ਰੀਮਤ ਹੱਥੋਂ ਮਰਦ ਦੀ ਹੁੰਦੀ ਦੇਖੀ ਹਾਰ।
ਮੁਸਲਿਮ ਦੇ ਮਰਦਊ ਨੇ ਅੰਦਰੋਂ ਖਾਧੀ ਖਾਰ।
ਆਖਰ ਮਰਨਾ ਮੰਡਕੇ ਕਰੇ ਵਾਰ ਲਲਕਾਰ।
ਬਿਜਲੀ ਵਾਂਗਰ ਦੀਪ ਦੀ ਚਮਕੀ ਸਿਰ ਤਲਵਾਰ।
ਦੋਵੇਂ ਜੁੱਟੇ ਯੁੱਧ ਨੂੰ ਕਰਨ ਵਾਰ ਤੇ ਵਾਰ।
ਠਹਿਕਣ ਤੇਗਾਂ ਭਿੜਦੀਆਂ ਭਾਂਡੇ ਘੜਨ ਠਠਿਆਰ।
ਦੋਹਾਂ ਵਿਚੋਂ ਕਿਸੇ ਨੇ ਦਿੱਲੋਂ ਨਾ ਮੰਨੀ ਹਾਰ।
ਆਖਰ ਐਸਾ ਕੁਦਰਤੀ ਹੋਇਆ ਸਾਂਝਾ ਵਾਰ।

ਦੋਵੇਂ ਜ਼ਖ਼ਮੀ ਹੋ ਗਏ ਪਏ ਧਰਤ ਮੂੰਹ ਭਾਰ।
ਕੰਨ ਕੱਟ ਕੇ ਮੁਗਲ ਦਾ ਮੋਢੇ ਧਸੀ ਕਟਾਰ।
ਲੜਕੀ ਲੱਕੇ ਲਹਿ ਗਈ ਦੁਸ਼ਮਣ ਦੀ ਖ਼ਮਦਾਰ।
ਨਰਗਿਸ 'ਕੱਲੀ ਕੁੜੀ ਨੇ ਸੋਧੇ ਪੰਜ ਮਕਾਰ।

ਐਸੇ ਸਾਂਝੇ ਵਾਰ ਚੱਲੇ ਦੋਵੇਂ ਬੇਹੋਸ਼ ਹੋ ਕੇ ਧਰਤੀ ਤੇ ਜਾ ਪਏ। ਯੁੱਧ ਰੁਕੇ ਨੂੰ ਥੋੜ੍ਹਾ ਸਮਾਂ ਹੋਇਆ ਸੀ, ਮਾਈ ਪ੍ਰੇਮੋ ਆ ਗਈ। ਹਾਏ ਹਾਏ ਪਾਣੀ ਦੀ ਆਵਾਜ਼ ਸੁਣ ਕੇ ਘਬਰਾ ਗਈ ਦੂਸਰਾ ਉਸ ਨੂੰ ਦੀਪੋ ਨਾ ਦਿੱਸੀ। ਉਹ ਉਧਰ ਅੱਗੇ ਹੋਈ ਜਿਧਰੋਂ ਆਵਾਜ਼ ਆ ਰਹੀ ਸੀ। ਕੁਝ ਲਾਸ਼ਾਂ ਦੇ ਕੋਲ ਇਕ ਮੁਗਲ ਜ਼ਖਮੀ ਪਿਆ ਪਾਣੀ ਮੰਗ ਰਿਹਾ ਸੀ। ਆਸੇ ਪਾਸੇ ਨਿਗਾਹ ਮਾਰੀ, ਦੀਪੋ ਲਹੂ ਨਾਲ ਭਿੱਜੀ ਬੇਸੁਰਤ ਪਈ ਦੇਖੀ। ਉਹ ਮੇਰੀ ਬੱਚੀ ਜ਼ਬਾਨੋਂ ਨਿਕਲਿਆ ਤੇ ਨੱਸ ਕੇ ਅੱਗੇ ਹੋ ਕੇ ਦੀਪੋ ਨੂੰ ਸੰਭਾਲਣ ਲੱਗੀ। ਉਸ ਦੇ ਮੋਢੇ ਤੇ ਖੱਬੀ ਬੱਖੀ ਵਿਚ ਤੇ ਪੱਟ ਤੇ ਡੂੰਘੇ ਜ਼ਖ਼ਮ ਸਨ। ਦੀਪੋ ਪੀੜ ਨਾਲ ਕਰਾਹ ਰਹੀ ਸੀ ਉਸ ਨੇ ਦੀਪੋ ਦੇ ਕਮਰਕੱਸੇ ਦਾ ਕਪੜਾ ਖੋਹਲਿਆ, ਉਸ ਨੇ ਸਿਰ ਦੇ ਪਤਲੇ ਲੀੜੇ ਨੂੰ ਪਾੜ ਕੇ ਬੰਨ੍ਹਣ ਦਾ ਯਤਨ ਕੀਤਾ।

ਮਾਈ ਪ੍ਰੇਮੋ ਆਪਣੀ ਅਕਲ ਨਾਲ ਬੀਬੀ ਨੂੰ ਬਚਾਉਣ ਦਾ ਯਤਨ ਕਰ ਰਹੀ ਸੀ। ਉਸ ਦੇ ਕੰਨੀ ਢੋਲਕੀ ਛੈਣੇ ਵਜਣ ਦੀ ਆਵਾਜ਼ ਪਈ, ਉਸ ਨੇ ਧਿਆਨ ਨਾਲ ਸੁਣਿਆਂ ਨਾਲ ਸ਼ਬਦ ਵੀ ਪੜ੍ਹੇ ਜਾ ਰਹੇ ਸਨ। ਦੇਖਿਆ ਗੁਰਸੰਗਤ ਚਾਰ ਕੁ ਪੈਲੀਆਂ ਦੂਰ ਆ ਰਹੀ ਸੀ। ਮਾਈ ਸੰਗ ਦੇ ਅੱਗੇ ਆ ਕੇ ਬੋਲੀ : ਠਹਿਰੋ! ਘਾਇਲ ਪਈ ਬੱਚੀ ਨੂੰ ਬਚਾਓ। ਮਾਈ ਨੇ ਦੋਨੋਂ ਹੱਥ ਉਚੇ ਕੀਤੇ ਸੰਗਤ ਨੇ ਦੇਖਿਆ, ਹੱਥ ਲਹੂ ਨਾਲ ਭਿੱਜੇ ਸਨ। ਸੰਗਤ ਵਿਚ ਕਰੁਣਾ ਰਸ ਛਾ ਗਿਆ। ਸੰਗ ਵਿਚ ਦੋ ਵੈਦ ਤੇ ਇਕ ਜਰਾਹ ਸੀ। ਉਹ ਤਿੰਨੇ ਛੇਤੀ ਨਾਲ ਅੱਗੇ ਵਧੇ ਤੇ ਵੇਖਿਆ :

(ਬੈਂਤ)

ਕੋਮਲ ਬਦਨ ਤਲਵਾਰ ਦੇ ਫੱਟ ਡੂੰਘੇ,
ਸੰਗਤ ਦੇਖ ਕੇ ਬਹੁਤ ਭੈ ਮਾਨ ਹੋਈ।
ਆਸ ਪਾਸ ਜਦ ਮਰੇ ਪਏ ਮੁਗਲ ਦੇਖੇ,
ਬਲੀ ਬੀਰਾਂ ਦੀ ਅਕਲ ਹੈਰਾਨ ਹੋਈ।
ਸੋਚਣ ਸਿੱਖ ਲੜਕੀ 'ਕੱਲੀ ਕਿਵੇਂ ਆ ਕੇ,
ਇਥੇ ਕਿਸ ਲਈ ਏਦਾਂ ਕੁਰਬਾਨ ਹੋਈ।
ਹੈ ਸੀ ਹਾਲੇ ਵੀ ਹੱਥ ਕਿਰਪਾਨ ਪਕੜੀ,

ਜ਼ਖ਼ਮਾਂ ਨਾਲ ਦੇਹ ਲਹੂ ਲੁਹਾਨ ਹੋਈ।

ਸੰਗਤ ਵਿਚੋਂ ਦੋ ਵੈਦ ਸਿਆਣਿਆਂ ਨੇ,
ਜ਼ਖ਼ਮੀ ਸ਼ੇਰਨੀ ਦਾ ਜਦੋਂ ਦੀਦਾਰ ਕੀਤਾ।
ਨਰਗਿਸ ਨਾਲ ਹਿਤਕਾਰ ਦੇ ਜ਼ਖ਼ਮ ਬੰਨ੍ਹੇ,
ਦੇ ਕੇ ਪੀੜਾਂ ਦੀ ਪੁੜੀ ਉਪਚਾਰ ਕੀਤਾ।

ਜਰਾਹ ਨੇ ਬੜੀ ਗੌਰ ਨਾਲ ਜ਼ਖ਼ਮਾਂ ਤੇ ਪੱਟੀਆਂ ਬੰਨੀਆਂ ਖੂਨ ਵਗਣਾ ਬੰਦ ਹੋ ਗਿਆ, ਵੈਦ ਨੇ ਦਰਦ ਘਟਣ ਦੀਆਂ ਗੋਲੀਆਂ ਦਿੱਤੀਆਂ। ਦੀਪੋ ਨੂੰ ਚੁੱਕੇ ਕੇ ਇਕ ਮੰਜੇ ਤੇ ਪਾ ਕੇ ਮੰਜਾ ਗੱਡੇ ਤੇ ਰਖਾ ਲਿਆ। ਸਾਰੀ ਸੰਗਤ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀ ਅਨੰਦਪੁਰ ਨੂੰ ਚਲ ਪਈ। ਅਨੰਦਪੁਰ ਦੇ ਨੇੜੇ ਪਹੁੰਚੇ ਤਾਂ ਦੇਖਿਆ ਹਰ ਤਰਫ਼ ਤੋਂ ਸੰਗਤ ਭਾਰੀ ਗਿਣਤੀ ਵਿਚ ਆ ਰਹੀ ਸੀ।

ਐਤਕਾਂ ਗੁਰੂ ਜੀ ਨੇ ਸਿੱਖ ਸੰਗਤਾਂ ਨੂੰ ਕੋਈ ਨਵਾਂ ਪੈਗਾਮ ਦੇ ਕੇ ਖਾਲਸਾ ਸਾਜਣ ਦੀ ਵਿਚਾਰ ਨਾਲ ਦੇਸ਼ਾਂ ਵਿਦੇਸ਼ਾਂ ਤੋਂ ਉਚੇਚ ਨਾਲ ਚਿੱਠੀਆਂ ਦੇ ਕੇ ਬੁਲਾਇਆ ਸੀ।

(ਕਲੀ)

ਸੰਮਤ ਜਦੋਂ ਸਤਾਰਾਂ ਸੌ ਸਤਵੰਜਾ ਚੜ੍ਹਿਆ ਸੀ,
ਕਲਗੀਧਾਰ ਪਿਤਾ ਨੇ ਖੇਲਾਂ ਅਜ਼ਬ ਰਚਾਈਆਂ।
ਚਿੱਠੀਆਂ ਦੇ ਕੇ ਸੰਗਤਾਂ ਸੱਦੀਆਂ ਨੂੰਣ ਵਿਸਾਖੀ ਦੇ,
ਪੰਥ ਸਜਾਉਣ ਵਾਸਤੇ ਤਿਆਰੀਆਂ ਕਰਾਈਆਂ।
ਸੁਣ ਕੇ ਸੱਦ ਮਾਹੀ ਦੀ ਸੰਗਤਾਂ ਦੇਸ਼ ਵਿਦੇਸ਼ਾਂ ਤੋਂ,
ਸ਼ਹਿਰ ਪਿੰਡਾਂ ਵਿਚੋਂ ਜਥੇ ਬਣਾ ਕੇ ਧਾਈਆਂ।
ਪੜ੍ਹਦੇ ਸ਼ਬਦ ਆ ਰਹੇ ਦਿਲ ਵਿਚ ਤਾਂਘ ਦਿਦਾਰ ਦੀ,
ਵਾਹੋਦਾਹੀ ਮੰਜਲਾਂ ਮਾਰ ਅਨੰਦਪੁਰ ਆਈਆਂ।
ਤੱਕ ਸਰਸਬਜ਼ ਵਾਦੀਆਂ ਨਿਰਮਲ ਫਿਜ਼ਾ ਪਹਾੜਾਂ ਦੀ,
ਲਹੇ ਥਕੇਵੇ ਰੂਹਾਂ ਮਸਤੀ ਵਿਚ ਨਸ਼ਿਆਈਆਂ।
ਦੀਦੇ ਸਫਲ ਕਰੇ ਕਰ ਦਰਸ਼ਨ ਕਲਗੀਵਾਲੇ ਦੇ,
ਵਸਤਾਂ ਭੇਟਾ ਕਰਕੇ ਕਰੀਆਂ ਸਫਲ ਕਮਾਈਆਂ।
ਮਾਝੇ ਵਾਲੀ ਸੰਗਤ ਨੇੜੇ ਪਹੁੰਚੀ ਸਤਲੁਜ ਦੇ,
ਤੱਕ ਕੇ ਭੀੜ ਸੰਗਤ ਦੀ ਖੁਸ਼ੀਆਂ ਮਨ ਮਚਲਾਈਆਂ।

ਸਤਿਗੁਰ ਅੰਤਰਜਾਮੀ ਘਟ ਘਟ ਦੀ ਜੋ ਜਾਣਦੇ,
ਨਰਗਿਸ ਕਸ਼ਟ ਹਰਨ ਹਿਤ ਬਿਧੀਆਂ ਆਪ ਬਣਾਈਆਂ।

ਸੰਗਤਾਂ ਵਿਸਾਖੀ ਤੋਂ ਕੁਝ ਦਿਨ ਪਹਿਲਾਂ ਹੀ ਪਹੁੰਚ ਗਈਆਂ ਸਨ ਤੇ ਆ ਰਹੀਆਂ ਸਨ। ਸ੍ਰੀ ਅਨੰਦਪੁਰ ਦੇ ਚੌਗਿਰਦੇ ਅਤੇ ਦਰਿਆ ਸਤਲੁਜ ਦੇ ਪੂਰਬੀ ਕਿਨਾਰੇ ਦੂਰ ਦੂਰ ਤੱਕ ਸੰਗਤਾਂ ਨੇ ਡੇਰੇ ਜਮਾਏ ਸਨ। ਤੰਬੂਆਂ ਤੇ ਕਨਾਤਾਂ ਦੀ ਇਕ ਨਵੀਂ ਤੇ ਖੁਲ੍ਹੀ ਬਸਤੀ ਵਸੀ ਹੋਈ ਨਜ਼ਰ ਪੈਂਦੀ ਸੀ।

ਹਜ਼ਾਰਾਂ ਸਿੱਖਾਂ ਸੇਵਕਾਂ ਦੇ ਦਿਲਾਂ ਦੇ ਬਾਦਸ਼ਾਹ ਅੰਤਰਜਾਮੀ ਸਤਿਗੁਰੂ ਜੀ ਆਪ ਖਿਆਲ ਕਰ ਰਹੇ ਸਨ। ਦੀਨ ਦੁਨੀਆਂ ਦੇ ਮਾਲਕ ਨੂੰ ਆਪਣੇ ਸਿੱਖਾਂ ਦੇ ਮਾਨਸਿਕ ਤੇ ਸਰੀਰਕ ਕਸ਼ਟਾਂ ਦਾ ਖਿਆਲ ਸੀ, ਹਰ ਥਾਂ ਸਹਾਈ ਹੋ ਰਹੇ ਸਨ।

ਆਪਣੇ ਸਵੇਰ ਦੇ ਨਿਤਨੇਮ ਨੂੰ ਪੂਰਿਆਂ ਕਰਕੇ ਕਲਗੀਆਂ ਵਾਲੇ ਪਿਤਾ ਦੀਵਾਨ ਵਿਚ ਬਿਰਾਜੇ। ਸਾਹਿਬ ਦੇ ਦਰਸ਼ਨ ਕਰਕੇ ਹਜ਼ਾਰਾਂ ਜੀਵਨ ਨਿਹਾਲ ਹੋਏ। ਰਾਗੀ ਜਥੇ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਦਾ ਆਰੰਭ ਕੀਤਾ। ਸਤਿਗੁਰੂ ਜੀ ਨੈਣ ਮੁੰਦਕੇ ਸਰਵਣ ਕਰਦੇ ਰਹੇ। ਕੀਰਤਨ ਦੀ ਸਮਾਪਤੀ ਸਮੇਂ ਜੱਥੇ ਨੇ ਅੰਤਮ ਪਉੜੀ ਅਜੇ ਪੂਰੀ ਨਹੀਂ ਸੀ ਕੀਤੀ ਕਿ ਭਗਤ ਵਛਲ ਗੁਰਦੇਵ ਇਕ ਦਮ ਸੁਚੇਤ ਹੋਏ ਆਪਣੇ ਆਸਣ ਤੋਂ ਉਠੇ, ਸੇਵਾਦਾਰਾਂ ਨੂੰ ਘੋੜਾ ਲਿਆਉਣ ਦਾ ਇਸ਼ਾਰਾ ਕੀਤਾ :

(ਕਬਿੱਤ)

ਗੁਰੂ ਦਸਮੇਸ਼ ਜੀ ਬਿਰਾਜਮਾਨ ਗੱਦੀ ਉਤੇ,
ਲੱਗਾ ਦਰਬਾਰ ਆਈਆਂ ਸੰਗਤਾਂ ਅਪਾਰ ਸੀ।
ਛਟਪਟ ਉਠੇ ਜਾਣੀਜਾਣ, ਮੰਗਵਾਇਆ ਘੋੜਾ,
ਲਿਆਏ ਸੇਵਾਦਾਰ ਪੀੜਿਆ ਖੜ੍ਹਾ ਜੋ ਤਿਆਰ ਸੀ।
ਵੇਂਹਦਿਆਂ ਹੀ ਸਭ ਦੇ ਉਡਾਕੇ ਲੈ ਗਏ ਬਾਜ਼ ਵਾਂਗੂੰ,
ਦੀਨਾਂ ਦੇ ਸਹਾਈ ਝੱਟ ਹੋਇਕੇ ਸਵਾਰ ਸੀ।
ਮਿਲੇ ਸਿੱਖ ਸੰਗਤਾਂ ਅਨੰਦਪੁਰ ਆਉਂਦੀਆਂ ਨੂੰ,
ਚੁੱਕੀ ਮੰਜੇ ਜਿਨ੍ਹਾਂ ਬੀਬੀ ਜ਼ਖ਼ਮੀ ਬਿਮਾਰ ਸੀ।

ਸੰਗਤਾਂ ਤੇ ਸੇਵਾਦਾਰਾਂ ਨੇ ਦੇਖਦੇ ਦੇਖਦੇ ਘੋੜਾ ਹਵਾ ਨਾਲ ਗੱਲਾਂ ਕਰਨ ਲੱਗਾ ਝਟ-ਪੱਟ ਅੱਖਾਂ ਤੋਂ ਉਹਲੇ ਹੋ ਗਿਆ। ਸਤਿਗੁਰ ਦੇ ਚਰਨਾਂ ਦੇ ਪ੍ਰੇਮੀ ਭੌਰੇ ਗੁਰਚਰਨ ਕਵਲਾਂ ਦੀ ਸੁਗੰਧੀ ਪ੍ਰਾਪਤ ਕਰਨ ਲਈ ਅਨੰਦਪੁਰ ਨੂੰ ਵਹੀਰਾਂ ਘੱਤੀ ਆ ਰਹੇ ਸਨ। ਉਨ੍ਹਾਂ ਨੇ ਦੇਖਿਆ

ਕੋਈ ਛੈਲ ਛਬੀਲਾ ਬਾਂਕਾ ਘੋੜੇ ਤੇ ਚੜ੍ਹਿਆ ਅਦਭੁਤ ਪ੍ਰਤਿਭਾ ਦੀ ਰੌਸ਼ਨੀ ਬਿਖੇਰਦਾ ਜਾ ਰਿਹਾ ਸੀ। ਦੇਖਣ ਵਾਲਿਆਂ ਦੇ ਦੇਖ ਦੇਖ ਨੈਣ ਨਹੀਂ ਰਜਦੇ ਸਨ। ਉਹ ਪਲਾਂ ਵਿਚ ਬਿਜਲੀ ਦੀ ਤੇਜ਼ੀ ਨਾਲ ਅੱਖਾਂ ਤੋਂ ਓਝਲ ਹੋ ਜਾਂਦਾ ਸੀ।

ਗੁਰੂ ਜੀ ਸਤਲੁਜ ਦੇ ਪੱਤਨ ਤੇ ਪਹੁੰਚੇ। ਉਥੇ ਸਿੱਖ ਸੰਗਤਾਂ ਦੀ ਭਾਰੀ ਭੀੜ ਸੀ। ਦਰਸ਼ਕਾਂ ਦੇ ਵੇਂਹਦਿਆਂ ਕ੍ਰਿਪਾਲੂ ਘੋੜੇ ਤੋਂ ਉਤਰੇ ਘੋੜਾ ਪਿਛੇ ਛੱਡ ਕੇ ਆਪ ਪੈਦਲ ਹੋ ਤੁਰੇ ਭੀੜ ਵਿਚੋਂ ਦੀ ਅੱਗੇ ਲੰਘ ਕੇ ਗਏ। ਅੱਗੇ ਵੇਖਿਆ ਸੰਗਤਾਂ ਦੀ ਸੰਘਣੀ ਭੀੜ ਹੈ। ਉਨ੍ਹਾਂ ਦੇ ਵਿਚਕਾਰ ਕੋਈ ਬੀਮਾਰ ਮੰਜੇ ਤੇ ਪਿਆ ਹੈ। ਜੋ ਅਰਧ ਬਿਹੋਸ਼ੀ ਦੀ ਹਾਲਤ ਵਿਚ ਹੈ। ਸੰਗਤ ਵਿਚੋਂ ਕਈ ਸਿੱਖ ਤੇ ਮਾਈਆਂ ਕਾਫੀ ਘਬਰਾਏ ਜਾਪਦੇ ਸਨ। ਉਹ ਦਿਲ ਹੀ ਦਿਲ ਵਿਚ ਅਰਦਾਸਾਂ ਕਰ ਰਹੇ ਸਨ। ਸੋਢੀ ਪਾਤਸ਼ਾਹ ਤੇਰੀ ਬੱਚੀ ਤੇਰੇ ਦਰਸ਼ਨਾਂ ਦੀ ਤਾਂਘ ਵਿਚ ਘਰੋਂ ਚੱਲੀ ਹੈ, ਇਹ ਤੇਰੇ ਦਰਸ਼ਨਾਂ ਤੋਂ ਬਗੈਰ ਹੀ ਨਾ ਇਸ ਸੰਸਾਰ ਤੋਂ ਚਲੀ ਜਾਵੇ। ਕਿਰਪਾ ਕਰੋ ਮੇਹਰ ਕਰੋ ਆਪਣੀ ਸ਼ਰਧਾਲੂ ਤੇ ਬੀਰ ਸਪੁੱਤਰੀ ਨੂੰ ਦਰਸ਼ਨ ਦੀ ਦਾਤ ਬਖਸ਼ੋ। ਦੀਨਾ ਬੰਧੂ ਬੀਬੀ ਦੇ ਮੰਜੇ ਕੋਲ ਪਹੁੰਚ ਗਏ। ਇਸ ਅਨੂਪਮ ਦੈਵੀ ਵਿਅਕਤੀ ਨੂੰ ਕਿਸੇ ਨਾ ਪਛਾਣਿਆ। ਗੁਰੂ ਜੀ ਨੇ ਆਪਣਾ ਪਵਿੱਤਰ ਹੱਥ ਬੀਬੀ ਦੇ ਮਸਤਕ ਤੇ ਰਖਿਆ ਜੀਵਨ ਦਾਨ ਬਖਸ਼ਿਆ।

(ਦਟਪਟਾ ਛੰਦ)

ਬੀਰੰਗਣ ਅਣਖੀਲੀ ਸਿਦਕੀ ਦੀਪ ਦੁਲਾਰੀ ਦਾ।
ਆ ਕੇ ਪੁਛਿਆ ਹਾਲ ਚਾਲ ਗੁਰ ਪੁੱਤਰੀ ਪਿਆਰੀ ਦਾ।
ਸਦਕੇ ਜਾਂਦੇ ਨੇਕ ਕਮਾਈਆਂ ਕਰਨੇ ਵਾਲਿਆਂ ਦੇ।
ਕਦਰਦਾਨ ਗੁਰ ਸੀਸ ਤਲੀ ਤੇ ਧਰਨੇ ਵਾਲਿਆਂ ਦੇ।
ਹੱਥ ਫੇਰਿਆ ਸਿਰ ਤੇ ਕੇਸ ਲਹੂ ਵਿਚ ਭਿੱਜੇ ਸੀ।
ਦਰਦੀ ਦੁਖੀਆਂ ਦੀਨਾਂ ਦੇ ਦਿਲ ਬਹੁਤ ਪਸੀਜੇ ਸੀ।
ਅਣਖ ਆਜ਼ਾਦੀ ਖਾਤਰ ਲੜ ਕੇ ਮਰਨੇ ਵਾਲਿਆਂ ਦੇ।
ਕਦਰਦਾਨ ਗੁਰ ਸੀਸ ਤਲੀ ਤੇ ਧਰਨੇ ਵਾਲਿਆਂ ਦੇ।

ਅੰਮ੍ਰਿਤ ਭਰੀ ਦਰਿਸ਼ਟੀ ਜਦੋਂ ਟਿਕਾਈ ਚਿਹਰੇ ਤੇ।
ਲਾਲੀ ਊਸ਼ਾ ਵਾਂਗ ਦਮਕਦੀ ਆਈ ਚਿਹਰੇ ਤੇ।
ਚੋਜ਼ ਅਨੋਖੇ, ਮਿਰਤਕ ਜੀਂਦੇ ਕਰਨੇ ਵਾਲਿਆਂ ਦੇ।
ਕਦਰਦਾਨ ਗੁਰ ਸੀਸ ਤਲੀ ਤੇ ਧਰਨੇ ਵਾਲਿਆਂ ਦੇ।

ਜ਼ਖ਼ਮ ਹੋ ਗਏ ਰਾਜ਼ੀ ਕਿਰਪਾ ਕਰਤੀ ਦਾਤੇ ਨੇ।
ਤੰਦਰੁਸਤ ਹੋ ਬੈਠੀ ਪੀੜਾ ਹਰਤੀ ਦਾਤੇ ਨੇ।
ਪ੍ਰਉਪਕਾਰੀ ਧਰਮ ਹੇਤ ਦੁਖ ਜ਼ਰਨੇ ਵਾਲਿਆਂ ਦੇ।
ਕਦਰਦਾਨ ਗੁਰ ਸੀਸ ਤਲੀ ਤੇ ਧਰਨੇ ਵਾਲਿਆਂ ਦੇ।
ਚੋਜੀ ਚੋਜ ਦਿਖਾ ਗਏ ਸੰਗਤਾਂ ਕੌਤਕ ਜਾਣਿਆਂ ਨਾ।
ਹੋ ਗਏ ਆਪ ਅਲੋਪ ਗੁਰਾਂ ਨੂੰ ਕਿਸੇ ਪਛਾਣਿਆਂ ਨਾ।
ਦੁਖੜੇ ਹਰਨ ਹਮੇਸ਼ ਹਰੀ ਤੇ ਪਰਨੇ ਵਾਲਿਆਂ ਦੇ।
ਕਦਰਦਾਨ ਗੁਰ ਸੀਸ ਤਲੀ ਤੇ ਧਰਨੇ ਵਾਲਿਆਂ ਦੇ।
ਗੁਰੂ-ਧਾਮ ਆ ਪੁੱਜੀਆਂ ਸੰਗਤਾਂ ਚੱਲੀਆਂ ਦੂਰ-ਦੀਆਂ।
ਦਰਸ਼ਨ ਦੇ ਲਈ ਰੀਝਾਂ ਚਿਰ ਤੋਂ ਦਿਲੀ ਹਜ਼ੂਰ ਦੀਆਂ।
ਨਰਗਿਸ, ਮੁਰਸ਼ਿਦ ਵਾਲੀ ਗਲੀ ਗੁਜ਼ਰਨੇ ਵਾਲਿਆਂ ਦੇ।
ਕਦਰਦਾਨ ਗੁਰ ਸੀਸ ਤਲੀ ਤੇ ਧਰਨੇ ਵਾਲਿਆਂ ਦੇ।

ਮਾਂਝੇ ਦੀ ਸੰਗਤ ਸ੍ਰੀ ਅਨੰਦਪੁਰ ਪੁੱਜ ਗਈ। ਸ਼ਹੀਦੀ ਬਾਗ ਵਿਚ ਉਤਾਰਾ ਕੀਤਾ। ਸੰਗਤ ਨੇ ਗੁਰੂ ਦੇ ਦਰਬਾਰ ਹਾਜ਼ਰ ਹੋਣ ਲਈ ਪੁਲਕਦੇ ਹਿਰਦਿਆਂ ਨਾਲ ਜਲਦੀ ਜਲਦੀ ਤਿਆਰੀ ਕੀਤੀ। ਭੇਟਾਂ ਨਾਲ ਲੈ ਲਈਆਂ। ਬੀਬੀ ਦੀਪੋ ਨੂੰ ਤੰਬੂ ਵਿਚ ਛੱਡ ਕੇ, ਗੁਰਚਰਨਾਂ ਵਿਚ ਸਾਰੇ ਹਾਜ਼ਰ ਹੋ ਗਏ। ਅਰਸ਼ੀ ਦਾਤਾਰ ਦੇ ਦਰਸ਼ਨ ਕਰਕੇ ਤ੍ਰਿਪਤ ਹੋਏ ਭੇਟਾਂ ਚੜ੍ਹਾਈਆਂ, ਗੁਰੂ ਦੇਵ ਨੇ ਖੁਸ਼ੀ ਨਾਲ ਪ੍ਰਵਾਨ ਕੀਤੀਆਂ ਸਭ ਸੰਗਤ ਨੂੰ ਨਾਮ ਦਾਨ ਦੀ ਬਖ਼ਸ਼ਿਸ਼ ਕੀਤੀ।

ਇਕ ਬਜ਼ੁਰਗ ਗੁਰਸਿੱਖ ਨੇ ਦਾਤੇ ਅੱਗੇ ਬੇਨਤੀ ਕੀਤੀ, ਪਾਤਸ਼ਾਹ! ਸਾਡੇ ਨਾਲ ਇਕ ਬੀਬੀ ਗੰਭੀਰ ਜ਼ਖ਼ਮੀ ਹੈ, ਉਹ ਤੁਹਾਡੇ ਚਰਨਾਂ ਵਿਚ ਹਾਜ਼ਰ ਨਹੀਂ ਹੋ ਸਕੀ। ਉਸ ਦੇ ਜ਼ਖ਼ਮਾਂ ਦਾ ਇਲਾਜ ਕਰਨ ਵਾਸਤੇ ਕੋਈ ਸਿਆਣਾ ਵੈਦ ਭੇਜੋ ਤਾਂ ਕਿ ਉਹ ਰਾਜ਼ੀ ਹੋ ਕੇ ਆਪ ਦੇ ਦਰਬਾਰ ਹਾਜ਼ਰ ਹੋ ਕੇ ਆਪ ਦੇ ਚਰਨ ਪਰਸ ਸਕੇ। ਉਸਨੂੰ ਲਿਆਓ, ਉਹ ਹੁਣ ਠੀਕ ਹੈ ਗੁਰੂ ਜੀ ਨੇ ਬਚਨ ਕੀਤਾ।

ਦੋ ਬੀਬੀਆਂ ਉਸੇ ਵੇਲੇ ਗਈਆਂ ਅੱਗੋਂ ਦੀਪੋ ਮੰਜੇ ਤੋਂ ਉਠ ਕੇ ਗੁਰੂ ਜੀ ਦੇ ਦਰਸ਼ਨ ਕਰਨ ਦੀ ਤਿਆਰੀ ਕਰ ਰਹੀ ਸੀ। ਬੀਬੀਆਂ ਨੇ ਦੱਸਿਆ ਕਿ ਦੀਪੋ ! ਤੈਨੂੰ ਸਤਿਗੁਰੂ ਯਾਦ ਕਰਦੇ ਹਨ। ਇਹ ਸੁਣ ਕੇ ਬੀਬੀ ਨੂੰ ਇਕ ਅਕਹਿ ਜਿਹਾ ਸਰੂਰ ਆਇਆ ਉਹ ਸਰਸ਼ਾਰ ਹੋ ਗਈ। ਉਸ ਨੂੰ ਸਭ ਕੁਝ ਚੰਗਾ ਚੰਗਾ ਜਿਹਾ ਜਾਪਣ ਲੱਗਾ ਉਸ ਦੇ ਕਦਮਾਂ ਵਿਚ ਬਰਕਤ ਆ ਗਈ ਤੇ ਬੀਬੀਆਂ ਨਾਲ ਤੁਰ ਪਈ।

ਸਤਿਗੁਰੂ ਦੇ ਦਰਬਾਰ ਪੁੱਜ ਕੇ ਗੁਰਾਂ ਦੇ ਚਰਨਾਂ ਤੇ ਨਮਸ਼ਕਾਰ ਕੀਤੀ। ਦਰਸ਼ਨ ਕੀਤਿਆਂ ਜਨਮ ਜਨਮਾਂਤਰਾਂ ਦੇ ਦੁੱਖ ਦੂਰ ਹੋ ਗਏ ਨਦਰੋ-ਨਦਰ ਨਿਹਾਲ ਹੋ ਗਈ। ਗੁਰੂ ਜੀ ਨੇ ਦੀਪੋ ਦੇ ਸਿਰ ਤੇ ਹੱਥ ਧਰਿਆ ਪਿਆਰ ਨਾਲ ਫੁਰਮਾਇਆ : ਬੇਟੀ! ਤੇਰੇ ਜ਼ਖ਼ਮੀ ਹੋਣ ਦੇ ਕਾਰਨ ਦੱਸ। ਸੰਗਤਾਂ ਸੁਣਨ ਲਈ ਉਤਸੁਕ ਹਨ। ਇਹ ਸੁਣ ਕੇ ਬੀਬੀ ਇਕ ਵਾਰੀ ਫੇਰ, ਗੁਰੂ ਜੀ ਦੇ ਚਰਨਾਂ ਤੇ ਢਹਿ ਪਈ। ਅਕਹਿ ਪਿਆਰ ਦੇ ਹੰਝੂ ਆ ਗਏ ਗਲਾ ਰੁਕ ਗਿਆ। ਇਕ ਗੁਰਸਿੱਖ ਨੇ ਖੜ੍ਹਾ ਹੋ ਕੇ ਆਖਿਆ ਪਾਤਸ਼ਾਹ! ਜੇ ਆਪ ਕਹੋ ਤਾਂ ਇਸ ਬੀਬੀ ਦੀ ਬਹਾਦਰੀ ਬਾਬਤ ਦਾਸ ਕੁਝ ਸੰਗਤ ਨੂੰ ਦੱਸ ਸਕੇ। ਗੁਰੂ ਜੀ ਦੀ ਸਹਿਮਤੀ ਦਾ ਇਸ਼ਾਰਾ ਪਾ ਕੇ, ਸਿੱਖ ਨੇ ਸੰਗਤਾਂ ਅੱਗੇ ਬੀਬੀ ਦੀ ਮੁਗਲਾਂ ਨਾਲ ਲੜਾਈ ਕਰਕੇ ਵਿਜੱਈ ਹੋਣ ਦੀ ਸਾਰੀ ਕਹਾਣੀ ਕਹਿ ਸੁਣਾਈ। ਇਹ ਸੁਣ ਕੇ ਸੰਗਤਾਂ ਵਿਚ ਖਾਸ ਕਰਕੇ ਬੀਬੀਆਂ ਵਿਚ, ਸਿੱਖੀ ਲਈ ਉਤਸ਼ਾਹ ਠਾਠਾਂ ਮਾਰਨ ਲੱਗਾ। ਸਿੱਖ ਸੰਗਤਾਂ ਨੂੰ ਦ੍ਰਿੜ੍ਹ ਵਿਸ਼ਵਾਸ ਹੋ ਗਿਆ ਕਿ ਜੇ ਗੁਰੂ ਜੀ ਦੀ ਮੇਹਰ ਹੋਵੇ ਤਾਂ ਚਿੜੀਆਂ ਬਾਜ਼ਾਂ ਦਾ ਖਾਤਮਾ ਕਰ ਸਕਦੀਆਂ ਹਨ। ਇਸ ਬਾਬਤ ਇਉਂ ਦੱਸਿਆ ਹੈ:-

(ਝੋਕ)

ਦਾਤੇ ਨੇ ਮੇਹਰ ਧਾਰਕੇ ਪੀੜਾਂ ਦੁੱਖ ਹਰ ਲਏ ਨੇ।
ਸ਼ਸ਼ਤਰ ਲਾ ਬੀਬੀ ਤਿਆਰੇ ਦਰਸ਼ਨ ਲਈ ਕਰ ਲਏ ਨੇ।
ਆਈ ਬਣ ਰੂਪ ਚੰਡੀ ਦਾ ਸੰਗਤਾਂ ਨਿਹਾਰਦੀਆਂ।
ਸਤਿਗੁਰੂ ਬਲ ਬਖ਼ਸ਼ੇ ਚਿੜੀਆਂ ਬਾਜਾਂ ਨੂੰ ਮਾਰਦੀਆਂ।
ਸਤਿਗੁਰ ਬਲ ਬਖਸ਼ੇ ਮੇਰਾ।

ਸਭਨਾਂ ਨੇ ਵੇਖੀ ਸਾਵੀਂ ਸ਼ਕਤੀ ਦੀ ਮੂਰਤ ਸੀ।
ਚਿਹਰੇ ਤੇ ਨੂਰ ਦਮਕਦਾ ਸੂਰਜ ਜਿਹੀ ਸੂਰਤ ਸੀ।
ਜਿਦਾਂ ਆਦਰਸ਼ਕ ਹੁੰਦੀਆਂ ਪਾਤਰ ਸਤਿਕਾਰ ਦੀਆਂ।
ਸਤਿਗੁਰ ਬਲ ਬਖ਼ਸ਼ੇ ਚਿੜੀਆਂ ਬਾਜਾਂ ਨੂੰ ਮਾਰਦੀਆਂ।
ਸਤਿਗੁਰ ਬਲ ਬਖਸ਼ੇ ਮੇਰਾ।

ਪਾਈ ਰਣ ਫ਼ਤਹਿ ਕਿਸ ਤਰ੍ਹਾਂ ਦੁਸ਼ਟਾਂ ਨਾਲ ਲੜ ਕੇ ਸੀ।
ਸਿੱਖ ਨੇ ਸਭ ਕਹੀ ਵਾਰਤਾ ਸਾਰਿਆਂ ਵਿਚ ਖੜ੍ਹ ਕੇ ਸੀ।
ਜੈ ਜੈ ਸਭ ਬੋਲਣ ਸੁਣ ਕੇ ਸੰਗਤਾਂ ਦਰਬਾਰ ਦੀਆਂ।
ਸਤਿਗੁਰ ਬਲ ਬਖ਼ਸ਼ੇ ਚਿੜੀਆਂ ਬਾਜਾਂ ਨੂੰ ਮਾਰਦੀਆਂ।
ਸਤਿਗੁਰ ਬਲ ਬਖਸ਼ੇ ਮੇਰਾ।

ਕਲਗੀਧਰ ਧਰਮੀ ਧੀ ਨੂੰ ਸੀਨੇ ਨਾਲ ਲਾਇਆ ਸੀ।
ਦੁਰਗਾ ਅਵਤਾਰ ਆਖ ਕੇ ਮੁੱਖ ਤੋਂ ਵਡਿਆਇਆ ਸੀ।
ਏਦਾਂ ਦੀਆਂ ਹੋਣ ਯੁਵਤੀਆਂ ਜੇਤੂ ਸੰਸਾਰ ਦੀਆਂ।
ਸਤਿਗੁਰ ਬਲ ਬਖ਼ਸ਼ੇ ਚਿੜੀਆਂ ਬਾਜਾਂ ਨੂੰ ਮਾਰਦੀਆਂ।
ਸਤਿਗੁਰ ਬਲ ਬਖਸ਼ੇ ਮੇਰਾ।

ਬੋਲੇ ਗੁਰਸਿੱਖ ਸੰਗਤਾਂ ਨੂੰ, ਸਾਡਾ ਏਹ ਕਹਿਣਾ ਏ।
ਹੋ ਕੇ ਹੁਣ ਸ਼ਸਤਰਧਾਰੀ ਸਭਨਾਂ ਨੇ ਰਹਿਣਾ ਏਂ।
ਬਰਛੇ, ਤੁੱਪਕ, ਤੀਰ, ਧਨੁਸ਼ ਲਓ, ਤੇਗਾਂ ਸ਼ੁੱਧ ਸਾਰ ਦੀਆਂ।
ਸਤਿਗੁਰ ਬਲ ਬਖ਼ਸ਼ੇ ਚਿੜੀਆਂ ਬਾਜਾਂ ਨੂੰ ਮਾਰਦੀਆਂ।
ਸਤਿਗੁਰ ਬਲ ਬਖਸ਼ੇ ਮੇਰਾ।

ਗੁਰ-ਸਿੱਖ ਹੋ ਕਦੇ ਕਿਸੇ ਤੋਂ ਡਰਨਾ ਨਹੀਂ ਚਾਹੀਦਾ।
ਜੰਗ ਦੇ ਵਿਚ ਕਾਇਰਾਂ ਵਾਂਗੂੰ ਮਰਨਾ ਨਹੀਂ ਚਾਹੀਦਾ।
ਨਰਗਿਸ ਦਿਉ ਮੋੜ ਭਾਜੀਆਂ ਦੁਸ਼ਮਣ ਦੇ ਵਾਰ ਦੀਆਂ।
ਸਤਿਗੁਰ ਬਲ ਬਖ਼ਸ਼ੇ ਚਿੜੀਆਂ ਬਾਜਾਂ ਨੂੰ ਮਾਰਦੀਆਂ।
ਸਤਿਗੁਰ ਬਲ ਬਖਸ਼ੇ ਮੇਰਾ।

ਇਹ ਸੁਣ ਕੇ ਸੰਗਤਾਂ ਵਿਚ ਉਤਸ਼ਾਹ ਠਾਠਾਂ ਮਾਰਨ ਲੱਗ ਪਿਆ। ਸਤਿਗੁਰਾਂ ਨੇ ਇਸ ਬਹਾਦਰ ਲੜਕੀ ਦੀ ਆਪਣੇ ਪਾਵਨ ਮੁਖਾਰਬਿੰਦ ਤੋਂ ਪਰਸੰਸਾ ਕਰਕੇ ਇਸ ਨੂੰ ਮਾਣ ਬਖ਼ਸ਼ਿਆ ਤੇ ਫੁਰਮਾਇਆ ਹੋਰ ਸਿੱਖ ਬੱਚੀਆਂ ਨੂੰ ਵੀ ਇਸ ਬੀਬੀ ਵਾਂਗ ਸ਼ਸਤਰਧਾਰੀ ਹੋਣਾ ਚਾਹੀਦਾ ਹੈ। ਤਦੇ ਹੀ ਆਪਣੇ ਧਰਮ ਅਤੇ ਸ੍ਵੈ ਸਤਿਕਾਰ ਨੂੰ ਕਾਇਮ ਰਖਿਆ ਜਾ ਸਕਦਾ ਹੈ।

ਫੁਰਮਾਇਆ ਅੱਗੇ ਸਮਾਂ ਬਹੁਤ ਭਿਆਨਕ ਆਉਣ ਵਾਲਾ ਹੈ। ਉਸ ਸਮੇਂ ਦਾ ਮੁਕਾਬਲਾ ਕਰਨ ਲਈ ਹਰ ਇਕ ਮਾਈ ਭਾਈ ਨੂੰ ਤਿਆਰ-ਬਰਤਿਆਰ ਹੋਣਾ ਚਾਹੀਦਾ ਹੈ।

ਇਹ ਸਾਰਾ ਬਿਰਤਾਂਤ 1756 ਬਿਕ੍ਰਮੀ ਦੀ ਵੈਸਾਖੀ ਦੇ ਦਿਨਾਂ ਦਾ ਹੈ। ਇਸ ਘਟਨਾ ਤੋਂ ਕੁਝ ਦਿਨ ਬਾਅਦ ਹੀ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਦੀ ਚੋਣ ਕਰਕੇ ਸਿੱਖਾਂ ਨੂੰ ਸਿੰਘਾਂ ਦਾ ਸਰੂਪ ਦੇ ਕੇ ਇਕ ਕ੍ਰਿਸ਼ਮਾ ਕਰ ਵਿਖਾਇਆ। ਕਮਜ਼ੋਰ ਹਿੰਦੀਆਂ ਨੂੰ ਪਾਹੁਲ ਦੇ ਕੇ ਸ਼ੇਰਾਂ (ਸਿੰਘਾਂ) ਦਾ ਖਿਤਾਬ ਦੇ ਕੇ ਨਿਵਾਜ਼ਿਆ।

ਇਸ ਤੋਂ ਬਾਅਦ ਰੋਜ਼ਾਨਾ ਕਿਤਨੇ ਹੀ ਦਿਨ ਅੰਮ੍ਰਿਤ-ਸੰਚਾਰ ਦਾ ਪ੍ਰੋਗਰਾਮ ਚਲਦਾ ਰਿਹਾ। ਹਜ਼ਾਰਾਂ ਸੰਗਤਾਂ ਖੰਡੇ ਦਾ ਅੰਮ੍ਰਿਤ ਛੱਕ ਕੇ ਜਨਮ ਸਫਲੇ ਕਰ ਰਹੀਆਂ ਸਨ।

ਬੀਬੀ ਦੀਪੋ ਦਾ ਪਤੀ ਦੀਪੋ ਦੀ ਭਾਲ ਕਰਦਾ ਇਸ ਦੇ ਬਾਰੇ ਲੋਕਾਂ ਤੋਂ ਪੁੱਛਦਾ ਪੁਛਾਂਦਾ ਅਨੰਦਪੁਰ ਸਾਹਿਬ ਆ ਮਿਲਿਆ ਸੀ। ਇਹਨਾਂ ਦੋਹਾਂ ਨੇ ਵੀ ਅੰਮ੍ਰਿਤ ਪਾਨ ਕੀਤਾ। ਬੀਬੀ ਦੀਪੋ ਹੁਣ ਅੰਮ੍ਰਿਤਧਾਰੀ ਹੋ ਕੇ ਬੀਬੀ ਦੀਪ ਕੌਰ ਬਣ ਗਈ। ਇਸ ਤੋਂ ਬਾਅਦ ਉਹ ਵਾਪਿਸ ਘਰ ਨਹੀਂ ਗਏ। ਇਥੇ ਰਹਿ ਕੇ ਹੀ ਸੰਗਤ ਦੀ ਸੇਵਾ ਕਰਦੇ ਰਹੇ।

ਅੰਮ੍ਰਿਤ ਸੰਚਾਰ ਹੋਣ ਤੋਂ ਚਾਰ ਸਾਲ ਬਾਅਦ ਜਦੋਂ ਦਿੱਲੀ ਦੀਆਂ ਮੁਗਲ ਫੌਜ਼ਾਂ ਅਤੇ ਪਹਾੜੀਆਂ ਨੇ ਰਲ ਕੇ ਅਨੰਦਪੁਰ ਨੂੰ ਘੇਰਾ ਪਾ ਲਿਆ ਸੀ। ਇਸ ਧਰਮ-ਯੁੱਧ ਵਿਚ ਦੀਪ ਕੌਰ ਅਤੇ ਇਸ ਦਾ ਪਤੀ (ਜਿਸ ਦਾ ਨਾਮ ਅੰਮ੍ਰਿਤ ਛਕਾ ਕੇ ਤੇਜ ਰਾਮ ਤੋਂ ਜੀਵਨ ਸਿੰਘ ਰਖਿਆ ਗਿਆ ਸੀ) ਬੀਰਤਾ ਦੇ ਜ਼ੌਹਰ ਵਿਖਾਉਂਦੇ ਰਹੇ। ਜਦੋਂ ਗੁਰੂ ਜੀ ਨੇ ਅਨੰਦਪੁਰ ਨੂੰ ਛੱਡਿਆ, ਫੌਜ਼ਾਂ ਨਾਲ ਸਰਸਾ ਨਦੀ ਤੇ ਘਮਸਾਣ ਦਾ ਯੁੱਧ ਹੋਇਆ। ਉਸ ਜੰਗ ਵਿਚ ਭਾਈ ਉਦੈ ਸਿੰਘ ਦੇ ਜਥੇ ਵਿਚ ਸ਼ਾਮਿਲ ਹੋ ਕੇ (ਪਤੀ ਪਤਨੀ) ਦੋਨੋਂ ਆਪਣੀਆਂ ਜਿੰਦਾਂ ਧਰਮ ਤੋਂ ਨਿਸ਼ਾਵਰ ਕਰਕੇ ਸਦਾ ਲਈ ਇਤਿਹਾਸ ਵਿਚ ਅਮਰ ਹੋ ਗਏ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸਾ ਸਾਜ ਕੇ ਉਸ ਵਿਚ ਦੈਵੀ ਗੁਣਾਂ ਦਾ ਸੰਚਾਰ ਕੀਤਾ, ਉਸ ਨੂੰ ਸੰਤ ਅਤੇ ਸਿਪਾਹੀ ਦੋਨੋਂ ਗੁਣ ਦੇ ਕੇ ਸ਼ਕਤੀ ਦਾ ਮੁਜੱਸਮਾ ਬਣਾਇਆ। ਪ੍ਰੇਮ, ਗਰੀਬੀ, ਦਯਾ, ਖਿਮਾਂ ਆਦਿ ਗੁਣਾਂ ਵਿਚ ਭਰਪੂਰ ਕਰਕੇ ਬੀਰਤਾ, ਦ੍ਰਿੜਤਾ, ਸਵੈਮਾਨ ਸ਼ਕਤੀ ਉਤਪੰਨ ਕੀਤੀ। ਮਾਨਵਤਾ ਦੇ ਪੁਜਾਰੀ ਖਾਲਸੇ ਦਾ ਆਦਰਸ਼ ਇਹ ਹੈ।

ਸਿੰਘ ਗੁਰੂ ਦੇ

(ਕਲੀ)

ਕਰਣੀ ਸਿੰਘਾਂ ਵਰਗੀ ਕਰਨੀ ਸਭ ਤੋਂ ਔਖੀ ਐ,
ਆਉਂਦੇ ਜਾਂਦੇ ਬੰਦੇ ਲੱਖਾਂ ਵਿਚ ਸੰਸਾਰ ਦੇ।
ਸਿੱਖੀ ਸਿਦਕ ਦੀਆਂ ਇਤਿਹਾਸ ਗਵਾਹੀਆਂ ਭਰਦਾ ਹੈ,
ਰਹੇ ਆਜ਼ਾਦੀ ਬਦਲੇ ਲੱਖਾਂ ਦੁੱਖ ਸਹਾਰਦੇ।
ਸਾਬਤ ਸੂਰਤ ਅੰਮ੍ਰਿਤਧਾਰੀ ਪਾਲਕ ਦੀਨਾਂ ਦੇ,
ਨਿਰਪੱਖ ਨਿਰਭੈ ਸੂਰੇ ਸਾਜੇ ਕਲਗੀਧਰ ਦੇ।
ਭਗਤ ਅਕਾਲ ਪੁਰਖ ਦੇ ਦਾਨੀ ਨੇ ਸਰਬੰਸਾਂ ਦੇ,
ਪੂਰੇ ਪ੍ਰਉਪਕਾਰੀ ਧਨੀ ਤੀਰ ਤਲਵਾਰ ਦੇ।

ਸਾਰਾ ਜੱਗ ਜਾਣਦਾ ਪ੍ਰਬਲ, ਸਾਨੀ-ਸ਼ੇਰਾਂ ਦੇ,
ਬੋਤਾ, ਗਰਜਾ ਦੋ ਸਿੱਖ ਲੜੇ ਨਾਲ ਸਰਕਾਰ ਦੇ।
ਜਿਨ੍ਹਾਂ ਖਾਤਰ ਲੜਦੇ ਉਹ ਵੀ ਧੋਖਾ ਕਰਦੇ ਰਹੇ,
ਗੈਰਤ ਹੀਣੇ ਰਾਜੇ ਬੁਜ਼ਦਿਲ ਬਾਈਧਾਰ ਦੇ।
ਚਾਲੀ, ਦਸ ਲੱਖ ਦੇ ਨਾਲ ਲੜੇ ਛਾਤੀਆਂ ਤਾਣ ਕੇ।
ਸੋਚੀਂ ਮਹਾਂਰਥੀ ਪਏ ਜੌਹਰ ਦੇਖ ਤਲਵਾਰ ਦੇ।
ਲੜ ਕੇ ਬਿਨਾਂ ਸਿਰਾਂ ਤੋਂ ਨਿਯਤ ਤੋੜਤੇ ਮਲਕਲ ਦੇ,
ਮੌਤ ਸਵਾਲੀ ਬਣਦੀ ਬੂਹੇ ਸਿੰਘ ਸਰਦਾਰ ਦੇ।
ਕਮਸਿਨ ਬਾਲਕ ਕਰ ਗਏ ਕਾਇਮ ਮਿਸਾਲਾਂ ਦੁਨੀਆਂ ਤੇ,
ਮਰਨੋਂ ਡੋਲੇ ਨਾ ਹੱਸ ਖੜ ਗਏ ਵਿਚ ਦਿਵਾਰ ਦੇ।
ਤੂੰਮਤੇ ਚਰਖੜੀਆਂ ਤੇ ਬੇਲਣਿਆਂ ਵਿਚ ਪੀੜਤੇ,
ਬੰਦੋ ਬੰਦ ਖੋਲ੍ਹ ਕੇ ਖੋਪਰ ਸਿਰੋਂ ਉਤਾਰਦੇ।
ਭਾਰੇ ਪੱਥਰ ਵੈਰੀ ਛਾਤੀ ਉਤੇ ਧਰਦੇ ਸੀ,
ਖੋਪੜ ਤੋੜੇ ਭੰਨ ਭੰਨ ਮੁੰਗਲੀਆਂ ਨਾਲ ਮਾਰਦੇ।
ਨੋਚੇ ਨਾਲ ਜੰਮੂਰਾਂ ਸਾੜੇ ਧਰ ਅੰਗਿਆਰਾਂ ਤੇ,
ਆਖਰ ਦਮ ਤੱਕ ਰਹਿੰਦੇ ਨਾਨਕ ਨਾਮ ਚਿਤਾਰਦੇ।
ਟੱਕਰ ਰਹੀ ਜ਼ੁਲਮ ਦੇ ਨਾਲ ਹਮੇਸ਼ਾਂ ਸਿੰਘਾਂ ਦੀ,
ਕੱਟੇ ਪੁਰਜਾ ਪੁਰਜਾ ਸਿੱਖੀ ਸਿਦਕ ਨਾ ਹਾਰਦੇ।
ਨਿਰਪੱਖ ਲੋਕ ਜਦੋਂ ਇਤਿਹਾਸ ਵਾਚਦੇ ਸਿੱਖਾਂ ਦਾ,
ਸਭ ਦੇ ਸਿਰ ਝੁਕ ਜਾਂਦੇ ਨਾਲ ਅਦਬ ਸਤਿਕਾਰ ਦੇ।
ਕਰਦੇ ਕਿਰਤ ਧਰਮ ਦੀ ਭਲਾ ਲੋੜਦੇ ਸਭਨਾਂ ਦਾ,
ਮਾਨਵ ਇਕ ਸਮਝਦੇ 'ਨਰਗਿਸ' ਪੁਤਲੇ ਪਿਆਰ ਦੇ।



ਪ੍ਰਸੰਗ ਬਹਾਦਰ ਬਲਵੰਤ ਕੌਰ

ਤਰ ਕਿਤਾਬਾਂ —

ਪ੍ਰਸੰਗ ਬਹਾਦਰ ਬਲਵੰਤ ਕੌਰ

ਦਸਮੇਸ਼ ਮੰਗਲ

(ਕਲੀ)

ਨੂਰੀ ਕਲਗੀ ਵਾਲੇ ਸਤਿਗੁਰ ਸੋਢੀ ਪਾਤਸ਼ਾਹ,
ਕੀਤੇ ਦੁਨੀਆਂ ਉਤੇ ਆ ਕੇ ਚੋਜ ਨਿਆਰੇ।
ਵਧਿਆ ਜ਼ੁਲਮ ਜਦੋਂ ਜੱਗ ਹਾਨੀ ਹੋਈ ਧਰਮਾਂ ਦੀ,
ਦੁਖੀਏ ਦੀਨ ਤਿਹਾਰੇ ਦਰ ਤੇ ਆਣ ਪੁਕਾਰੇ।
ਰੱਖਿਆ ਕਰਮ ਧਰਮ ਕੁਰਬਾਨੀ ਦੇ ਕੇ ਬਾਪੂ ਦੀ,
ਲਾ ਗਲ ਦੁਖੀਆਂ ਨੂੰ, ਜ਼ਰਵਾਣੇ ਜ਼ਾਲਮ ਮਾਰੇ।
ਜੀਣਾ ਦੂਜਿਆਂ ਲਈ ਦਰਸਾ ਗਏ ਪੰਥਕ ਰਾਹੀਆਂ ਨੂੰ,
ਸਾਜਿਆ ਪੰਥ ਭੇਦ-ਭਿੰਨ ਰਹਿਤ ਚੁਣੇ ਪੰਜ ਪਿਆਰੇ।
ਬਾਝਾਂ ਫੌਜ ਫਰਸ਼ ਤੋਂ ਲੜਿਆ ਨਾਲ ਹਕੂਮਤ ਦੇ,
ਜਿੱਤਾਂ ਪਾਈਆਂ ਇਕ ਅਕਾਲ ਦੇ ਸਹਾਰੇ।
ਮਾਤਾ, ਪਿਤਾ, ਨਿਛਾਵਰ ਕੀਤੇ ਦੀਨ ਯਤੀਮਾਂ ਤੋਂ,
ਕੋਮਲ ਸੁਮਨ ਟਹਿਕਦੇ ਲਾਲ ਵਾਰਤੇ ਚਾਰੇ।
ਛੱਡ ਘਰ ਘਾਟ ਦੁੱਖਾਂ ਵਿਚ ਪਾਇਆ ਕੋਮਲ ਜਿੰਦੜੀ ਨੂੰ,
ਸੇਜਾ ਸੂਲਾਂ ਦੀ ਤੇ ਪੈ ਕੇ ਵਕਤ ਗੁਜ਼ਾਰੇ।
'ਨਰਗਿਸ', ਪੰਥ ਦੀਆਂ ਅੱਜ ਗੂੰਜਾਂ ਸਾਰੀ ਦੁਨੀਆਂ ਤੇ,
ਮੰਗਦੇ ਭਲਾ ਸਰਬ ਦਾ ਲਾ ਕੇ ਚੋਟ ਨਗਾਰੇ।

ਅੰਮ੍ਰਿਤਸਰ ਦੇ ਰਹਿਣ ਵਾਲਾ ਹਰਦਮ ਖੱਤਰੀ ਤੇ ਉਸ ਦੀ ਪਤਨੀ ਫੱਤੋ ਦੇ ਘਰ ਸ਼ਾਦੀ ਤੋਂ ਕਈ ਸਾਲ ਬਾਅਦ ਵੀ ਕੋਈ ਬੱਚਾ ਨਾ ਹੋਇਆ। ਮਮਤਾ ਦੇ ਮਾਰੇ ਉਹ ਸੋਚਦੇ ਸਨ ਕਿ

ਕੋਈ ਬੱਚਾ ਗੋਦ ਪਾ ਲਈਏ, ਪਰ ਬੱਚਾ ਮਿਲੇ ਕਿਥੋਂ? ਇਨ੍ਹਾਂ ਦੇ ਗਵਾਂਢ ਇਕ ਗਰੀਬ ਗੁਰਸਿੱਖ ਪ੍ਰਵਾਰ ਭਾਈ ਧੰਨਾ ਤੇ ਉਸ ਦੀ ਪਤਨੀ ਕਰਤਾਰੀ ਰਹਿੰਦੇ ਸਨ। ਇਹ ਦੋਵੇਂ ਨੇਕ ਅਤੇ ਧਾਰਮਿਕ ਪ੍ਰਵਿਰਤੀ ਵਾਲੇ ਸਨ ਪਰ ਆਰਥਕ ਪੱਖੋਂ ਬਹੁਤ ਕਮਜ਼ੋਰ ਸਨ। ਇਨ੍ਹਾਂ ਦੇ ਘਰ ਪ੍ਰਮਾਤਮਾ ਨੇ ਤਿੰਨ ਲੜਕੇ ਤੇ ਦੋ ਲੜਕੀਆਂ ਪੰਜ ਬੱਚੇ ਦੇ ਰੱਖੇ ਸਨ, ਛੇਵੇਂ ਬੱਚੇ ਨੇ ਜਨਮ ਲੈਣਾ ਸੀ। ਇਕ ਦਿੰਨ ਫਤੋ ਤੇ ਕਰਤਾਰੀ ਆਪਸ ਵਿਚ ਗੱਲਾਂ ਕਰਦੀਆਂ ਸਨ, ਫੱਤੋਂ ਨੇ ਔਲਾਦ ਦੀ ਅਣਹੋਂਦ ਦਾ ਜ਼ਿਕਰ ਕਰਦਿਆਂ ਅੱਖਾਂ ਭਰ ਲਈਆਂ, ਦਇਆਵਾਨ ਕਰਤਾਰੀ ਦਾ ਦਿਲ ਪਸੀਜ ਗਿਆ। ਉਸ ਨੇ ਫੱਤੋਂ ਨਾਲ ਇਹ ਕੌਲ ਕਰ ਲਿਆ ਕਿ ਭੈਣ! ਐਤਕਾਂ ਵਾਹਿਗੁਰੂ ਸਾਨੂੰ ਜੋ ਬੱਚਾ ਦੇਵੇਗਾ ਲੜਕਾ ਜਾਂ ਲੜਕੀ ਉਹ ਮੈਂ ਤੇਰੀ ਝੋਲੀ ਪਾ ਦਿਆਂਗੀ।

ਸੋ ਐਤਕਾਂ ਵੀ ਲੜਕੇ ਨੇ ਹੀ ਜਨਮ ਲਿਆ, ਦੋਵੇਂ ਦੰਪਤੀਆਂ ਨੂੰ ਖੁਸ਼ੀ ਹੋਈ। ਜਨਮ ਤੋਂ ਥੋੜ੍ਹਾ ਸਮਾਂ ਬਾਅਦ ਹੀ ਕਰਤਾਰੀ ਨੇ ਬੱਚਾ ਫੱਤੋ ਦੀ ਗੋਦ ਪਾ ਦਿੱਤਾ। ਧੰਨੇ ਨੇ ਹਰਦਮ ਤੋਂ ਇਹ ਬਚਨ ਲੈ ਲਿਆ ਕਿ ਇਸ ਬੱਚੇ ਨੂੰ ਸਿੱਖੀ ਸਰੂਪ ਵਿਚ ਰੱਖਿਆ ਜਾਵੇ ਜੋ ਹਰਦਮ ਨੇ ਖੁਸ਼ੀ ਖੁਸ਼ੀ ਮੰਨ ਲਿਆ। ਬੱਚਾ ਗੋਰੇ ਰੰਗ ਦਾ ਹੋਣ ਕਰਕੇ ਉਸ ਦਾ ਨਾਂ ਵੀ ਗੋਰਾ ਹੀ ਰੱਖ ਲਿਆ। ਇਸ ਦੀ ਚੰਗੀ ਪਰਵਰਿਸ਼ ਹੋਣ ਕਰਕੇ ਗੋਰਾ ਛੇਤੀ ਹੀ ਜਵਾਨ ਹੋ ਗਿਆ।

(ਮਿਰਜ਼ਾ)

ਗੋਰਾ ਗੱਭਰੂ ਹੋ ਗਿਆ ਰੋਜ਼ ਨਿਹਮਤਾਂ ਖਾ।
ਸਿਆਣਾ ਸੋਹਣਾ ਚੁਲਬੁਲਾ ਮਿੱਠਾ ਸ਼ਹਿਦ ਸੁਭਾ।
ਲੰਬਾ ਕੱਦ ਸਡੌਲ ਦੇਹ, ਮੁਖੜਾ ਮਾਰੇ ਭਾਹ।
ਪਿਆਰਾ ਮਾਤਾ ਪਿਤਾ ਨੂੰ ਪਲ ਨਾ ਕਰਨ ਵਿਸਾਹ।
ਹੋ ਗਿਆ ਠਾਰਾਂ ਸਾਲ ਦਾ ਕਰਨਾ ਚਾਹੁਣ ਵਿਆਹ।
ਨਗਰ ਬਟਾਲਿਓਂ ਕੇਹਰ ਸਿੰਘ ਗਿਆ ਛੁਹਾਰਾ ਲਾ।
ਕਰ ਗੋਰੇ ਦੀ ਮੰਗਣੀ ਮਾਪਿਆਂ ਖੁਸ਼ੀ ਅਥਾਹ।
ਛੇਤੀ ਸ਼ਾਦੀ ਕਰਨ ਦਾ ਮਨ ਵਿਚ ਸੀ ਉਤਸ਼ਾਹ।

ਬਟਾਲੇ ਦਾ ਕੇਹਰ ਸਿੰਘ ਚੰਗਾ ਸਰਦਾ ਪੁਜਦਾ ਆਦਮੀ ਸੀ ਉਸ ਨੂੰ ਪਤਾ ਲੱਗਾ ਕਿ ਅੰਮ੍ਰਿਤਸਰ ਵਾਲਾ ਹਰਦਮ ਖੱਤਰੀ ਚੰਗੀ ਸੰਪਤੀ ਦਾ ਮਾਲਕ ਹੈ ਉਸ ਦੀ ਜਾਇਦਾਦ ਦਾ ਮਾਲਕ ਉਸ ਦਾ ਇਕੋ ਇਕ ਲੜਕਾ ਗੋਰਾ ਹੈ, ਕੇਹਰ ਸਿੰਘ ਆਪਣੀ ਲੜਕੀ ਰੂਪ ਕੌਰ ਦੀ ਮੰਗਣੀ ਗੋਰੇ ਨਾਲ ਕਰ ਗਿਆ।

ਇਨ੍ਹਾਂ ਦਿਨਾਂ ਵਿਚ ਹਰਦਮ ਦੇ ਘਰ ਖੁਸ਼ੀਆਂ ਵਿਚ ਇਕ ਹੋਰ ਖੁਸ਼ੀ ਹੋਈ, ਜਿਸ ਦਾ ਕੋਈ ਪਾਰਾਵਾਰ ਨਾ ਰਿਹਾ, ਫੱਤੋ ਨੂੰ ਆਪਣੇ ਅਰਧਾਨ ਦਾ ਅਹਿਸਾਸ ਹੋਇਆ, ਫੱਤੋ ਹੁਣ ਮਾਂ ਬਣਨ ਵਾਲੀ ਸੀ ਸਮਾਂ ਹੋਣ ਤੇ ਲੜਕੇ ਨੇ ਜਨਮ ਲਿਆ ਘਰ ਵਿਚ ਰੌਣਕਾਂ ਹੀ ਰੌਣਕਾਂ ਸੀ ਲੜਕੇ ਦਾ ਨਾਮ 'ਰੌਸ਼ਨ' ਰੱਖਿਆ।

ਜਿਉਂ ਜਿਉਂ ਰੌਸ਼ਨ ਵੱਡਾ ਹੋਵੇ, ਤਿਉਂ ਤਿਉਂ ਗੋਰੇ ਦਾ ਮਾਪਿਆ ਦੇ ਦਿਲਾਂ ਚੋਂ ਪਿਆਰ ਘਟਦਾ ਜਾਵੇ। ਹਰਦਮ ਫੱਤੋ ਨੂੰ ਹੁਣ ਗੋਰਾ ਚੰਗਾ ਨਹੀਂ ਲੱਗਦਾ ਸੀ ਦਿਨੋਂ ਦਿਨ ਉਨ੍ਹਾਂ ਨੂੰ ਗੋਰੇ ਨਾਲ ਨਫ਼ਰਤ ਹੋ ਰਹੀ ਸੀ, ਹੁਣ ਉਹ ਰੌਸ਼ਨ ਤੋਂ ਬਗੈਰ ਆਪਣੀ ਮਲਕੀਅਤ ਦਾ ਕਿਸੇ ਨੂੰ ਹਿੱਸੇਦਾਰ ਬਣਿਆਂ ਦੇਖਣਾ ਨਹੀਂ ਸਨ ਚਾਹੁੰਦੇ।

ਇਕ ਦਿਨ ਬੰਦਾਂ ਬਟਾਲੇ ਤੋਂ ਗੋਰੇ ਦੀ ਸਾਹੇ ਚਿੱਠੀ ਲੈ ਕੇ ਆਇਆ ਫੱਤੋ ਚਿੱਠੀ ਲੈਣ ਤੋਂ ਕੁਝ ਇਨਕਾਰੀ ਦੇ ਰੌ 'ਚ ਸੀ, ਪਰ ਹਰਦਮ ਦੇ ਸਮਝਾਉਣ ਤੇ ਕਿ ਆਪਣੀ ਉਨ੍ਹਾਂ ਵੱਲ ਦੋ ਹਜ਼ਾਰ ਦੀ ਚੀਜ਼ ਵਸਤ ਗਈ ਹੋਈ ਹੈ ਜੇ ਨਾ ਵਿਆਹ ਕੀਤਾ ਉਹ ਉਨ੍ਹਾਂ ਕੋਲ ਹੀ ਰਹਿ ਜਾਇਗੀ, ਇਹ ਸੋਚ ਕੇ ਸਾਹੇ ਚਿੱਠੀ ਲੈ ਲਈ ਤੇ ਸਾਹਾ ਸਧਾ ਕੇ ਭੇਜ ਦਿੱਤਾ। ਬਟਾਲੇ ਵਾਲਿਆਂ ਨੇ ਪੂਰਨਮਾਸ਼ੀ ਦਾ ਦਿਨ ਚੰਗਾ ਸਮਝ ਕੇ ਵਿਆਹ ਲਿਖ ਘੱਲਿਆ ਹਰਦਮ ਨੇ ਮਨਜ਼ੂਰ ਕਰ ਲਿਆ। ਦਿਨ ਆਉਣ ਤੇ ਥੋੜ੍ਹੀ ਜਿਹੀ ਬਰਾਤ ਲੈ ਕੇ ਬਟਾਲੇ ਪਹੁੰਚੇ।

ਅਨੰਦ ਕਾਰਜ ਤੋਂ ਪਹਿਲਾਂ, ਅਨੰਦ ਕਾਰਜ ਦੀ ਰਸਮ ਅਦਾਅ ਕਰਨ ਵਾਲੇ ਗੁਰਸਿੱਖਾਂ ਨੇ, ਲੜਕੇ ਵਾਲਿਆਂ ਨੂੰ ਕਹਿ ਭੇਜਿਆ ਕਿ ਵਿਆਹ ਵਾਲੀ ਜੋੜੀ ਨੂੰ ਪਹਿਲਾਂ ਅੰਮ੍ਰਿਤਪਾਨ ਕਰਾਇਆ ਜਾਵੇਗਾ ਫੇਰ ਅਨੰਦਕਾਰਜ ਦੀ ਰਸਮ ਪੂਰੀ ਕੀਤੀ ਜਾਵੇਗੀ।

(ਕਲੀ)

ਪੜ੍ਹ ਕੇ ਪੰਜ ਬਾਣੀਆਂ ਪੂਰਨ ਪੰਜਾਂ ਸਿੰਘਾਂ ਨੇ,
ਪਹਿਲਾਂ ਸਿੱਖ ਜੋੜੀ ਨੂੰ ਅੰਮ੍ਰਿਤਪਾਨ ਕਰਾਇਆ।
ਨਾਂ ਬਲਵੰਤ ਕੌਰ ਬਦਲਾ ਕੇ ਰੱਖਿਆ ਲੜਕੀ ਦਾ,
ਗੁਰਮੁਖ ਸਿੰਘ ਨਵਾਂ ਨਾਂ ਲੜਕੇ ਦਾ ਰਖਵਾਇਆ।
ਸਾਦੇ ਬਸਤਰ ਤਨ ਪਹਿਨਾ ਕੇ ਲੜਕੇ ਲੜਕੀ ਨੂੰ,
ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਆਣ ਬਿਠਾਇਆ।
ਲਾਵਾਂ ਪੜ੍ਹ ਪ੍ਰਕਰਮਾ ਕਰੀਆਂ ਗੁਰੂ ਗ੍ਰੰਥ ਦੀਆਂ,
ਅਨੰਦ ਪੜ੍ਹ ਕੇ ਭਾਈਆਂ ਕਾਰਜ ਸਿਰੇ ਚੜ੍ਹਾਇਆ।

ਦੇ ਗੁਰਮੱਤ ਮੁਤਾਬਿਕ ਸਿੱਖਿਆ ਗ੍ਰਿਸਤਾਸ਼ਰਮ ਦੀਆਂ,
ਚਾਹੀਏ ਸਿੱਖ ਦੰਪਤਿ ਨੂੰ ਜੀਵਨ ਕਿਵੇਂ ਬਿਤਾਇਆ।
ਜਪਣਾ ਨਾਮ ਔਰ ਵੰਡ ਛਕਣਾ ਸੇਵਾ ਸੰਗਤਾਂ ਦੀ,
ਕਰਨੀ ਕਿਰਤ ਧਰਮ ਦੀ ਦੱਸ ਕੇ ਦ੍ਰਿੜ ਕਰਾਇਆ।
ਕੱਢ ਦਸਵੰਧ ਗੁਰੂ ਦਾ ਦੇਣਾ ਦਾਨ ਗਰੀਬਾਂ ਨੂੰ,
ਹਰ ਗੁਰਸਿੱਖ ਵਾਸਤੇ ਸਤਿਗੁਰ ਹੈ ਦਰਸਾਇਆ।
ਗੁੱਗਾ, ਗੋਰ, ਮੜ੍ਹੀ, ਮਠ, ਪੂਜਾ ਭੂਤ ਪ੍ਰੇਤਾਂ ਦੀ,
ਫੋਕਟ ਕਰਮ ਕਰਨ ਤੋਂ ਸਿੱਖ ਨੂੰ ਬਰਜ ਹਟਾਇਆ।
ਪੂਜਾ ਕਰਨੀ ਦੱਸੀ ਇਕੋ ਇਕ ਅਕਾਲ ਦੀ,
ਦੇਵੀ ਦੇਵ ਹੋਰ ਨਾ ਚਾਹੀਏ ਇਸ਼ਟ ਬਣਾਇਆ।
ਸਿੱਖਿਆ ਸੁਣ ਕੇ ਮੱਥਾ ਟੇਕਿਆ ਨਿਉਂਕੇ ਜੋੜੀ ਨੇ,
ਚਮਕੇ ਚਿਹਰੇ 'ਨਰਗਿਸ' ਚੜ੍ਹਿਆ ਰੂਪ ਸਵਾਇਆ।

ਜੋੜੀ ਨੂੰ ਅੰਮ੍ਰਿਤ ਪਾਨ ਕਰਾ ਕੇ ਗੋਰੇ ਦਾ ਨਾਮ ਗੁਰਮੁਖ ਸਿੰਘ ਅਤੇ 'ਰੂਪ' ਦਾ ਨਾਮ ਬਦਲ ਕੇ ਬਲਵੰਤ ਕੌਰ ਰੱਖਿਆ ਗਿਆ। ਵਿਆਹ ਦੀਆਂ ਰਸਮਾਂ ਪੂਰੀਆਂ ਹੋਣ ਤੋਂ ਬਾਅਦ ਪ੍ਰਸ਼ਾਦ ਪਾਣੀ ਛੱਕ ਕੇ ਵਿਦੈਗੀ ਹੋਈ। ਡੋਲੀ ਲੈ ਕੇ ਵਾਪਸ ਅੰਮ੍ਰਿਤਸਰ ਨੂੰ ਪਰਤੇ ਡੋਲੀ ਘਰ ਆਈ ਕੁੜੀਆਂ ਚਿੜੀਆਂ ਨੇ ਗੀਤ ਗਾਏ ਬੱਸ ਇਕ ਰਸਮ ਜਿਹੀ ਹੀ ਪੂਰੀ ਕੀਤੀ, ਕੋਈ ਉਤਸ਼ਾਹ ਨਹੀਂ ਸੀ। ਫੱਤੋ ਤੇ ਕੇਹਰੇ ਦੇ ਚਿਹਰੇ ਤੇ ਤਾਂ ਜਿਵੇਂ ਮਲਾਲ ਛਾਇਆ ਹੋਇਆ ਸੀ।

ਦੂਸਰੇ ਦਿਨ ਡੋਲੀ ਵਾਪਸ ਮੋੜ ਦਿੱਤੀ ਪਰ ਤੀਜੇ ਦਿਨ ਹੀ ਫੇਰ ਰੱਥ ਵਾਪਿਸ ਆ ਗਿਆ। ਹਰਦਮ ਨੇ ਗੁਰਮੁਖ ਨੂੰ ਦੱਸਿਆ, ਕਾਕਾ ਤਿਆਰ ਹੋ ਜਾ ਤੈਂ ਮੁਕਲਾਵਾ ਲੈਣ ਜਾਣਾ ਹੈ। ਗੁਰਮੁਖ ਸਿੰਘ ਪਿਤਾ ਦੀ ਆਗਿਆ ਅਨੁਸਾਰ ਕੱਪੜੇ ਪਾ ਕੇ ਤਿਆਰ ਹੋ ਗਿਆ। ਨਾਲ ਹਰਦਮ ਵੀ ਤਿਆਰ ਹੋ ਗਿਆ ਰੱਥ ਲੈ ਕੇ ਬਟਾਲੇ ਨੂੰ ਚਲ ਪਏ।

ਸਹੁਰਿਆਂ ਦੇ ਘਰ ਪਹੁੰਚੇ ਤਾਂ ਅੱਗੋਂ ਕੇਹਰਾ (ਸਹੁਰਾ) ਮਿਲਿਆ ਕੁੜਮਾਂ ਨੇ ਹੱਥ ਮਿਲਾਇਆ ਤੇ ਗੁਰਮੁਖ ਸਿੰਘ ਨੇ ਫਤਹਿ ਬੁਲਾਈ। ਅੱਗੇ ਗਏ ਸੱਸ ਨੂੰ ਅਦਬ ਸਹਿਤ ਫਤਹਿ ਬੁਲਾਈ ਸੱਸ ਨੇ ਵੀ ਪਿਆਰ ਦਿੱਤਾ। ਕੁੜਮਾਂ ਨੇ ਆਪਸ ਵਿਚ ਥੋੜ੍ਹਾ ਚਿਰ ਕੋਈ ਗੁਫਤ-ਗੂ ਕੀਤੀ। ਫਿਰ ਕੇਹਰਾ ਗੁਰਮੁਖ ਸਿੰਘ ਨੂੰ ਇਕ ਨਿਵੇਕਲੇ ਕਮਰੇ ਵਿਚ ਲੈ ਆਇਆ ਇਸ ਨੂੰ ਮੰਜੇ ਤੇ ਬੈਠਣ ਦਾ ਇਸ਼ਾਰਾ ਕਰਕੇ ਆਪ ਬਾਹਰ ਨਿਕਲ ਆਇਆ। ਤਾਕ ਬੰਦ ਕਰਕੇ ਬਾਹਰੋਂ ਜੰਦਰਾ ਲਾ ਦਿੱਤਾ। ਅੰਦਰੋਂ ਗੁਰਮੁਖ ਸਿੰਘ ਨੇ ਕੁਝ ਹੈਰਾਨੀ ਨਾਲ ਪੁਛਿਆ ਤਾਂ ਕੇਹਰੇ

ਨੇ ਆਖਿਆ, ਤੂੰ ਥੱਕਿਆ ਆਇਆ ਹੈਂ ਐਵੇਂ ਕੁੜੀਆਂ ਤੈਨੂੰ ਆ ਕੇ ਬੇਅਰਾਮ ਨਾ ਕਰਨ ਐਸਾ ਇਸ ਕਰਕੇ ਕੀਤਾ ਹੈ ਤੂੰ ਆਰਾਮ ਕਰ ਲੈ, ਪ੍ਰਸ਼ਾਦ ਤਿਆਰ ਕਰਕੇ ਤੈਨੂੰ ਲੈ ਜਾਵਾਂਗੇ ਇਤਨਾ ਕਹਿ ਕੇ ਕੇਹਰਾ ਚਲਾ ਗਿਆ। ਹਰਦਮ ਨੂੰ ਲੈ ਕੇ ਇਕ ਸੱਖਣੇ ਕਮਰੇ ਵਿਚ ਬੈਠ ਕੇ ਗੁਰਮੁਖ ਸਿੰਘ ਨੂੰ ਬਿਲੇ ਲਾਉਣ ਦੀਆਂ ਸਕੀਮਾਂ ਕਰਨ ਲੱਗੇ।

(ਸਾਕਾ)

ਹਰਦਮ ਸ਼ਾਹ ਤੇ ਕੇਹਰ ਸਿੰਘ ਕਮਰੇ ਵਿਚ ਜਾ ਕੇ।
ਬਹਿ ਗਏ ਆਹਮੋਂ ਸਾਹਮਣੇ ਦਰ ਕੁੰਡੀ ਲਾ ਕੇ।
ਕਰਦੇ ਕੋਈ ਮਸ਼ਵਰਾ ਲੁਕ ਭੇਦ ਛੁਪਾ ਕੇ।
ਰਾਹ ਚੋਂ ਕੰਡਾ ਕੱਢੀਏ ਹੁਣ ਵਿਉਂਤ ਬਣਾ ਕੇ।
ਮਾਰ ਦੀਏ ਮਰਦੂਦ ਨੂੰ ਖਾਣੇ ਵਿਹੁ ਪਾ ਕੇ।
ਲਾਸ਼ ਦਬਾਈਏ ਖੇਤ ਵਿਚ ਖਾਤਾ ਖਟਵਾ ਕੇ।
ਸੰਵੀਏਂ ਨੀਂਦ ਆਰਾਮ ਦੀ ਅੱਜ ਅਲਖ ਮੁਕਾ ਕੇ।
ਸੁਣ ਗਈ ਸਭ ਬਲਵੰਤ ਕੌਰ ਖਿੜਕੀ ਕੰਨ ਲਾ ਕੇ।

ਬੀਬੀ ਬਲਵੰਤ ਕੌਰ ਨੂੰ ਆਪਣੇ ਪਿਤਾ ਕੇਹਰ ਸਿੰਘ ਅਤੇ ਸਹੁਰੇ ਹਰਦਮ ਦੀਆਂ ਹਰਕਤਾਂ ਕੁਝ ਸ਼ੱਕੀ ਮਹਿਸੂਸ ਹੋਈਆਂ, ਰਾਤ ਦੇ ਹਨੇਰੇ ਦਾ ਲਾਭ ਉਠਾ ਕੇ ਉਸ ਕਮਰੇ ਦੀ ਬਾਰੀ ਕੋਲ ਕੰਨ ਲਾ ਕੇ ਬਿੜਕ ਲੈਣ ਲੱਗੀ, ਉਹ ਗੁਰਮੁਖ ਸਿੰਘ ਨੂੰ ਬਿਲੇ ਲਾਉਣ ਦੀਆਂ ਗੱਲਾਂ ਕਰ ਰਹੇ ਸਨ। ਇਕ ਵਾਰ ਤਾਂ ਉਹ ਸੁਣ ਕੇ ਸੁੰਨ ਜਿਹੀ ਹੋ ਗਈ ਪਰ ਛੇਤੀ ਸੰਭਲ ਗਈ। ਹੌਂਸਲਾ ਕਰਕੇ ਉਨ੍ਹਾਂ ਦੀ ਸਾਜ਼ਿਸ਼ ਨਾਕਾਮ ਕਰਨ ਦੀ ਕੋਸ਼ਿਸ਼ ਕਰਨ ਲੱਗੀ। ਕਾਹਲੀ ਨਾਲ ਜਾ ਕੇ ਉਸ ਗੁਰਮੁਖ ਸਿੰਘ ਦਾ ਕਮਰਾ ਖੋਹਲਿਆ ਅੰਦਰ ਪਰਵੇਸ਼ ਕਰ ਗਈ ਤੇ ਮੋਮਬੱਤੀ ਜਗਾਈ ਗੁਰਮੁਖ ਸਿੰਘ ਇਕ ਜੁਆਨ ਲੜਕੀ ਰਾਤ ਦੇ ਹਨੇਰੇ 'ਚ ਅੰਦਰ ਆਈ ਦੇਖ ਕੇ ਪਹਿਲਾਂ ਤਾਂ ਕੁਝ ਹੈਰਤ ਜਿਹੀ ਨਾਲ ਸੋਚਣ ਲੱਗਾ। ਫਿਰ ਕੁਝ ਰਾਹਤ ਮਹਿਸੂਸ ਕਰਨ ਲੱਗਾ ਕੁਝ ਬੋਲਣ ਹੀ ਲੱਗਾ ਸੀ ਪਰ ਉਸ ਲੜਕੀ ਨੇ ਗੁਰਮੁਖ ਸਿੰਘ ਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਕੇ ਆਪਣੇ ਪਿੱਛੇ-ਪਿੱਛੇ ਆਉਣ ਲਈ ਆਖਿਆ। ਉਹ ਅੱਗੇ ਇਕ ਹੋਰ ਕਮਰੇ ਵਿਚ ਲੈ ਗਈ। ਗੁਰਮੁਖ ਸਿੰਘ ਨੂੰ ਦੱਸਿਆ ਕਿ ਆਪ ਖਤਰੇ ਵਿਚ ਹੋ ਤੁਹਾਨੂੰ ਮਾਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ ਕੋਈ ਬਚਣ ਦਾ ਉਪਾਅ ਕਰੀਏ ਫਟਾਫਟ ਇਹ ਕੱਪੜੇ ਬਦਲ ਲਓ। ਗੁਰਮੁਖ ਸਿੰਘ ਨੇ ਨਵੇਂ ਕਪੜੇ ਲਾਹ ਕੇ ਪੁਰਾਣੇ ਪਾ ਲਏ ਲੜਕੀ ਨੇ ਤਿੰਨ ਪ੍ਰਸ਼ਾਦੇ

ਪਰੋਸ ਕੇ ਉਸ ਦੀ ਜੇਬ ਵਿਚ ਪਾ ਦਿੱਤੇ ਇਕ ਚਿੱਠੀ ਫੜਾ ਕੇ ਕਮਰੇ ਤੋਂ ਬਾਹਰ ਲੈ ਜਾ ਕੇ, ਦੂਰ ਇਕ ਖੂਹ ਤੇ ਜਗਦੇ ਦੀਵੇ ਵੱਲ ਇਸ਼ਾਰਾ ਕਰਕੇ ਦੱਸਿਆ ਕਿ ਇਹ ਚਿੱਠੀ ਉਥੇ ਜਾ ਕੇ ਪੜ੍ਹ ਲਵੀਂ। ਉਹ ਚਿੱਠੀ ਫੜ ਕੇ ਤੇਜੀ ਨਾਲ ਤੁਰ ਗਿਆ।

(ਸੱਸੀ)

ਲੈ ਕੇ ਲੋਅ ਦੀ ਸੇਧ ਸਿਧਾਰਿਆ ਸੀ ਰਾਤ ਪਈ ਸੁੰਨਸਾਨ।
ਬੱਟਾਂ, ਖੱਡੇ ਖਾਲ ਉਲਾਂਘਦਾ ਉਹ ਪਹੁੰਚਾ ਖੂਹ ਤੇ ਆਨ।
ਦੇਖੇ ਬੰਦੇ ਰਾਖੀ ਫਸਲ ਦੀ ਦੋ ਵਾਹੀਕਾਰ ਕਿਸਾਨ।
ਜਾ ਕੇ ਫਤਹਿ ਬੁਲਾਈ ਸਿੰਘ ਨੇ, ਉਨ੍ਹਾਂ ਕਰਕੇ ਤੇ ਪ੍ਰਵਾਨ।
ਪੁਛਿਆ ਹਮਦਰਦੀ ਹਿਤਕਾਰ ਸੇ, ਹੋਂ ਕਿਧਰੋਂ ਆਏ ਜੁਆਨ ?
ਅਗੋਂ ਦੱਸਿਆ ਗੁਰਮੁਖ ਸਿੰਘ ਨੇ, ਮੈਂ ਹਾਂ ਦੁਖੀਆਂ ਇਨਸਾਨ।
ਏਥੇ ਰਹਿ ਕੇ ਰਾਤ ਗੁਜ਼ਾਰਨੀ, ਹਾਂ ਚਾਹੁੰਦਾ ਭਾਈ ਜਾਨ !
ਕਰਕੇ ਰੈਣ ਬਸੇਰਾ ਦੋ ਘੜੀ, ਮੈਂ ਹੋ ਜਾਊਂ ਸੁਬ੍ਹਾ ਰਵਾਨ।

ਜਦੋਂ ਗੁਰਮੁਖ ਸਿੰਘ ਦੀਪਕ ਦੀ ਲੋਅ ਦੀ ਸੇਧ ਲੈ ਕੇ ਉਸ ਵਗਣ ਵਾਲੇ ਖੂਹ ਤੇ ਪਹੁੰਚਿਆ। ਦੇਖਿਆ ਕਿ ਦੋ ਜ਼ਿਮੀਂਦਾਰ ਫਸਲ ਦੀ ਰਾਖੀ ਪਏ ਹਨ। ਉਨ੍ਹਾਂ ਗੁਰਮੁਖ ਸਿੰਘ ਨੂੰ ਪੁਛਿਆ, ਭਾਈ ਤੂੰ ਕੌਣ ਹੈਂ ? ਕਿਧਰ ਚਲਿਆ ਹੈਂ। ਉਸ ਆਖਿਆ ਜੀ ਮੈਂ ਬਟਾਲੇ ਜਾਣਾ ਸੀ ਹੁਣ ਰਾਤ ਪੈ ਗਈ ਹੈ ਮੈਂ ਰਾਤ ਇਥੇ ਕਟਣੀ ਚਾਹੁੰਦਾ ਹਾਂ ਸੁਬ੍ਹਾ ਉਠ ਕੇ ਚਲਾ ਜਾਵਾਂਗਾ, ਉਨ੍ਹਾਂ ਆਖਿਆ ਕਾਕਾ ! ਔਹ ਮੰਜੀ ਪਈ ਹੈ ਉਸ ਤੇ ਪੈ ਕੇ ਆਰਾਮ ਕਰ ਲੈ ਗੁਰਮੁਖ ਸਿੰਘ ਨੇ ਜਗਦੇ ਦੀਵੇ ਕੋਲ ਜਾ ਕੇ ਚਿੱਠੀ ਪੜ੍ਹੀ ਲਿਖਿਆ ਸੀ :-

(ਬੈਂਤ)

ਚਿੱਠੀ ਵਾਚਣੀ ਗੌਰ ਦੇ ਨਾਲ ਸਿੰਘ ਜੀ,
ਕਰਨੀ ਮੁਆਫ ਜੇ ਹੋਵੇ ਤਕਸੀਰ ਕੋਈ।
ਜ਼ੁਲਮ ਕੀਤਾ ਜੋ ਅਸਾਂ ਸੰਗ ਮਾਪਿਆਂ ਨੇ,
ਨਹੀਂ ਲੱਭਣੀ ਹੋਰ ਨਜ਼ੀਰ ਕੋਈ।
ਸੱਚਾ ਸਾਹਿਬ ਜੋ ਰਾਖਾ ਨਿਤਾਣਿਆਂ ਦਾ,
ਸਾਡਾ ਕਰੂ ਵਸੀਲਾ ਅਖੀਰ ਕੋਈ।

ਤੁਸੀਂ ਮਾਸੀ ਘਰ 'ਉਦੋਕੀ' ਪਹੁੰਚ ਜਾਣਾ,
ਮੈਂ ਵੀ ਆਵਾਂਗੀ ਸੋਚ ਤਦਬੀਰ ਕੋਈ।

ਚਿੱਠੀ ਪੜ੍ਹ ਕੇ ਗੁਰਮੁਖ ਸਿੰਘ ਸੋਚਾਂ ਵਿਚ ਪੈ ਗਿਆ ਕਿ ਇਹ ਕੀ ਕਾਰਣ ਹੈ, ਮੇਰਾ ਪਿਤਾ ਤੇ ਸਹੁਰਾ ਹੀ ਮੇਰੀ ਜਾਨ ਦੇ ਦੁਸ਼ਮਣ ਕਿਉਂ ਬਣ ਗਏ ? ਕੋਈ ਖਤਰਾ ਭਾਂਪਦਿਆਂ, ਉਸ ਇਥੋਂ ਜਲਦੀ ਤੁਰ ਜਾਣਾ ਹੀ ਬੇਹਤਰ ਸਮਝਿਆ। ਰਾਤੀਂ ਕੁਝ ਨਾ ਖਾਣ ਕਰਕੇ ਭੁੱਖ ਬਹੁਤ ਲੱਗੀ ਸੀ ਬੀਬੀ ਦੇ ਦਿੱਤੇ ਹੋਏ ਪਰਸ਼ਾਦੇ ਉਸ ਪਾਣੀ ਨਾਲ ਛੱਕ ਲਏ ਤੇ ਉਦੋਕੀ ਦੇ ਰਸਤੇ ਪੈ ਗਿਆ। ਚਾਨਣੀ ਰਾਤ ਸੀ ਵਾਹੋਦਾਰ ਤੁਰਦਾ ਗਿਆ ਤੁਰਦਿਆਂ ਰਾਤ ਬੀਤ ਗਈ ਸੂਰਜ ਨਿਕਲ ਆਇਆ, ਅਜੇ ਵੀ ਉਹ ਕਾਹਲੀ ਨਾਲ ਤੁਰਦਾ ਜਾ ਰਿਹਾ ਸੀ। ਜਿਉਂ-ਜਿਉਂ ਸੂਰਜ ਉੱਚਾ ਜਾ ਰਿਹਾ ਸੀ ਧੁੱਪ ਵੀ ਤੇਜ਼ ਹੁੰਦੀ ਗਈ, ਪਿਆਸ ਲੱਗੀ ਰਾਹ ਤੇ ਵਗਦੇ ਇਕ ਖੂਹ ਤੋਂ ਪਾਣੀ ਪੀਤਾ। ਪਾਣੀ ਪੀ ਕੇ ਹਾਲੇ ਇਥੋਂ ਤੁਰਿਆ ਹੀ ਸੀ, ਪਿਛੋਂ ਇਕ ਘੋੜ ਸਵਾਰ ਘੋੜੇ ਨੂੰ ਛੇੜੀ ਆ ਰਿਹਾ ਸੀ ਇਸ ਕੋਲ ਆ ਕੇ ਰੁਕਿਆ ਤੇ ਪੁੱਛਣ ਲੱਗਾ : ਕਾਕਾ ! ਇਕ ਤੇਰੀ ਉਮਰ ਦਾ ਚਿੱਟੇ ਕਪੜਿਆਂ ਵਾਲਾ ਲੜਕਾ ਤੈਨੂੰ ਰਸਤੇ ਆਉਂਦਿਆਂ ਕੋਈ ਮਿਲਿਆ ਹੈ ਸੁਣ ਕੇ ਗੁਰਮੁਖ ਸਿੰਘ ਕੁਝ ਸਹਿਮ ਗਿਆ ਫਿਰ ਸੰਭਲ ਕੇ ਬੋਲਿਆ ਜੀ ਮੈਨੂੰ ਕੋਈ ਲੜਕਾ ਨਹੀਂ ਮਿਲਿਆ। ਘੋੜੇ ਵਾਲਾ ਬੁੜਬੁੜਾਇਆ : ਦੇਖੋ ਉਹ ਕਿੰਨਾ ਚਲਾਕ ਨਿਕਲਿਆ ਕੈਦੋਂ ਨਿਕਲ ਕੇ ਪਤਾ ਨਹੀਂ ਕਿਥੇ ਗੈਬ ਹੋ ਗਿਆ ਹੈ। ਏਨਾ ਕਹਿ ਕੇ ਉਹ ਘੋੜੇ ਨੂੰ ਅੱਡੀ ਲਾ ਕੇ ਅੱਗੇ ਲੰਘ ਗਿਆ। ਗੁਰਮੁਖ ਸਿੰਘ ਹੋਰ ਚਿੰਤਾਤੁਰ ਹੋ ਗਿਆ ਉਸ ਨੂੰ ਕੁਝ ਸੁੱਝ ਨਹੀਂ ਸੀ ਰਿਹਾ, ਕੀ ਕਰੇ ਕੀ ਨਾ ਕਰੇ। ਇਤਨੇ ਨੂੰ ਉਸ ਦੇ ਕੰਨੀ ਕੋਈ ਮਿੱਠੀ ਆਵਾਜ਼ ਪਈ : ਸਿੰਘ ਜੀ ! ਕੈਸੇ ਹੋ ? ਉਸ ਏਧਰ ਉਧਰ ਤੱਕਿਆ।

(ਮਿਰਜ਼ਾ)

ਘੋੜੀ ਚੜ੍ਹਿਆ ਆ ਰਿਹਾ ਬਾਂਕਾ ਸਿੱਖ ਸਰਦਾਰ।
ਉਮਰ ਅਠਾਰਾਂ ਸਾਲ ਦੀ ਸੂਰਤ ਸ਼ਕਲ ਅਪਾਰ।
ਬੋਲਿਆ ਗੁਰਮੁਖ ਸਿੰਘ ਨੂੰ ਨਾਲ ਅਦਬ ਸਤਿਕਾਰ।
ਕਿਥੇ ਜਾਣਾ ਸਿੰਘ ਜੀ! ਕਿਓਂ ਹੋਇਓਂ ਲਾਚਾਰ।
ਥੱਕੇ ਮਾਂਦੇ ਜਾਪਦੇ ਭਾਰੀ ਅਵਾਜ਼ਾਰ।
ਆਓ ਮੇਰੇ ਨਾਲ ਹੀ ਹੋ ਜਾਓ ਅਸਵਾਰ।
ਜਿਹੜੇ ਨਗਰ ਕਹੋਗੇ ਜਾਊਂ ਉਥੇ ਉਤਾਰ।
'ਨਰਗਿਸ', ਗੁਰਮੁਖ ਸਿੰਘ ਸੁਣ ਹੋਇਆ ਸ਼ੁਕਰ ਗੁਜ਼ਾਰ।

ਇਸ ਸੁੰਦਰ ਲੜਕੇ ਦੇ ਪਿਆਰ ਤੇ ਹਮਦਰਦੀ ਭਰੇ ਬਚਨਾਂ ਨੇ ਗੁਰਮੁਖ ਸਿੰਘ ਦੇ ਦੁੱਖੀ ਦਿਲ ਦੀ ਧੀਰਜ ਧਰਾ ਦਿੱਤੀ। ਉਹ ਉਸ ਨਾਲ ਘੋੜੀ ਤੇ ਬੈਠ ਗਿਆ ਥੱਕੇ ਸਰੀਰ ਨੂੰ ਕੁਝ ਰਾਹਤ ਮਿਲੀ। ਇਸ ਪ੍ਰੇਮੀ ਲੜਕੇ ਨੂੰ ਗੁਰਮੁਖ ਸਿੰਘ ਨੇ ਪੁੱਛਿਆ : ਆਪ ਦਾ ਕੀ ਨਾਮ ਹੈ, ਅੱਗੇ ਕਿਥੇ ਚੱਲੇ ਹੋ? ਲੜਕੇ ਨੇ ਦਸਿਆ, ਮੇਰਾ ਨਾਮ ਰੂਪ ਸਿੰਘ ਹੈ, ਜਿਹੜਾ ਪਿੰਡ ਤੁਹਾਡੀ ਚਿੱਠੀ ਵਿਚ ਲਿਖਿਆ ਸੀ, ਉਸੇ ਪਿੰਡ ਚਲਿਆ ਹਾਂ। ਇਥੋਂ ਨੇੜੇ ਹੀ ਹੈ। ਗੁਰਮੁਖ ਸਿੰਘ ਨੇ ਸੋਚਿਆ ਸ਼ਾਇਦ ਇਹ ਲੜਕਾ ਉਸੇ ਪ੍ਰਉਪਕਾਰੀ ਦੇਵੀ ਨੇ ਘੱਲਿਆ ਹੋਵੇਗਾ ਜਿਸ ਨੇ ਮੇਰੀ ਬੰਦਖਲਾਸੀ ਕੀਤੀ ਸੀ। ਉਹ ਉਦੋਕੀ ਪਹੁੰਚ ਕੇ ਇਕ ਘਰ ਚਲੇ ਗਏ ਅੱਗੇ ਇਕ ਜ਼ਨਾਨੀ ਬੈਠੀ ਚਰਖਾ ਕੱਤ ਰਹੀ ਸੀ। ਗੁਰਮੁਖ ਸਿੰਘ ਨੇ ਜਾਣ ਲਿਆ ਇਹੋ ਮਾਸੀ ਬਸੰਤ ਕੌਰ ਹੋਵੇਗੀ। ਉਸ ਨੇ ਸਤਿ ਸ੍ਰੀ ਅਕਾਲ ਬੁਲਾਈ ਮਾਸੀ ਨੇ ਗੁਰਮੁਖ ਸਿੰਘ ਨੂੰ ਮੰਜੇ ਤੇ ਬਿਠਾ ਕੇ ਰੂਪ ਵੱਲ ਵੇਖਿਆ ਰੂਪ ਨੇ ਮਾਸੀ ਨੂੰ ਅੰਦਰ ਬੁਲਾ ਕੇ ਇਉਂ ਕਿਹਾ :

(ਸਾਕਾ)

ਮਾਸੀ ਨੂੰ ਬਲਵੰਤ ਨੇ ਆਖਿਆ ਸਮਝਾ ਕੇ।
ਹੈਣ ਅਚਾਨਕ ਮਾਮਲੇ ਪੈ ਗਏ ਇਸ ਆ ਕੇ।
ਕੀਤਾ ਤਦੇ ਸਪੁਰਦ ਹੈ ਮੈਂ ਤੇਰੇ ਲਿਆ ਕੇ।
ਕਰੀਂ ਹਿਫਾਜ਼ਤ ਏਸ ਦੀ ਪੂਰੀ ਵਾਹ ਲਾ ਕੇ।
ਰਖਣਾ ਸਭ ਦੀ ਨਜ਼ਰ ਤੋਂ ਦਿਨ ਰਾਤ ਬਚਾ ਕੇ।
ਮੈ ਪਰਤਾਂਗੀ ਜਲਦ ਹੀ ਵਾਪਸ ਘਰ ਜਾ ਕੇ।
ਕਰੂੰ ਮਸ਼ਵਰਾ ਤੁਸਾਂ ਨਾਲ ਕੋਈ ਮੁੜ ਕੇ ਆ ਕੇ।
ਨਿਕਲਾਂਗੇ ਇਸ ਸੰਕਟੋਂ ਕੋਈ ਬਿਧੀ ਬਣਾ ਕੇ।

ਮਾਸੀ ਨੂੰ ਇਤਨਾ ਸਮਝਾ ਕੇ 'ਰੂਪ' ਘੋੜੀ ਲੈ ਕੇ ਤੀਰ ਹੋ ਗਈ। ਗੁਰਮੁਖ ਸਿੰਘ ਨੂੰ ਮਾਸੀ ਨੇ ਖਾਣਾ ਤਿਆਰ ਕਰਕੇ ਛਕਾਇਆ। ਭੋਜਨ ਛਕ ਕੇ ਥੱਕੇ ਤੇ ਭੁੱਖੇ ਸਰੀਰ ਨੂੰ ਸੁਖ ਦਾ ਸਾਹ ਆਇਆ। ਗੁਰਮੁਖ ਸਿੰਘ ਨੇ ਪੁਛਿਆ, ਮਾਤਾ! ਇਹ ਘੋੜੀ ਵਾਲਾ ਲੜਕਾ ਕੌਣ ਸੀ? ਮਾਤਾ ਨੇ ਦੱਸਿਆ, ਇਹ ਓਹ ਹੀ ਹੈ ਜਿਸ ਨੇ ਤੈਨੂੰ ਕੈਦ 'ਚੋਂ ਕੱਢਿਆ ਸੀ। ਉਸ ਆਖਿਆ, ਜੀ ਉਹ ਤਾਂ ਲੜਕੀ ਸੀ। ਮਾਤਾ ਨੇ ਦੱਸਿਆ, ਇਹ ਓਹੀ ਲੜਕੀ ਹੈ ਇਹ ਮੇਰੇ ਕੋਲ ਪਹਿਲਾਂ ਆਈ ਸੀ ਮੈਨੂੰ ਤੇਰੇ ਬਾਰੇ ਪੁਛਿਆ ਪਿਛਲੀ ਸਾਰੀ ਕਹਾਣੀ ਮੈਨੂੰ ਸੁਣਾ ਕੇ ਫਿਰ ਤੈਨੂੰ ਅੱਗੋਂ ਲੈਣ ਗਈ ਸੀ। ਗੁਰਮੁਖ ਸਿੰਘ ਇਸ ਬਾਰੇ ਸੋਚਦਾ ਹੀ ਰਹਿ ਗਿਆ.....।

ਗੁਰਮੁਖ ਸਿੰਘ ਨੂੰ ਇਥੇ ਆਇਆਂ ਕੁਝ ਹੀ ਦਿਨ ਹੋਏ ਸਨ ਇਕ ਦਿਨ ਸੁਬ੍ਹਾ ਹੀ ਮਾਈ

ਨੇ ਇਸ ਨੂੰ ਕਮਰੇ ਅੰਦਰ ਬੁਲਾ ਕੇ ਆਖਿਆ ਕਿ ਕਾਕਾ ! ਤੂੰ ਬਸਤ੍ਰ ਬਦਲ ਕੇ ਐਹ ਜ਼ਨਾਨੇ ਕਪੜੇ ਪਾ ਲੈ ਤਾਂਕਿ ਕੁਝ ਖਤਰਾ ਕਮ ਹੋ ਸਕੇ ਇਸ ਨੇ ਵਕਤ ਦੀ ਨਜ਼ਾਕਤ ਨੂੰ ਵੇਖਦਿਆਂ ਮਾਤਾ ਦੀ ਗੱਲ ਮੰਨ ਲਈ। ਮਾਤਾ ਬੋਲੀ ਹੁਣ ਕੋਈ ਖਤਰਾ ਨਹੀਂ ਪਰ ਤੂੰ ਅੰਦਰ ਹੀ ਰਹਿਣਾ ਹੈ ਮੇਰੇ ਆਉਣ ਤੀਕਰ, ਮੈਂ ਕੰਮ ਚਲੀ ਹਾਂ ਦਿਨ ਢਲੇ ਮੁੜ ਕੇ ਆਵਾਂਗੀ। ਇਹ ਕਹਿ ਕੇ ਉਹ ਚਲੀ ਗਈ। ਉਸ ਤੋਂ ਦੋ ਕੁ ਘੰਟੇ ਬਾਅਦ ਦੋ ਘੋੜ ਸਵਾਰ ਬੂਹੇ ਅੱਗੇ ਆ ਕੇ ਉਤਰੇ ਉਨ੍ਹਾਂ 'ਚੋਂ ਇਕ ਬੰਦਾ ਘਰ ਤੋਂ ਬਾਹਰ ਹੀ ਰਿਹਾ ਦੂਸਰਾ ਘਰ ਦੇ ਵੇਹੜੇ ਵਿਚ ਆਇਆ। ਕੋਈ ਲੜਕੀ ਕਮਰੇ ਅੰਦਰ ਬੈਠੀ ਦੇਖੀ ਉਸ ਨੂੰ ਪੁਛਿਆ, ਬੀਬੀ ਬਸੰਤ ਕੌਰ ਕਿਥੇ ਗਈ ਹੈ? ਗੁਰਮੁਖ ਸਿੰਘ ਨੇ ਇਸ ਬੰਦੇ ਨੂੰ ਪਛਾਣ ਲਿਆ, ਉਸ ਦਾ ਸਹੁਰਾ ਕੇਹਰ ਸਿੰਘ ਸੀ। ਉਸ ਨੂੰ ਟਾਲਣ ਲਈ ਆਖਿਆ ਉਹ ਵਾਂਢੇ ਗਈ ਹੈ, ਕਹਿ ਗਈ ਸੀ ਕਲ੍ਹ ਨੂੰ ਮੁੜੇਗੀ। ਇਹ ਸੁਣ ਕੇ ਕੇਹਰ ਸਿੰਘ ਘਰੋਂ ਬਾਹਰ ਨਿਕਲਿਆ ਹੀ ਸੀ ਅੱਗੋਂ ਇਕ ਬੁੱਢੀ ਮਾਈ ਆਉਂਦੀ ਨੂੰ ਦੇਖ ਕੇ ਪੁਛਿਆ, ਮਾਤਾ ਜੀ ! ਬਸੰਤ ਕੌਰ ਦੇ ਘਰ ਇਹ ਲੜਕੀ ਕੌਣ ਹੈ ? ਮਾਈ ਬੋਲੀ :

(ਕਬਿੱਤ)

ਬੋਲੀ ਬੁੱਢੀ ਮਾਈ, ਭਾਈ ! ਲੜਕੀ ਨਹੀਂ ਲੜਕਾ ਹੈ,
ਮੈਨੂੰ ਇਹ ਦੀ ਵਿਥਿਆ ਬਸੰਤ ਨੇ ਸੁਣਾਈ ਸੀ।
ਕਹਿੰਦੀ ਸੀ ! ਵਿਚਾਰੇ ਪਿਛੇ ਪਏ ਵੈਰੀ ਹੱਥ ਧੋ ਕੇ,
ਪਹਿਲਾਂ ਵੀ ਉਨ੍ਹਾਂ ਤੋਂ ਜਾਨ ਮਸਾਂ ਹੀ ਬਚਾਈ ਸੀ।
ਆਖਿਆ ਮੈਂ, ਕੁੜੀਆਂ ਦੇ ਕੱਪੜੇ ਪਵਾਂਦੇ ਇਹਨੂੰ,
ਬਰਦੀ ਮਨੁੱਖਾਂ ਵਾਲੀ, ਆਖ ਮੈਂ ਲੁਹਾਈ ਸੀ।
ਦੱਸੇ ਬਿਨਾਂ ਫੇਰ ਕੀ ਕਿਸੇ ਨੂੰ ਪਤਾ ਲੱਗਣਾ ਹੈ,
ਮੈਂ ਹੀ ਇਹ ਜੁਗਤ ਉਹਨੂੰ ਸੋਚ ਸਮਝਾਈ ਸੀ।

ਮਾਈ ਤਾਂ ਇਤਨਾ ਦੱਸ ਕੇ ਤੁਰ ਗਈ ਪਰ ਕੇਹਰੇ ਦਾ ਸਰੀਰ ਗੁੱਸੇ ਵਿਚ ਕੰਬਲ ਲੱਗਾ, ਉਸ ਦੀਆਂ ਅੱਖਾਂ ਵਿਚ ਖੂਨ ਉਤਰ ਆਇਆ। ਬਾਹਰ ਖੜੇ ਹਰਦਮ ਨੂੰ ਵੀ ਉਸ ਅੰਦਰ ਬੁਲਾਇਆ ਆਉਂਦਿਆਂ ਹੀ ਲੜਕੇ ਨੂੰ ਲੱਤਾਂ ਮੁੱਕਿਆਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ ਉਸ ਦੇ ਕੱਪੜੇ ਪਾੜ ਸੁੱਟੇ ਕੁੱਟ ਕੁੱਟ ਕੇ ਬੁਰਾ ਹਾਲ ਕਰ ਦਿੱਤਾ। ਮੂੰਹ ਕਪੜੇ ਨਾਲ ਬੰਦ ਕਰ ਦਿੱਤਾ ਸੀ ਤਾਂਕਿ ਉਸ ਦੀਆਂ ਚੀਕਾਂ ਸੁਣ ਕੇ ਬਾਹਰੋਂ ਉਸ ਨੂੰ ਕੋਈ ਛੁਡਾਉਣ ਵਾਲਾ ਨਾ ਆ ਜਾਵੇ। ਮਾਰੀਦਾ ਮਾਰੀਦਾ ਜਦੋਂ ਉਹ ਬੇਹੋਸ਼ ਹੋ ਗਿਆ ਬੰਨ੍ਹ ਕੇ ਘੋੜੀ ਤੇ ਸੁੱਟ ਲਿਆ ਤੇ ਘੋੜੀਆਂ ਭਜਾ ਕੇ ਹਵਾ ਹੋ ਗਏ।

(ਕਬਿੱਤ)

ਲੋਭ ਦੀ ਲਹਿਰ ਵੱਸ, ਹਰਦਮ ਤੇਂ ਕੇਹਰ ਸਿੰਘ,
ਬਾਲਕ ਬੇਦੋਸ਼ ਨੂੰ ਅੰਦਰ ਚੁੱਕ ਲੈ ਗਏ।
ਮਾਰ ਕੁੱਟ ਕਰਕੇ ਬਿਠਾਇਆ ਬੰਨ੍ਹ ਜ਼ੋਰੋ ਜ਼ੋਰੀ,
ਨਿਕਲ ਬਾਹਰ ਘਰੋਂ, ਘੋੜੀਆਂ ਤੇ ਬਹਿ ਗਏ।
ਪਿੰਡ ਤੋਂ ਬਾਹਰ ਹੋਏ ਛੇੜ ਝੱਟ ਘੋੜੀਆਂ ਨੂੰ,
ਨਗਰ ਬਟਾਲੇ ਦੇ ਲਮੇਰੇ ਪੰਧ ਪੈ ਗਏ।
ਜਿੰਦਾਂ ਬੇਕਸੂਰ ਮਜ਼ਬੂਰ ਦੂਰ ਦੂਰ ਹੋਈਆਂ,
ਅਰਮਾਨ ਦੋਹਾਂ ਦੇ ਦਿਲਾਂ 'ਚ ਦੱਬੇ ਰਹਿ ਗਏ।

ਕੇਹਰ ਸਿੰਘ ਤੇ ਹਰਦਮ ਤ੍ਰਿਕਾਲਾਂ ਪੈਂਦੀਆਂ ਨੂੰ ਬਟਾਲੇ ਪਹੁੰਚ ਗਏ। ਗੁਰਮੁਖ ਸਿੰਘ ਨੂੰ ਘੋੜੀ ਤੋਂ ਲਾਹ ਕੇ ਪਾਣੀ ਪਿਲਾਇਆ। ਉਸ ਨੂੰ ਸੱਟਾਂ ਤਾਂ ਰੜਕਦੀਆਂ ਸਨ ਪਰ ਹੋਸ਼ ਪੂਰੀ ਪਰਤ ਆਈ ਸੀ। ਕੇਹਰ ਨੇ ਦੋ ਨੌਕਰਾਂ ਤੋਂ ਚੁੱਕਵਾ ਕੇ ਗੁਰਮੁਖ ਸਿੰਘ ਨੂੰ ਭੋਰੇ ਵਿਚ ਉਤਾਰ ਦਿੱਤਾ। ਉਪਰੋਂ ਬੂਹਾ ਬੰਦ ਕਰਕੇ ਤਾਲਾ ਲਾ ਦਿੱਤਾ। ਅਗਲੀ ਭਲਕ ਪਹਿਰ ਦਿਨ ਚੜ੍ਹੇ ਉਪਰੋਂ ਬੂਹਾ ਖੁਲ੍ਹਿਆ, ਉਤਾਂਹ ਤੱਕਿਆ ਤਾਂ ਇਕ ਆਦਮੀ ਨੇ ਦੋ ਰੋਟੀਆਂ ਇਕ ਪਾਣੀ ਦਾ ਕਰਵਾ ਫੜਾਇਆ ਤੇ ਬੂਹਾ ਬੰਦ ਕਰਕੇ ਚਲਾ ਗਿਆ। ਓਧਰ ਬੀਬੀ ਬਲਵੰਤ ਨੇ ਵੀ ਇਨ੍ਹਾਂ ਦੀਆਂ ਹਰਕਤਾਂ ਦੇਖ ਕੇ ਅੰਦਾਜ਼ਾ ਲਾ ਲਿਆ ਸੀ, ਅੱਜ ਰਾਤ ਨੂੰ ਗੁਰਮੁਖ ਸਿੰਘ ਨੂੰ ਇਹ ਜ਼ਰੂਰ ਖਤਮ ਕਰ ਦੇਣਗੇ। ਜੇਠ ਹਾੜ ਦੇ ਦਿਨ ਸਨ ਸੂਰਜ ਸਿਖਰਾਂ ਤੇ ਆਇਆ ਲੋਕੀਂ ਅੱਗ ਵਰਗੀ ਧੁੱਪ ਤੋਂ ਬਚਣ ਲਈ ਅੰਦਰ ਵੜ ਕੇ ਆਰਾਮ ਕਰ ਰਹੇ ਸਨ।

(ਮਿਰਜ਼ਾ)

ਸਿਖਰ ਦੁਪਹਿਰਾ ਜੇਠ ਦਾ ਸੂਰਜ ਮਾਰੇ ਭਾਹ।
ਲੋਕੀਂ ਡਰਦੇ ਧੁੱਪ ਤੋਂ ਛੁਪੇ ਗੁਫਾਵੀਂ ਜਾ।
ਉਠੀ ਝਟ ਬਲਵੰਤ ਸੀ ਦਿਲ ਵਿਚ ਸੋਚ ਉਪਾ।
ਛੁਪਕੇ ਸਭ ਪ੍ਰਵਾਰ ਤੋਂ ਚਾਬੀ ਲਈ ਚੁਰਾ।
ਜਲਦੀ ਭੋਰਾ ਖੋਲ੍ਹਿਆ ਬੰਦੀ ਛੋੜ ਧਿਆ।
ਭੋਏਂ ਲੇਟੇ ਸਿੰਘ ਨੂੰ ਟੁੰਬ ਕੇ ਲਿਆ ਬੁਲਾ।
ਦੇਖ, ਦੁਖੀ ਦਰਵੇਸ਼ ਨੂੰ ਆਇਆ ਸੁਖ ਦਾ ਸਾਹ।
ਨਰਗਿਸ, ਉਦਮੀ ਸਖਸ਼ ਦੀ ਮੱਦਦ ਕਰੇ ਖੁਦਾ।

ਇਸ ਪਰਉਪਕਾਰੀ ਲੜਕੀ ਦਾ ਸ਼ੁਕਰਾਨਾ ਕਰਨ ਲਈ ਸਿੰਘ ਨੇ ਕੁਝ ਕਹਿਣਾ ਚਾਹਿਆ, ਬੀਬੀ ਨੇ ਚੁੱਪ ਰਹਿਣ ਦਾ ਇਸ਼ਾਰਾ ਕਰਕੇ ਹੌਲੀ ਆਵਾਜ਼ ਨਾਲ ਆਖਿਆ ਅਜੇ ਖਤਰਾ ਸਿਰ ਤੇ ਹੈ ਮੇਰੇ ਪਿੱਛੇ ਚਲੇ ਆਉ। ਇਤਨਾ ਕਹਿ ਕੇ ਉਸ ਨੇ ਇਕ ਨੁੱਕਰ ਵਾਲਾ ਬੂਹਾ ਖੋਲ੍ਹਿਆ ਅੱਗੇ ਇਕ ਨੇਰੀ ਸੁਰੰਗ ਸੀ ਬੀਬੀ ਮੋਮਬੱਤੀ ਜਗਾ ਕੇ ਤੁਰ ਪਈ। ਉਹ ਸੁਰੰਗ ਦੂਰ ਤੱਕ ਨਿਕਲ ਗਈ। ਉਸ ਦੇ ਅਖੀਰ ਤੇ ਇਕ ਬੂਹਾ ਆਇਆ, ਉਹ ਬੂਹਾ ਬਾਹਰੋਂ ਵੱਜਾ ਹੋਇਆ ਸੀ। ਬੀਬੀ ਨੇ ਸੀਖ ਥਾਣੀ ਹੱਥ ਪਾ ਕੇ ਉਸ ਨੂੰ ਚਾਬੀ ਲਾਈ ਬੂਹਾ ਖੁਲ੍ਹ ਗਿਆ। ਅੱਗੇ ਨਿਕਲਦੀ ਹੋਈ ਸੁਰੰਗ ਇਕ ਮਕਾਨ ਵਿਚ ਜਾ ਨਿਕਲੀ ਜੋ ਘੋੜਿਆਂ ਦਾ ਤਬੇਲਾ ਸੀ, ਇਥੇ ਦੋ ਘੋੜੀਆਂ ਬੱਧੀਆਂ ਖੜੀਆਂ ਸਨ ਗੁਰਮੁਖ ਸਿੰਘ ਤੋਂ ਇਕ ਤੇ ਕਾਠੀ ਪਵਾਈ ਉਸ ਨੂੰ ਘੋੜੀ ਦੀ ਵਾਗ ਥਮ੍ਹਾਕੇ ਅਤੇ ਇਕ ਕਟਾਰ ਦੇ ਕੇ ਜਲਦੀ ਨਿਕਲ ਜਾਣ ਲਈ ਇਸ਼ਾਰਾ ਕੀਤਾ।

(ਬੈਂਤ)

ਗੁਰਮੁਖ ਸਿੰਘ ਨੂੰ ਭੇਰਿਓਂ ਕੱਢ ਬੀਬੀ,
ਦੇ ਕੇ ਹੌਂਸਲਾ ਸੇਧ ਸਮਝਾ ਦਿੱਤੀ।
ਨਗਰ ਉਡੀਕੀ ਝਬਦੇ ਪਹੁੰਚ ਜਾਵੇਂ,
ਆਖ ਆਖਰੀ ਗੱਲ ਮੁਕਾ ਦਿੱਤੀ।
ਲਿਖੀ ਮਾਸੀ ਨੂੰ ਭੇਤ ਦੀ ਗੱਲ ਜਿਹੜੀ,
ਚਿੱਠੀ ਬੰਦ ਕਰ ਜੇਬ ਵਿਚ ਪਾ ਦਿੱਤੀ।
ਤਿਖੀ ਤੇਜ ਤਬੇਲਿਊਂ ਖੋਹਲ ਘੋੜੀ,
ਵਾਗ ਸਿੰਘ ਦੇ ਹੱਥ ਫੜਾ ਦਿੱਤੀ।
ਬਚ ਕੇ ਮੌਤ ਮੂੰਹੋਂ ਰੱਬ ਦਾ ਸ਼ੁਕਰ ਕਰਦਾ,
ਜੀਵਨਦਾਤੀ ਦਾ ਸ਼ੁਕਰਗੁਜ਼ਾਰ ਹੋ ਕੇ।
ਲੜਕਾ ਫਟਾਫਟ ਖਤਰਿਓਂ ਬਾਹਰ ਹੋਇਆ,
ਬੱਕੀ ਬਾਂਕੀ ਤੇ ਤੁਰੰਤ ਅਸਵਾਰ ਹੋ ਕੇ।

ਗੁਰਮੁਖ ਸਿੰਘ ਘੋੜੀ ਤੇ ਸਵਾਰ ਹੋ ਕੇ ਪਿੰਡ ਚੋਂ ਵਰੋਲੇ ਵਾਂਗ ਨਿਕਲ ਗਿਆ। ਕਿਸੇ ਦੀ ਨਜ਼ਰੀਂ ਨਾ ਪਿਆ। ਰਸਤੇ ਪੈ ਕੇ ਘੋੜੀ ਨੂੰ ਦੁੜਾਈ ਗਿਆ ਦਿਨ ਦਾ ਪਿਛਲਾ ਪਹਿਰ ਸੀ ਪਰ ਧੁੱਪ ਅਜੇ ਵੀ ਸੂਲਾਂ ਵਾਂਗ ਪਿੰਡੇ ਵਿਚ ਚੁਭਦੀ ਸੀ। ਗਰਮੀ 'ਚ ਘੋੜੀ ਵੀ ਦਮੋਦਮ ਹੋ ਗਈ। ਗੁਰਮੁਖ ਸਿੰਘ ਹੁਣ ਖਤਰੇ ਤੋਂ ਬਾਹਰ ਮਹਿਸੂਸ ਕਰ ਰਿਹਾ ਸੀ। ਰਸਤੇ ਦੇ ਨੇੜੇ ਇਕ

ਹਰਟ ਵਾਲਾ ਖੂਹ ਨਜ਼ਰ ਆਇਆ ਇਥੇ ਬੰਦਾ ਕੋਈ ਨਹੀਂ ਸੀ। ਰੁੱਖ ਹੇਠ ਘੋੜੀ ਖੜ੍ਹੀ ਕਰਕੇ ਹਰਟ ਤੇ ਆਇਆ, ਛੋਟਾ ਜਿਹ੍ਹਾ ਪਾਣੀ ਵਾਲਾ ਚੁਬੱਚਾ ਸੀ ਪਰ ਪਾਣੀ ਵਿਚ ਹੈ ਨਹੀਂ ਸੀ। ਉਸ ਨੇ ਹਰਟ ਦੀ ਗਾਧੀ ਨੂੰ ਧੱਕ ਕੇ ਦੇਖਿਆ ਅੱਧਾ ਕੁ ਗੇੜਾ ਦਿੱਤਾ, ਪਾਣੀ ਦੀਆਂ ਭਰੀਆਂ ਟਿੰਡਾਂ ਉਪਰ ਆ ਗਈਆਂ ਪਾਣੀ ਪੀ ਕੇ ਦੋ ਮਿੰਟ ਸਾਹ ਲੈ ਕੇ ਫਿਰ ਹਰਟ ਨੂੰ ਗੇੜਾ ਦਿੱਤਾ ਪਾਣੀ ਨਾਲ ਚਬੱਚਾ ਭਰ ਗਿਆ ਘੋੜੀ ਨੂੰ ਪਾਣੀ ਪਿਲਾਇਆ ਘੋੜੀ ਤੇ ਸਿੰਘ ਹੁਣ ਜ਼ਰਾ ਸਾਹ ਲੈ ਕੇ ਤਾਜ਼ਾਦ ਹੋ ਗਏ। ਫਿਰ ਘੋੜੀ ਤੇ ਲੱਤ ਦਿੱਤੀ ਤੇ ਰਸਤੇ ਪੈ ਗਿਆ। ਤੁਰਿਆ ਹਾਲੇ ਅੱਧਾ ਘੰਟਾ ਹੋਇਆ ਇਕ ਪਿੰਡ ਦੇ ਨਜ਼ਦੀਕ ਪੁੱਜਿਆ ਦਿਨ ਹਾਲੇ ਕੁਝ ਖੜ੍ਹਾ ਸੀ ਤਾਂ ਅੱਗੋਂ ਅੱਠ ਨੌਂ ਮੁਗਲਾਂ ਦਾ ਟੋਲਾ ਆ ਰਿਹਾ ਸੀ। ਇਨ੍ਹਾਂ ਚੋਂ ਇਕ ਘੋੜੇ ਤੇ ਸਵਾਰ ਸੀ ਬਾਕੀ ਪੈਦਲ ਸਨ। ਗੁਰਮੁਖ ਸਿੰਘ ਦੇ ਕੋਲ ਆ ਕੇ ਇਸ ਦਾ ਗੈਰ-ਮੁਸਲਿਮ ਸਰੂਪ ਦੇਖ ਕੇ ਇਸ ਨੂੰ ਹਾਕਮਾਂਨਾ ਲਹਿਜੇ ਵਿਚ ਰੁਕ ਜਾਣ ਲਈ ਕਿਹਾ ਪਰ ਗੁਰਮੁਖ ਸਿੰਘ ਨੇ ਖਤਰਾ ਭਾਂਪ ਕੇ ਘੋੜੀ ਭਜਾਉਣ ਦੀ ਕੋਸ਼ਿਸ਼ ਕੀਤੀ, ਇਕ ਮੁਗਲ ਨੇ ਨੇਜੇ ਦੀ ਹੁਝ ਮਾਰ ਕੇ ਇਸ ਨੂੰ ਘੋੜੀ ਤੋਂ ਥੱਲੇ ਸੁੱਟ ਦਿੱਤਾ। ਗੁਰਮੁਖ ਸਿੰਘ ਨੇ ਸੰਭਲਦਿਆਂ ਨੇੜੇ ਆਏ ਮੁਗਲ ਦੇ ਪੇਟ ਵਿਚ ਖੰਜਰ ਘੋਪ ਦਿੱਤੀ। ਜਦ ਦੂਜੇ ਤੇ ਵਾਰ ਕਰਨ ਲੱਗਾ ਤਾਂ ਇਕ ਮੁਗਲ ਨੇ ਇਸ ਦੀ ਖੰਜਰ ਵਾਲੀ ਬਾਂਹ 'ਚ ਬਰਛਾ ਮਾਰ ਕੇ ਪਾਰ ਕੱਢ ਦਿੱਤਾ। ਦੂਜੇ ਨੇ ਪਿਛਲੇ ਪਾਸਿਓਂ ਸੱਜੇ ਮੋਢੇ ਤੇ ਤਲਵਾਰ ਦਾ ਵਾਰ ਕਰ ਦਿੱਤਾ। ਗੁਰਮੁਖ ਸਿੰਘ (ਜੋ ਪਹਿਲਾਂ ਹੀ ਦੁੱਖਾਂ ਦਾ ਮਾਰਿਆ ਕਮਜ਼ੋਰ ਹੋ ਚੁੱਕਾ ਸੀ) ਧਰਤੀ ਤੇ ਡਿੱਗ ਕੇ ਬੇਸ਼ੁੱਧ ਜਿਹਾ ਹੋ ਗਿਆ। ਮੁਗਲ ਇਸ ਨੂੰ ਮਰਿਆ ਸਮਝ ਕੇ ਤੁਰ ਗਏ, ਇਸ ਦੀ ਘੋੜੀ ਵੀ ਲੈ ਗਏ।

ਇਸ ਘਟਨਾ ਨੂੰ ਹਾਲੇ ਥੋੜ੍ਹਾ ਹੀ ਚਿਰ ਹੋਇਆ ਸੀ ਇਕ ਬਜ਼ੁਰਗ ਮਾਈ ਆਪਣੇ ਖੂਹ ਵਾਲੇ ਖੇਤੋਂ ਘਰ ਵੱਲ ਆ ਰਹੀ ਸੀ। ਉਸ ਨੇ ਕਿਸੇ ਅਜ਼ਨਬੀ ਨੌਜੁਆਨ ਲੜਕੇ ਨੂੰ ਲਹੂ ਵਿਚ ਲੱਥਪੱਥ ਦੇਖਿਆ ਤਾਂ ਦਯਾ ਵਿਚ ਆ ਕੇ ਦ੍ਰਵ ਗਈ।

(ਸਾਕਾ)

ਸ਼ਾਮੀ ਖੂਹ ਤੋਂ ਆ ਰਹੀ ਸੀ ਘਰ ਨੂੰ ਮਾਈ।
ਜਦ ਜ਼ਖ਼ਮੀ ਬੇਹੋਸ਼ ਦੇ ਉਹ ਨੇੜੇ ਆਈ।
ਦੇਖੀ ਹਾਲਤ ਯੁਵਕ ਦੀ ਵਿਚ ਖੂਨ ਨੁਹਾਈ।
ਜਲਦੀ ਜਾ ਕੇ ਹਰਟ ਤੋਂ ਪਾਣੀ ਭਰ ਲਿਆਈ।
ਜਦ ਪਾਣੀ ਮੂੰਹ ਡਾਰਿਆ ਘੁੱਟ ਅੰਦਰ ਲੰਘਾਈ।
ਦਿਲ ਦੇ ਵਿਚ ਕੁਝ ਸੋਚ ਕੇ ਝੱਟ ਘਰ ਨੂੰ ਧਾਈ।

ਆਪਣੇ ਦੋਵੇਂ ਲੜਕਿਆਂ ਗੱਲ ਆਖ ਸੁਣਾਈ।

ਸੁਣ ਕੇ ਦੋਵੇਂ ਦੂਵੇ ਜੁਆਨ ਦਿਲ ਕਰਨਾ ਛਾਈ।

ਮੰਜੀ ਲੈ ਕੇ ਪਹੁੰਚ ਗਏ ਝੱਟ ਦੋਨੋ ਭਾਈ।

ਚੁੱਕ ਲਿਆਏ ਘਰ ਆਪਣੇ ਯੁਵ ਹਾਤਮਤਾਈ।

ਬੇਹੋਸ਼ ਪਏ ਗੁਰਮੁਖ ਸਿੰਘ ਨੂੰ ਮਾਤਾ ਅਤੇ ਉਸ ਦੇ ਦੋਵੇਂ ਲੜਕੇ ਮੰਜੇ ਤੇ ਪਾ ਕੇ ਆਪਣੇ ਘਰ ਲੈ ਆਏ। ਜ਼ਖਮੀ ਲੜਕੇ ਦਾ ਸਰੀਰ ਲਹੂ ਨਾਲ ਭਿੱਜਿਆ ਹੋਇਆ ਸੀ। ਕਪੜੇ ਲਹੂ ਤੇ ਮਿੱਟੀ ਨਾਲ ਗੜੁੱਚ ਹੋਏ ਸਨ। ਉਸ ਦੇ ਕਪੜੇ ਉਤਾਰ ਕੇ ਸਰੀਰ ਪਾਣੀ ਨਾਲ ਸਾਫ ਕੀਤਾ ਪਰ ਜ਼ਖਮ ਉਨ੍ਹਾਂ ਨੇ ਨਹੀਂ ਛੇੜੇ।

ਸਿਆਣੀ ਮਾਤਾ ਨੇ ਕੁਝ ਸੋਚ ਕੇ ਆਪਣੇ ਛੋਟੇ ਲੜਕੇ ਨੂੰ ਪਿੰਡ 'ਚੋਂ ਹਕੀਮ ਲੈਣ ਭੇਜ ਦਿੱਤਾ ਵੱਡਾ ਲੜਕਾ ਤੇ ਮਾਈ ਆਪ ਗੁਰਮੁਖ ਸਿੰਘ ਦੀ ਸਾਂਭ ਸੰਭਾਲ ਕਰਦੇ ਰਹੇ।

(ਦੁਤਾਰਾ)

ਕੋਮਲ ਦਿਲ ਮਾਤਾ ਦੇ, ਦੇਖ ਕੇ ਦੁੱਖੀ, ਦਯਾ ਦਿਲ ਆਈ।
ਪੁੱਤ, ਪਿਤਾ ਕਿਸੇ ਦਾ ਇਹ, ਮਾਂ ਦਾ ਜਿਗਰ, ਭੈਣ ਦਾ ਭਾਈ।
ਮਾਨਵ ਤਿਹਕਾਰੀ ਜੋ, ਸੋਈ ਮਨ ਮਾਲਕ ਨੂੰ ਭਾਉਂਦੇ।
ਧਰਮੀ ਇਨਸਾਨ ਸਦਾ, ਸਭ ਨੂੰ ਸੁਖੀ ਦੇਖਣਾ ਚਾਹੁੰਦੇ।

ਬੇਹੋਸ਼ ਅਜ਼ਨਬੀ ਨੂੰ, ਪਿਆਰ ਨਾਲ ਚੁੱਕ ਬਿਸਤ੍ਰ ਤੇ ਪਾਇਆ।
ਘੱਲ ਆਪਣੇ ਲੜਕੇ ਨੂੰ ਪਿੰਡ ਚੋਂ ਜਲਦੀ ਵੈਦ ਬੁਲਾਇਆ।
ਉਪਚਾਰ ਕਰਨ ਕੋਈ ਦੁੱਖੀ ਦਾ ਮਿਲ ਕੇ ਦਰਦ ਵੰਡਾਉਂਦੇ।
ਧਰਮੀ ਇਨਸਾਨ ਸਦਾ, ਸਭ ਨੂੰ ਸੁਖੀ ਦੇਖਣਾ ਚਾਹੁੰਦੇ।

ਪੁੜੀਆਂ, ਕੁਝ ਤਰਲ ਦਵਾ, ਦਵਾਈਆਂ ਜੋ ਪਹਿਲਾਂ ਅਜ਼ਮਾਈਆਂ।
ਲੈ ਵੈਦ ਸਿਆਣੇ ਨੇ, ਕੁਝ ਕੁਝ ਅਰਸੇ ਬਾਅਦ ਖੁਆਈਆਂ।
ਦੋਵੇਂ ਪੁੱਤ, ਮਾਤ ਸਣੇ, ਚਿੜੀਆਂ ਵਾਂਗ ਚੋਗ ਮੂੰਹ ਪਾਉਂਦੇ।
ਧਰਮੀ ਇਨਸਾਨ ਸਦਾ, ਸਭ ਨੂੰ ਸੁਖੀ ਦੇਖਣਾ ਚਾਹੁੰਦੇ।

ਦਿਨ ਦੂਜੇ ਚੋਬਰ ਨੇ, ਪੁੱਟੀ ਪਲਕ ਹੋਸ਼ ਕੁਝ ਆਈ।
ਮਾਂ ਵਾਂਗ ਪਿਆਰ ਕਰਦੀ, ਦੇਖੀ ਬਿਰਧ ਹਿਤੈਸ਼ੀ ਮਾਈ।

ਪਿਆ ਮੁੜ ਮੁੜ ਦੇਖ ਰਿਹਾ, ਚਿਹਰੇ ਨਜ਼ਰ ਉਪਰੇ ਆਉਂਦੇ।
ਧਰਮ ਇਨਸਾਨ ਸਦਾ, ਸਭ ਨੂੰ ਸੁਖੀ ਦੇਖਣਾ ਚਾਹੁੰਦੇ।

ਪੁਛਿਆ ਜਦ ਗੁਰਮੁਖ ਨੇ, ਮਾਤਾ ਦੱਸੀ ਹਕੀਕਤ ਸਾਰੀ।
ਤੂੰ ਪਿਆ ਤੜਫਦਾ ਸੈਂ, ਸੜਕ ਕਿਨਾਰੇ ਖੇਤ ਮਝਾਰੀ।
ਜ਼ਿੰਦਗੀ ਨੂੰ ਖਤਰਾ ਸੀ, ਜੇ ਨਾ ਤੁਰੰਤ ਉਠਾ ਕੇ ਲਿਆਉਂਦੇ।
ਧਰਮੀ ਇਨਸਾਨ ਸਦਾ, ਸਭ ਨੂੰ ਸੁਖੀ ਦੇਖਣਾ ਚਾਹੁੰਦੇ।

ਸੁਣ ਵਿਥਿਆ ਗੁਰਮੁਖ ਨੇ, ਮਾਂ ਦੇ ਚਰਨੀਂ ਸੀਸ ਝੁਕਾਇਆ।
ਤੁਸੀਂ ਦੇਵ, ਫਰਿਸ਼ਤੇ ਹੋ, ਤਦ ਇਹ ਪ੍ਰਉਪਕਾਰ ਕਮਾਇਆ।
ਮੈਂ ਮਰ ਮੁਕ ਜਾਣਾ ਸੀ, ਜੇ ਨਾ, 'ਨਰਗਿਸ' ਆਪ ਬਚਾਉਂਦੇ।
ਧਰਮੀ ਇਨਸਾਨ ਸਦਾ, ਸਭ ਨੂੰ ਸੁਖੀ ਦੇਖਣਾ ਚਾਹੁੰਦੇ।

ਓਧਰ ਬਟਾਲੇ ਵਾਲਿਆਂ ਨੂੰ ਅਜੇ ਤੱਕ ਗੁਰਮੁਖ ਸਿੰਘ ਬਾਰੇ ਪਤਾ ਨਹੀਂ ਲੱਗਾ ਸੀ ਕਿ ਉਹ ਬਚ ਕੇ ਨਿਕਲ ਗਿਆ ਹੈ।

ਤ੍ਰਿਕਾਲਾਂ ਦਾ ਵੇਲਾ ਹੋ ਗਿਆ ਕੇਹਰਾ ਤੇ ਹਰਦਮ ਘਰੋਂ ਤੁਰ ਕੇ ਖੇਤਾਂ ਵੱਲ ਤੋਰਾ ਫੇਰਾ ਕਰਨ ਗਏ। ਗੁਰਮੁਖ ਸਿੰਘ ਨੂੰ ਅਜ ਰਾਤੀਂ ਬਿਲੇ ਲਾਉਣ ਦੀਆਂ ਗੱਲਾਂ ਕਰਦੇ ਰਹੇ। ਸੂਰਜ ਡੁੱਬਣ ਲੱਗਾ ਤਾਂ ਘਰ ਆ ਗਏ। ਰਾਤ ਨੂੰ ਪ੍ਰਸ਼ਾਦ ਪਾਣੀ ਛੱਕ ਕੇ ਕੁਝ ਦੇਰ ਬੈਠੇ ਗੱਲਾਂ ਕਰਦੇ ਰਹੇ। ਘਰ ਦੇ ਜੀਅ ਅਤੇ ਨੌਕਰ ਚਾਕਰ ਥਾਉਂ ਥਾਂਈ ਜਾ ਕੇ ਪੈ ਕੇ ਸੌਂ ਗਏ ਪਰ ਕੇਹਰ ਸਿੰਘ ਤੇ ਹਰਦਮ ਜਾਗ ਰਹੇ ਸਨ। ਜਦੋਂ ਵੇਖਿਆ ਹੁਣ ਸਾਰੇ ਠੀਕ ਠਾਕ ਹੈ ਕੇਹਰਾ ਪੂਰੀ ਤਿਆਰੀ ਕਰਕੇ ਭੋਰੇ ਕੋਲ ਆਇਆ ਬੂਹਾ ਖੋਹਲ ਕੇ ਗੁਰਮੁਖ ਸਿੰਘ ਨੂੰ ਭੋਰਿਓਂ ਬਾਹਰ ਆਉਣ ਲਈ ਕਿਹਾ ਪਰ ਅੰਦਰੋਂ ਕੋਈ ਆਵਾਜ਼ ਨ ਆਈ ਉਸ ਨੇ ਦੁਬਾਰਾ ਫੇਰ ਆਵਾਜ਼ ਦਿੱਤੀ ਜਦ ਅੰਦਰੋਂ ਫੇਰ ਵੀ ਕੋਈ ਜਵਾਬ ਨਾ ਆਇਆ ਉਹ ਮੋਮਬੱਤੀ ਜਗਾ ਕੇ ਹੇਠਾਂ ਉਤਰਿਆ ਦੇਖਿਆ ਤਾਂ ਭੋਰਾ ਖਾਲੀ ਸੀ।

(ਦਵੱਯਾ)

ਦੇਖ ਸੱਖਣਾ ਭੋਰਾ ਕੇਹਰਾ ਮੱਥੇ ਤੇ ਹੱਥ ਮਾਰੇ।
ਧਰੇ ਧਰਾਏ ਰਹਿ ਗਏ ਸਾਰੇ ਮਨ ਮਨਸੂਬੇ ਧਾਰੇ।
ਸੜਬਲ ਅੰਦਰੋਂ ਕੋਲੇ ਹੋਇਆ ਵਾਹ ਕੋਈ ਨਾ ਚੱਲੇ।
ਬੁਰੀਆਂ ਮਿਥਦੇ ਰਹਿ ਗਏ ਪਾਪੀ, ਪਈ ਨਿਰਾਸ਼ਾ ਪੱਲੇ।

ਚੱਪਾ ਚੱਪਾ ਦੇਖੀ ਅੰਦਰੋਂ ਸੂਰੰਗ ਤਬੇਲੇ ਤੋੜੀ।
ਪਿਆ ਤਬੇਲਾ ਖਾਲੀ ਹੈ ਨਹੀਂ ਚਰਨੇ ਬੱਧੀ ਘੋੜੀ।
ਮੰਦਾ ਚੰਗਾ ਬੋਲ ਕੁੜੀ ਨੂੰ ਪੈਂਦਾ ਕਰ ਕਰ ਹੱਲੇ।
ਬੁਰੀਆਂ ਮਿਥਦੇ ਰਹਿ ਗਏ ਪਾਪੀ, ਪਈ ਨਿਰਾਸ਼ਾ ਪੱਲੇ।

ਗੁੱਸੇ ਦੇ ਵਿਚ ਪਾਗਲ ਹੋਇਆ ਬਕ ਬਕਬਾਦ ਬਬਾੜੇ।
ਜਲਦੀ ਦੱਸਦੇ ਕਿਧਰ ਭਜਾਇਆ ਖੜ੍ਹਾ ਕੁੜੀ ਨੂੰ ਤਾੜੇ।
ਭੁੱਲੀ ਮਨੋ ਮਾਨ ਮਰਯਾਦਾ ਬੋਲੇ ਬੋਲ ਕੁਵੱਲੇ।
ਬੁਰੀਆਂ ਮਿਥਦੇ ਰਹਿ ਗਏ ਪਾਪੀ, ਪਈ ਨਿਰਾਸ਼ਾ ਪੱਲੇ।

ਮਾਰ ਮਾਰ ਕੇ ਖੱਲ ਉਡਾ ਦਊਂ ਜੇ ਨਾ ਸੱਚ ਬਤਾਇਆ।
ਦੱਸ ਮਰਦੂਦ ਚੜ੍ਹਾ ਕੇ ਘੋੜੀ ਕਿਹੜੀ ਤਰਫ ਦੁੜਾਇਆ।
ਭਾਲੇ ਬਿਨਾਂ ਰਹਾਂ ਨਾ ਭਾਵੇਂ ਲੁਕ ਜਾਏ ਧਰਤੀ ਥੱਲੇ।
ਬੁਰੀਆਂ ਮਿਥਦੇ ਰਹਿ ਗਏ ਪਾਪੀ, ਪਈ ਨਿਰਾਸ਼ਾ ਪੱਲੇ।

ਜਦ ਬਲਵੰਤ ਨਹੀਂ ਕੁਝ ਬੋਲੀ ਹੋਇਆ ਦਘਦ ਅੰਗਾਰੇ।
ਸ਼ਰਮ ਧਰਮ ਤੋਂ ਗਿਰਿਆ ਪਾਜ਼ੀ ਥੱਪੜ ਕੁੜੀ ਨੂੰ ਮਾਰੇ।
ਵਿਚ ਕ੍ਰੋਧ ਯਭਲੀਆਂ ਮਾਰੇ ਜਿਵੇਂ ਚੀਕਦੇ ਝੱਲੇ।
ਬੁਰੀਆਂ ਮਿਥਦੇ ਰਹਿ ਗਏ ਪਾਪੀ, ਪਈ ਨਿਰਾਸ਼ਾ ਪੱਲੇ।

ਛਿੱਥਾ ਪਿਆ, ਕੁੜਮ ਨੂੰ ਆਖੇ ਹੁਣ ਕੀ ਲਾਜ ਬਣਾਈਏ।
ਜੀ ਕਰਦਾ ਹੈ ਉਸ ਤੋਂ ਪਹਿਲਾਂ ਇਸ ਨੂੰ ਮਾਰ ਮੁਕਾਈਏ।
ਰਹੇ ਨਾਕਾਮ ਬੁਰੇ ਬਦ ਦੋਨੋਂ ਗਏ ਕਾਲਜੇ ਸੱਲੇ।
ਬੁਰੀਆਂ ਮਿਥਦੇ ਰਹਿ ਗਏ ਪਾਪੀ, ਪਈ ਨਿਰਾਸ਼ਾ ਪੱਲੇ।

ਕ੍ਰੋਧ ਵਿਚ ਦਘਦ ਹੋਇਆ ਕੇਹਰਾ ਬਲਵੰਤ ਨੂੰ ਦਬਕੇ ਮਾਰਨ ਲੱਗਾ ਹੱਛਾ ਰਾਤ ਦੀ ਰਾਤ ਤੇਰੀ ਜਾਨ ਬਖਸ਼ਦਾ ਹਾਂ, ਕੱਲ੍ਹ ਪਹਿਲਾਂ ਨੌਕਰਾਂ ਨੂੰ ਪੁੱਛ ਲਵਾਂ ਫੇਰ ਤੇਰੇ ਨਾਲ ਸਿਝਾਂਗਾ, ਕਹਿ ਕੇ ਬਿਨਾਂ ਕੁਝ ਖਾਧੇ ਪੀਤੇ ਹਰਦਮ ਕੋਲ ਜਾ ਕੇ ਸੌਂ ਗਿਆ।

ਬਲਵੰਤ ਨੂੰ ਰਾਤੀ ਪਲ ਭਰ ਵੀ ਨੀਂਦ ਆ ਆਈ। ਦਿਨ ਚੜ੍ਹਿਆ ਤਾਂ ਉਠ ਕੇ ਜੰਗਲ ਪਾਣੀ ਗਈ। ਫਿਰਦੀ ਫਿਰਦੀ ਜ਼ਰਾ ਦੂਰੇਡੀ ਨਿਕਲ ਗਈ। ਇਤਨੇ ਨੂੰ ਮਸਾਣੀ ਪਿੰਡ ਵਾਲਾ

ਨਵਾਬ, ਸ਼ਾਹ ਅਬਦੁਲ-ਕਰੀਮ, ਨਾਲ ਚਾਰ ਅਫਸਰ ਘੋੜਿਆਂ ਤੇ ਚੜ੍ਹੇ ਆਏ। ਲੜਕੀ ਕੋਲ ਆ ਕੇ ਰੁਕੇ, ਉਸ ਨੂੰ ਪੁਛਿਆ, ਕੌਣ ਹੈਂ ਤੂੰ ? ਬਲਵੰਤ ਨੇ ਆਖਿਆ, ਮੈਂ ਸ੍ਰ: ਕੇਹਰ ਸਿੰਘ ਦੀ ਲੜਕੀ ਹਾਂ। ਨਵਾਬ ਬੋਲਿਆ, ਚੱਲ ਤੂੰ ਮੇਰੇ ਨਾਲ ਚੱਲ, ਮੇਰੀ ਦੌਲਤ ਦੀ ਤੂੰ ਹੀਂ ਮਾਲਕ ਬਣ, ਅਰ ਤਮਾਮ ਪਿੰਡਾਂ ਦੀ ਰਈਅਤ ਤੇਰੀ ਤਾਬਿਆ ਹੋਵੇਗੀ, ਤੂੰ ਆਪਣੀ ਜ਼ਿੰਦਗੀ ਸੁਖ ਨਾਲ ਕੱਟੀਂ। ਬਲਵੰਤ ਨੇ ਆਖਿਆ, ਐਸਾ ਹਰਗਿਜ਼ ਨਹੀਂ ਹੋ ਸਕਦਾ, ਤੁਸੀਂ ਮੁਸਲਮਾਨ, ਮੈਂ ਇਕ ਸਿੱਖ ਸਪੁੱਤ੍ਰੀ ਹਾਂ।

ਨਵਾਬ ਨੇ ਇਸ ਸੁੰਦਰਤਾ ਦੀ ਦੇਵੀ ਨੂੰ ਹੋਰ ਕੁਝ ਵੀ ਪੁੱਛਣ ਦੀ ਜ਼ਰੂਰਤ ਨਾ ਸਮਝੀ, ਜ਼ਬਰਨ ਘੋੜੇ ਤੇ ਸੁੱਟ ਕੇ ਲੈ ਤੁਰੇ, ਚਾਰ ਪੰਜ ਕੋਸ ਅੱਗੇ ਜਾ ਕੇ, ਇਕ ਸੰਘਣੀ ਰੱਖ ਆਈ, ਹੁਣ ਤੱਕ ਸੂਰਜ ਸਿਰ ਤੇ ਆਉਣ ਕਰਕੇ ਧੁੱਪ ਤੇਜ਼ ਹੋ ਗਈ ਸੀ। ਇਸ ਰੱਖ ਵਿਚ ਨਿਰਮਲ ਪਾਣੀ ਦੀ ਛੱਪੜੀ ਤੋਂ ਘੋੜਿਆਂ ਨੂੰ ਪਾਣੀ ਪਿਲਾਇਆ, ਨਵਾਬ ਨੇ ਸਾਥੀਆਂ ਨੂੰ ਕੁਝ ਦੇਰ ਇਥੇ ਹੀ ਰੁਕ ਜਾਣ ਲਈ ਕਿਹਾ। ਉਸ ਆਖਿਆ, ਮਸਾਣੀ ਪਿੰਡ ਹੁਣ ਨਜ਼ਦੀਕ ਹੀ ਹੈ, ਦਿਨ ਢਲੇ ਇਥੋਂ ਤੁਰਾਂਗੇ।

ਅਫਸਰਾਂ ਨੇ ਘੋੜੇ ਰੁੱਖਾਂ ਨਾਲ ਬੰਨ੍ਹ ਕੇ, ਇਕ ਬ੍ਰਿਛ ਦੀ ਸੰਘਣੀ ਛਾਂ ਹੇਠਾਂ ਕਪੜੇ ਵਿਛਾ ਕੇ ਆਸਣ ਲਾ ਦਿੱਤੇ। ਅਬਦੁਲ ਰਹੀਮ ਬੀਬੀ ਨੂੰ ਬਾਹੋਂ ਫੜਕੇ ਕੁਝ ਕੁ ਫਾਸਲੇ ਤੇ ਲੈ ਗਿਆ, ਠੰਢੀ ਛਾਵੇਂ ਕਪੜਾ ਵਿਛਾ ਕੇ ਬੈਠ ਗਿਆ ਤੇ ਬਾਂਹ ਖਿਚ ਕੇ ਬਲਵੰਤ ਨੂੰ ਵੀ ਬਿਠਾ ਲਿਆ।

(ਸਾਕਾ)

ਚਾਰੇ ਮੁਗਲ ਆਰਾਮ ਕਰਨ ਰੁੱਖ ਛਾਵੇਂ ਪੈ ਕੇ।
ਅਬਦੁਲ ਗਿਆ ਨਵੇਕਲਾ ਲੜਕੀ ਨੂੰ ਲੈ ਕੇ।
ਛਾਇਆ ਸੰਘਣੀ ਬਿਰਛ ਦੀ ਚਿੜੀਆਂ ਦੇ ਚਹਿਕੇ।
ਠੰਢੇ ਬੁੱਲੇ ਪੌਣ ਦੇ ਪੁਸ਼ਪਾਂ ਨਾਲ ਮਹਿਕੇ।
ਖੇਸ ਵਿਛਾਇਆ ਘਾਹ ਤੇ ਮਾਸ਼ਾਲਾ ਕਹਿ ਕੇ।
ਸੁਖਨ ਕਰੇ ਬਲਵੰਤ ਨਾਲ ਆਸਣ ਤੇ ਬਹਿ ਕੇ।
ਹੁਸਨ ਤੇਰਾ ਹੈ ਲਾਜਵਾਬ ਸਮ ਸ਼ੋਲੇ ਦਹਿਕੇ।
ਕੀਮਤ ਇਸ ਦੀ ਪਵੇਗੀ ਮਹਿਲਾਂ ਵਿਚ ਰਹਿਕੇ।

ਅਬਦੁਲ ਕਰੀਮ ਬਲਵੰਤ ਨਾਲ ਬੜੀ ਨਰਮਾਈ ਨਾਲ ਮਿੱਠਾ ਬੋਲ ਕੇ ਗੱਲਾਂ ਕਰਨ ਲੱਗਾ। ਕਿਉਂਕਿ ਜਦੋਂ ਤੋਂ ਇਹ ਬੀਬੀ ਨੂੰ ਲੈ ਕੇ ਚੱਲੇ ਸਨ, ਨਾ ਇਸਨੇ ਕੋਈ ਹਾਇ ਕੁਰਲਾਪ

ਕੀਤਾ, ਨਾ ਹੀ ਕੁਝ ਬੋਲੀ ਚੱਲੀ ਸੀ। ਮੁਗਲ ਇਸ ਗਲਤ-ਫਹਿਮੀ ਵਿਚ ਆ ਗਿਆ, ਕਿ ਸ਼ਾਇਦ ਲੜਕੀ, ਉਸ ਦੀ ਸ਼ਰਤ ਮੰਨਣ ਲਈ ਜਲਦੀ ਹੀ ਰਜ਼ਾਮੰਦ ਹੋ ਜਾਇਗੀ।

ਪਰ ਬਲਵੰਤ ਜਦੋਂ ਤੋਂ ਇਨ੍ਹਾਂ ਦੇ ਚੁੰਗਲ ਵਿਚ ਆਈ ਸੀ, ਤਦੋਂ ਤੋਂ ਹੀ ਦੁਸ਼ਮਣ ਨੂੰ ਸਬਕ ਸਿਖਾਉਣ ਦੇ ਮੌਕੇ ਦੀ ਤਾੜ ਵਿਚ ਸੀ। ਅਕਸਰ ਉਹ ਅੰਮ੍ਰਿਤਧਾਰੀ ਸੀ। ਸਿੱਖ ਇਤਿਹਾਸ ਤੋਂ ਵਾਕਫ ਸੀ। ਉਸ ਨੂੰ ਪਤਾ ਸੀ ਕਿ ਰੋਣ ਕੁਰਲਾਉਣ ਦਾ ਸੰਗਦਿਲ ਜ਼ਾਲਮਾਂ ਤੇ, ਕੋਈ ਅਸਰ ਨਹੀਂ ਹੁੰਦਾ, ਸਗੋਂ ਉਨ੍ਹਾਂ ਦੀ ਹਉਮੈ ਨੂੰ ਬਲ ਮਿਲਦਾ ਹੈ। ਇਸ ਕਰਕੇ ਉਹ ਚੁੱਪ-ਚਾਪ, ਬੜੀ ਦਲੇਰੀ ਨਾਲ ਵਕਤ ਦਾ ਤਕਾਜ਼ਾ ਲਾ ਰਹੀ ਸੀ। ਸੋ ਉਸਨੂੰ ਹੁਣ ਕੰਮ ਰਾਸ ਆਉਂਦਾ ਜਾਪਿਆ।

ਜਦ ਨਵਾਬ ਉਸ ਨਾਲ ਮਿੱਠਾ-ਮਿੱਠਾ ਬੋਲ ਕੇ, ਉਸ ਨੂੰ ਪਤਿਆਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਤਾਂ ਬੀਬੀ ਉਸ ਨੂੰ ਭੋਲਾਪਣ ਜਿਹਾ ਦਿਖਾ ਕੇ ਬੋਲੀ, ਖਾਨ ਸਾਹਿਬ ਮੈਨੂੰ ਭੁੱਖ ਬਹੁਤ ਲੱਗੀ ਹੈ, ਮੈਂ ਪਹਿਲਾਂ ਕੁਝ ਖਾਣਾ ਚਾਹੁੰਦੀ ਹਾਂ। ਖਾਨ ਨੇ ਖੁਸ਼ੀ ਖੁਸ਼ੀ ਸਵੀਕ੍ਰਿਤੀ ਦੇ ਦਿੱਤੀ।

(ਕੋਰੜਾ)

ਬੀਬੀ ਬੋਲੀ ਹੱਸ ਕੁਝ ਖਾਣਾ ਖਾ ਲਈਏ।
ਲੱਗੀ ਹੈ ਬਹੁਤ ਖੁਧਿਆ ਮਿਟਾ ਲਈਏ।
ਅਬਦੁਲ ਜਾਪੀ ਖੁਸ਼ੀਆਂ ਖਲੇਰਦੀ।
ਕਰਦਾ ਮਦਦ ਮਾਲਕ ਦਲੇਰ ਦੀ।

ਗੋਲ ਗੋਲ ਜ਼ਰਾ ਵੰਗਾਂ ਨਾਲੋਂ ਵੱਡੀਆਂ।
ਬੀਬੀ ਬੋੜੇ ਵਿਚੋਂ ਮੱਠੀਆਂ ਦੋ ਕੱਢੀਆਂ।
ਇਕ ਖਾਓ ਆਪ, ਖਾਨ ਨੂੰ ਪ੍ਰੇਰਦੀ।
ਕਰਦਾ ਮਦਦ ਮਾਲਕ ਦਲੇਰ ਦੀ।

ਸਹਿਮਤੀ ਸਮਝ ਖੁਸ਼ੀਆਂ 'ਚ ਆ ਗਿਆ।
ਪਿਆਰ ਨਾਲ ਦਿੱਤੀ ਮਿੱਠੀ ਮੱਠੀ ਖਾ ਗਿਆ।
ਪਲਾਂ ਵਿਚ ਚੜ੍ਹ ਗਈ ਖੁਮਾਰੀ ਘੇਰ ਦੀ।
ਕਰਦਾ ਮਦਦ ਮਾਲਕ ਦਲੇਰ ਦੀ।

ਮਹੁਰਾ ਮਰਦੂਦ ਦੇ ਉਤਰ ਪੇਟ ਗਿਆ।
ਖਾ ਕੇ ਝੱਟ ਗਿਰਦੀ ਜ਼ਿਮੀ ਤੇ ਲੇਟ ਗਿਆ।
ਡਿਗਦੇ ਨੂੰ ਹੋਇਕੇ ਚਤਿੰਨ ਹੇਰਦੀ।
ਕਰਦਾ ਮਦਦ ਮਾਲਕ ਦਲੇਰ ਦੀ।

ਖੜ੍ਹੀ ਹੁਸ਼ਿਆਰ ਤਿਆਰ-ਬਰ-ਤਿਆਰ ਸੀ।
ਉਸੇ ਵਾਲੀ ਮਿਆਨੋ ਕੱਢੀ ਤਲਵਾਰ ਸੀ।
ਗੁੱਸਾ ਖਾ ਕੇ ਭੁਜਾ ਉਪਰ ਉਲੇਰਦੀ।
ਕਰਦਾ ਮਦਦ ਮਾਲਕ ਦਲੇਰ ਦੀ।

ਵਾਹੀ ਜ਼ੋਰ ਨਾਲ ਸ਼ੀਹਣੀ ਨੇ ਖੜਗ ਆ।
ਡਿੱਗਾ ਸਿਰ ਹੋ ਕੇਂ ਧੜ ਤੋਂ ਅਲੱਗ ਆ।
ਰੁੜ੍ਹਾ ਫਿਰੇ ਸੁੱਟੀ ਗਾਗਰ ਠਠੇਰ ਦੀ।
ਕਰਦਾ ਮਦਦ ਮਾਲਕ ਦਲੇਰ ਦੀ।

ਚੁੱਕ ਪਸਤੌਲ ਬੀਬੀ ਮੋਢੇ ਪਾ ਲਿਆ।
ਦਸਵੇਂ ਪਿਤਾ ਦਾ ਆਸਰਾ ਤਕਾ ਲਿਆ।
ਆਇਆ ਕੰਮ ਰਾਸ ਸੋਚਦੀ ਸਵੇਰਦੀ।
ਕਰਦਾ ਮਦਦ ਮਾਲਕ ਦਲੇਰ ਦੀ।

ਸੁੱਤਿਆਂ ਚੰਡਾਲਾਂ ਕੋਲ ਆ ਗਈ ਸ਼ੇਰਨੀ।
ਤਿੰਨ ਦੇ ਉਡਾਤੇ ਸਿਰ ਲਾਈ ਦੇਰ ਨਹੀਂ।
ਮੱਛੀਆਂ ਜਿਉਂ ਲੋਥਾਂ ਲਹੂ ਵਿਚ ਤੇਰਦੀ।
ਕਰਦਾ ਮਦਦ ਮਾਲਕ ਦਲੇਰ ਦੀ।

ਚੌਥਾ ਨੱਠ ਉਠਾ ਤਿੰਨਾਂ ਦੇਖ ਵੱਢਿਆ।
ਬੀਬੀ ਸਿੱਧਾ ਸੇਧ ਕੇ ਤਮਾਚਾ ਛੱਡਿਆ।
ਗੋਲੀ ਜਾਂਦੀ, ਜਾਵੇ ਚਿਣਗਾਂ ਬਿਖੇਰਦੀ।
ਕਰਦਾ ਮਦਦ ਮਾਲਕ ਦਲੇਰ ਦੀ।

ਉੱਕ ਗਈ ਸਿਸਤ ਬਚ ਗਿਆ ਸ਼ੈਤਾਨ ਸੀ।
ਨੱਠਾ ਮੂਜੀ 'ਨਰਗਿਸ' ਬਚਾ ਕੇ ਜਾਨ ਸੀ।
ਗਰਜੇ ਮੈਦਾਨ, ਖੜੀ ਬੱਚੀ ਸ਼ੇਰ ਦੀ।
ਕਰਦਾ ਮਦਦ ਮਾਲਕ ਦਲੇਰ ਦੀ।

ਬੀਬੀ ਨੇ ਇਕ ਮੱਠੀ ਜ਼ਹਿਰ ਮਿਲੀ ਰੱਖੀ ਹੋਈ ਸੀ, ਉਹ ਖਾਨ ਨੂੰ ਫੜਾ ਕੇ ਦੂਸਰੀ ਉਸ ਨੂੰ ਦਿਖਾ ਕੇ, ਆਪ ਖਾਣ ਲੱਗ ਪਈ। (ਉਨ੍ਹਾਂ ਸਮਿਆਂ 'ਚ ਐਸਾ ਕੀਤਾ ਜਾਂਦਾ ਸੀ)

ਅਬਦੁਲ ਰਹੀਮ ਦਾ ਸਿਰ ਕਲਮ ਕਰਕੇ ਬਲਵੰਤ ਕੌਰ ਨੇ ਉਸਦਾ ਪਸਤੌਲ ਵੀ ਲਾਹ ਕੇ ਆਪਣੇ ਮੋਢੇ ਪਾ ਲਿਆ। ਹੁਣ ਉਸ ਨੂੰ ਆਪਣੀ ਸਫਲਤਾ ਤੇ ਪੂਰਾ ਯਕੀਨ ਹੋ ਗਿਆ ਸੀ। ਝੱਟ ਖਾਨ ਦੇ ਸੁੱਤੇ ਸਾਥੀਆਂ ਕੋਲ ਆਈ, ਪੈਂਦਿਆਂ ਹੀ ਦੋ ਦੇ ਸਿਰ ਤੁੰਮਿਆਂ ਵਾਂਗ ਲਾਹ ਦਿੱਤੇ। ਤੀਜੇ ਦੀ ਅੱਖ ਖੁਲ੍ਹ ਗਈ, ਜਲਦੀ ਨਾਲ ਆਪਣਾ ਸ਼ਸਤਰ ਉਹ ਸਾਂਭਣ ਹੀ ਲੱਗਾ ਸੀ, ਬੀਬੀ ਨੇ ਆਪਣੀ ਤੇਗ ਦਾ ਭਰਵਾਂ ਵਾਰ ਕਰਕੇ ਥਾਏਂ ਢੇਰ ਕਰ ਦਿੱਤਾ। ਚੌਥਾ ਫੁਰਤੀ ਨਾਲ ਉਠਕੇ ਦੌੜਿਆ, ਬਲਵੰਤ ਕੌਰ ਨੇ ਤਮੰਚਾ ਚਲਾਇਆ, ਗੋਲੀ ਪਾਸ ਦੀ ਗੁਜ਼ਰ ਗਈ। ਬਚ ਕੇ ਨੱਸਣ ਵਿਚ ਸਫਲ ਹੋ ਗਿਆ। ਬੀਬੀ ਹੁਣ ਆਪਣੇ ਘਰ ਨੂੰ ਰਵਾਨਾ ਹੋਈ, ਘਰ ਆ ਕੇ ਚੁਪੀਤੀ ਆਪਣੇ ਕਮਰੇ ਵਿਚ ਪ੍ਰਵੇਸ਼ ਕਰ ਗਈ।

ਤਮੰਚੇ ਤੋਂ ਬਚੇ ਮੁਗਲ ਨੇ, ਮਸਾਣੀ ਪਿੰਡ ਪਹੁੰਚ ਕੇ, ਅਬਦੁਲ ਰਹੀਮ ਦੇ ਪੁੱਤਰ, ਸ਼ਾਹ ਕਰੀਮ ਨੂੰ ਸਾਰੀ ਖਬਰ ਪੁਚਾ ਦਿੱਤੀ। ਪਿਤਾ ਦੀ ਮੌਤ ਕਾਫਰਾਂ ਹੱਥੋਂ, ਉਹ ਵੀ ਇਕ ਜਨਾਨੀ ਹੱਥੋਂ ਹੋਈ ਸੁਣ ਕੇ ਤਨ ਮਨ ਨੂੰ ਅੱਗ ਲੱਗ ਗਈ। ਤੁਰੰਤ ਆਪਣੀ ਫੌਜ ਨੂੰ, ਬਟਾਲੇ ਨੂੰ ਮਲੀਆਮੇਟ ਕਰਨ ਦਾ ਹੁਕਮ ਦੇ ਕੇ ਚਾੜ੍ਹ ਦਿੱਤਾ।

(ਸਾਕਾ)

ਲੱਗੀ ਅੱਗ ਕਰੀਮ ਨੂੰ ਸੁਣ ਸੀਨਾਂ ਸੜਿਆ।
ਲੈ ਕੇ ਪੂਰੀ ਫੌਜ ਸਾਥ, ਰਿਸ ਘੋੜੇ ਚੜ੍ਹਿਆ।
ਆਣ ਬਟਾਲੇ ਪਹੁੰਚਿਆ ਪਲ ਕਿਤੇ ਨ ਖੜਿਆ।
ਘੇਰ ਹਵੇਲੀ ਜੱਟ ਦੀ ਧਾ ਅੰਦਰ ਵੜਿਆ।
ਜਾਂਦੇ ਕੇਹਰਾ ਢਾਲਿਆ ਛਾਤੀ ਤੇ ਚੜ੍ਹਿਆ।
ਹਰਦਮ ਸ਼ਾਹ ਨੂੰ ਪਕੜ ਕੇ ਲਾ ਸੰਗਲ ਕੜਿਆ।
ਮਾਰ ਨੌਕਰਾਂ ਚਾਕਰਾਂ ਸਭ ਨੂੰ ਬੰਨ੍ਹ ਖੜਿਆ।
ਪਰ ਸ਼ੀਹਣੀ ਬਲਵੰਤ ਕੌਰ ਨੂੰ ਗਿਆ ਨ ਫੜਿਆ।

ਖਾਨ ਖੜ੍ਹਾ ਵਿਸ ਘੋਲਦਾ, ਸੱਪ ਸੀਨੇ ਲੜਿਆ।
'ਨਰਗਿਸ' ਵਾਪਸ ਪਰਤਿਆ ਸੋਚਾਂ ਵਿਚ ਹੜ੍ਹਿਆ।

ਫੌਜ ਨੇ ਬਟਾਲੇ ਆਉਂਦਿਆਂ ਹੀ, ਸ੍ਰ: ਕੇਹਰ ਸਿੰਘ ਦੇ ਘਰ ਨੂੰ ਘੇਰਾ ਪਾ ਲਿਆ, ਫਟਾ ਫਟ ਪੰਝੀ ਤੀਹ ਅਸਵਾਰ ਹਵੇਲੀ ਦੇ ਅੰਦਰ ਆ ਵੜੇ, ਕੇਹਰ ਸਿੰਘ ਤੇ ਹਰਦਮ ਨੂੰ ਬੰਨ੍ਹ ਕੇ ਸ਼ਾਹ ਕਰੀਮ ਦੇ ਪਾਸ ਲੈ ਗਏ। ਉਸ ਦੇ ਨੌਕਰ-ਚਾਕਰ ਕੁਝ ਮਾਰ ਦਿੱਤੇ, ਬਹੁਤਿਆਂ ਨੂੰ ਬੰਦੀ ਬਣਾ ਲਿਆ। ਪਿੰਡ ਦੇ ਲੋਕਾਂ ਨੂੰ ਇਕ ਥਾਂ ਇਕੱਠੇ ਕਰਕੇ ਬਿਠਾ ਲਿਆ। ਬੀਬੀ ਬਲਵੰਤ ਕੌਰ ਬਾਰੇ ਸਖਤੀ ਨਾਲ ਪੁਛ ਪੜਤਾਲ ਕਰਨ ਲੱਗੇ। ਬਲਵੰਤ ਕੌਰ ਦੀ ਪਿਆਰੀ ਸਹੇਲੀ, ਬੀਬੀ ਜੀਤਾਂ ਨੇ ਜਦੋਂ ਸੁਣਿਆਂ ਕਿ ਫੌਜ ਬਲਵੰਤ ਕੌਰ ਦੀ ਤਲਾਸ਼ ਕਰ ਰਹੀ ਹੈ, ਤਾਂ ਉਹ ਬਿਨਾਂ ਦੇਰ ਕੀਤਿਆਂ, ਫੁਰਤੀ ਨਾਲ ਬਲਵੰਤ ਕੌਰ ਦੇ ਕਮਰੇ ਵਿਚ ਆਈ, ਆਉਂਦਿਆਂ ਹੀ ਬੋਲੀ :

ਭੈਣ ਜੀ! ਤੁਸੀਂ ਕਿਧਰੇ ਨੱਠ ਜਾਓ, ਤੁਹਾਡੇ ਫੜਨ ਵਾਸਤੇ ਅਸਵਾਰ ਆਏ ਜੇ। ਇਤਨਾ ਕਹਿ ਕੇ ਛੇਤੀ ਨਾਲ ਚਲੀ ਗਈ। ਬਲਵੰਤ ਕੌਰ ਨੇ ਉਸੇ ਵਕਤ ਆਪਣਾ ਪਸਤੌਲ ਗਾਤਰੇ ਪਾਇਆ ਤੇ ਤਲਵਾਰ ਲੈ ਕੇ ਸੁਰੰਗ ਵਿਚ ਉਤਰ ਗਈ। ਅੰਦਰੇ ਅੰਦਰ ਜਾ ਕੇ, ਤਬਲੇ ਚੋਂ ਘੋੜੀ ਲੈ ਕੇ ਤੀਰ ਹੋ ਗਈ।

(ਕਬਿੱਤ)

ਸੁਣਕੇ ਸਖੀ ਤੋਂ ਵੈਰੀ ਆਉਣ ਦੀ ਖਬਰ ਝੱਟ,
ਬੀਬੀ ਬਲਵੰਤ ਨੇ ਦਲੇਰੀ ਦਿਲ ਧਾਰ ਲਈ।
ਭੋਰੇ ਦੀ ਸੁਰੰਗ ਵਿਚੋਂ ਲੰਘ ਕੇ ਤਬਲੇ ਪੁੱਜੀ,
ਪੌਣ ਬੇਗ ਘੋੜੀ ਥਾਪੀ ਮਾਰ ਕੇ ਸ਼ਿੰਗਾਰ ਲਈ।
ਝੱਲ ਬੇਲੇ ਝਾਗ ਝੰਗ ਲੱਭ ਲਈ ਬਹਾਦਰਾਂ ਦੀ,
ਕੀਤੀ ਫਰਿਆਦ ਕਮਜ਼ੋਰਾਂ ਦੇ ਉਧਾਰ ਲਈ।
ਦੀਨਾ ਦੀ ਸਹਾਇਤਾ ਕਰੋ ਬੰਦੀ-ਛੋੜ ਖਾਲਸਾ ਜੀ,
ਸਾਜਿਆ ਪੰਥ ਗੁਰਾਂ ਪਰਉਪਕਾਰ ਲਈ।

ਬਟਾਲੇ ਤੋਂ ਚਲਕੇ ਬੀਬੀ ਬਲਵੰਤ ਕੌਰ, ਉਸ ਝੱਲ ਵਿਚ ਪਹੁੰਚ ਗਈ, ਜਿਥੇ ਮੁਗਲ ਸਰਕਾਰ ਤੋਂ ਬਾਗੀ ਹੋਏ ਸਿੰਘ ਰਹਿੰਦੇ ਸਨ। ਇਹ ਸਵਾ ਕੁ ਸੌ ਸਿੰਘਾਂ ਦਾ ਜੱਥਾ ਸੀ, ਇਨ੍ਹਾਂ ਧਰਮੀ ਜੋਧਿਆਂ ਦੀ ਅਗਵਾਈ ਜਥੇਦਾਰ ਸ਼ਾਮ ਸਿੰਘ ਜੀ ਕਰ ਰਹੇ ਸਨ।

ਬੀਬੀ ਇਥੇ ਦਿਨ ਦੇ ਪਿਛਲੇ ਪਹਿਰ ਪਹੁੰਚੀ। ਜਦੋਂ ਆਈ, ਸਿੰਘਾਂ ਦਾ ਦਿਵਾਨ ਲੱਗਾ

ਹੋਇਆ ਸੀ। ਉਸ ਨੇ ਘੋੜੀ ਤੋਂ ਉਤਰ ਕੇ, ਦੀਵਾਨ ਵਿਚ ਜਾ ਕੇ ਦੋਵੇਂ ਹੱਥ ਜੋੜ ਕੇ, ਗੱਜ ਕੇ ਫਤਿਹ ਬੁਲਾਈ, ਤੇ ਨਾਲ ਹੀ ਆਪਣੇ ਆਉਣ ਦਾ ਕਾਰਨ ਦੱਸਿਆ : ਕਿ ਖਾਲਸਾ ਜੀ ! ਮੈਂ ਆਪ ਦੀ ਸ਼ਰਨ ਆਈ ਹਾਂ। ਮੁਸਲਮਾਨਾਂ ਨੇ, ਸਾਡੇ ਘਰ ਤੇ ਹਮਲਾ ਕਰਕੇ, ਮੇਰੇ ਪਿਤਾ ਨੂੰ ਬੰਦੀ ਬਣਾ ਲਿਆ ਹੈ, ਤੇ ਹੁਣ ਮੈਨੂੰ ਲੱਭਦੇ ਫਿਰਦੇ ਹਨ। ਸਾਡਾ ਘਰ-ਬਾਰ ਜ਼ਬਤ ਕਰਨਾ ਚਾਹੁੰਦੇ ਹਨ।

ਜਥੇਦਾਰ ਸ਼ਾਮ ਸਿੰਘ ਨੇ ਬੀਬੀ ਨੂੰ ਧੀਰਜ ਦਿੱਤਾ ਤੇ ਪੁਛਿਆ, ਉਹ ਐਸਾ ਕਿਉਂ ਕਰ ਰਹੇ ਹਨ ? ਤਾਂ ਬੀਬੀ ਬਲਵੰਤ ਕੌਰ ਨੇ ਆਦਿ ਤੋਂ ਅੰਤ ਤਕ ਸਾਰਾ ਹਾਲ ਸੁਣਾ ਦਿੱਤਾ।

ਜ਼ਾਲਮ ਅਬਦੁਲ ਰਹੀਮ ਤੇ ਉਸਦੇ ਚੌਹਾਂ ਸਾਥੀਆਂ ਨੂੰ, ਇਕੱਲੀ ਲੜਕੀ ਨੇ ਸੋਧਾ ਲਾਇਆ ਸੁਣ ਕੇ, ਸਿੰਘ ਬੀਬੀ ਦੀ ਬਹਾਦਰੀ ਤੇ ਬਹੁਤ ਖੁਸ਼ ਹੋਏ। ਹੁਣ ਅਬਦੁਲ ਦਾ ਲੜਕਾ ਸ਼ਾਹ ਕਰੀਮ, ਜਿਸਨੇ ਬੀਬੀ ਦੇ ਪ੍ਰਵਾਰ ਤੇ ਹਮਲਾ ਕਰਕੇ, ਉਸ ਦੇ ਪਿਤਾ ਨੂੰ ਬੰਨ੍ਹ ਲਿਆ ਸੀ, ਹੁਣ ਉਸ ਦੀ ਭਾਲ ਕਰ ਰਿਹਾ ਸੀ, ਨੂੰ ਸੋਧਣ ਲਈ, ਮਸਾਣੀ ਪਿੰਡ ਵੱਲ ਨੂੰ ਸਿੰਘਾਂ ਨੇ ਉਸੇ ਵੇਲੇ ਚੜ੍ਹਾਈ ਕਰ ਦਿੱਤੀ।

(ਚਟਪਟਾ ਛੰਦ)

ਸਾਂਭ ਸਿੰਘਾਂ ਹਥਿਆਰ ਇਰਾਕੇ ਤੁਰੰਤ ਸ਼ਿੰਗਾਰੇ ਸੀ ।
ਗੁਰ ਦਸਮੇਸ਼ ਧਿਆ ਕੇ ਤੁਰ ਪਏ ਬੋਲ ਜੈਕਾਰੇ ਸੀ।
ਅਗਵਾਈ ਅੱਜ ਸ਼ਾਮ ਸਿੰਘ ਜੀ ਖੁਦ ਸਰਦਾਰ ਕਰੇ।
ਸੰਤ ਸਿਪਾਹੀ ਬੀਰ ਖਾਲਸਾ ਪਰਉਪਕਾਰ ਕਰੇ।

ਸਿੰਘ ਸਵਾਏ ਚੱਲੇ ਜਿੱਤਣ ਫੌਜ ਸਤਾਣੀ ਨੂੰ।
ਪਹੁੰਚੇ ਘੋੜੇ ਛੇੜ ਘੇਰਿਆ ਪਿੰਡ ਮਸਾਣੀ ਨੂੰ।
ਗਰਜੇ ਬੀਰ ਕਰਾਰੇ ਨੇਤਰ ਸੁਰਖ ਅੰਗਾਰ ਕਰੇ।
ਸੰਤ ਸਿਪਾਹੀ ਬੀਰ ਖਾਲਸਾ ਪਰਉਪਕਾਰ ਕਰੇ।

ਦੇਖ ਸਿੰਘਾਂ ਨੂੰ ਜੋਸ਼ ਜਾਗਿਆ ਗਾਜ਼ੀ ਖਾਨਾਂ ਦਾ।
ਸ਼ਾਹ ਕਰੀਮ ਖੁਸ਼ ਹੋਇਆ ਜਜ਼ਬਾ ਦੇਖ ਜੁਆਨਾਂ ਦਾ।
ਮਾਰ ਦਮਾਮੇ ਚੋਟ ਮੁਜ਼ਾਹਿਦ ਸਭ ਹੁਸ਼ਿਆਰ ਕਰੇ।
ਸੰਤ ਸਿਪਾਹੀ ਬੀਰ ਖਾਲਸਾ ਪਰਉਪਕਾਰ ਕਰੇ।

ਉਮਡੇ ਝੁੰਮਲ ਖਾਨ ਅਲੀ ਦੇ ਲਾਉਂਦੇ ਨਾਹਰੇ ਸੀ।
ਵਧੇ ਧੁਮਾਲਾਂ ਪਾਉਂਦੇ ਕਲਗੀਧਾਰ ਦੁਲਾਰੇ ਸੀ।
ਸੈਣ ਛਰਾਟੇ ਵਾਂਗ ਦੁਪਾਸੋਂ ਵਾਰ ਅਪਾਰ ਵਰ੍ਹੇ।
ਸੰਤ ਸਿਪਾਹੀ ਬੀਰ ਖਾਲਸਾ ਪਰਉਪਕਾਰ ਕਰੇ।
ਸਿੰਘਾਂ ਸਾਧ ਨਿਸ਼ਾਨ, ਤਮੰਚੇ ਤੀਰ ਕਮਾਨਾਂ ਦੇ।
ਬਿੰਨ੍ਹੇ ਬੱਜਰ ਵਜੂਦ ਅਨੇਕਾਂ ਬਲੀਆਂ ਖਾਨਾਂ ਦੇ।
ਤੀਰ ਸਿੰਘ ਦਾ ਇਕ, ਚਾਰ ਦੀ ਛਾਤੀ ਪਾਰ ਕਰੇ।
ਸੰਤ ਸਿਪਾਹੀ ਬੀਰ ਖਾਲਸਾ ਪਰਉਪਕਾਰ ਕਰੇ।

ਮਾਰ ਬਲੀ ਸਿੰਘ ਤੇਗਾਂ ਫਾੜੇ ਕਰਨ ਸਰੀਰਾਂ ਦੇ।
ਘੜ ਵਿਚਕਾਰੋਂ ਚੀਰੇ ਭਾਰੀ ਭਰਕਮ ਬੀਰਾਂ ਦੇ।
ਚਮਤਕਾਰ, ਸਮ ਬਿਜਲੀ, ਬੀਬੀ ਦੀ ਤਲਵਾਰ ਕਰੇ।
ਸੰਤ ਸਿਪਾਹੀ ਬੀਰ ਖਾਲਸਾ ਪਰਉਪਕਾਰ ਕਰੇ।

ਬਣ ਬਲਵੰਤ ਭਵਾਨੀ ਗਿਲਜੇ ਦੈਂਤ ਸੰਘਾਰ ਰਹੀ।
ਡਾਢਿਆਂ ਕਰਜ਼ ਚੜ੍ਹਾਇਆ ਸਭ ਦੇ ਮੋੜ ਉਧਾਰ ਰਹੀ।
ਜਿਵੇਂ ਖੜਗ ਦਾ ਦੁਰਗਾ, ਅਸੁਰਾਂ ਤੇ ਪ੍ਰਹਾਰ ਕਰੇ।
ਸੰਤ ਸਿਪਾਹੀ ਬੀਰ ਖਾਲਸਾ ਪਰਉਪਕਾਰ ਕਰੇ।

ਹੋਇਆ ਫਤਿਹ ਮੈਦਾਨ ਬੰਦੀਓਂ ਬਾਪ ਛੁਡਾਇਆ ਸੀ।
ਬੱਧੇਵੇ ਨਿਰਦੋਸ਼ ਸਾਰਿਆਂ ਮੁਕਤ ਕਰਾਇਆ ਸੀ।
'ਨਰਗਿਸ' ਸਭ ਸੰਸਾਰ ਪੰਥ ਦੀ ਜੈ ਜੈਕਾਰ ਕਰੇ।
ਸੰਤ ਸਿਪਾਹੀ ਬੀਰ ਖਾਲਸਾ ਪਰਉਪਕਾਰ ਕਰੇ।

ਵੈਰੀ ਕੁਝ ਮਾਰੇ ਗਏ, ਕੁਝ ਨੱਠ ਗਏ। ਕੁਝ ਸਿੰਘ ਵੀ ਸ਼ਹੀਦੀ ਜਾਮ ਪੀ ਗਏ। ਮੈਦਾਨ ਫਤੇ ਹੋਇਆ ਸਮਝ ਕੇ, ਬੀਬੀ ਨੇ ਆਪਣੇ ਪਿਤਾ ਕੇਹਰ ਸਿੰਘ ਦੀਆਂ ਮੁਸ਼ਕਾਂ ਖੋਲ੍ਹੀਆਂ, ਆਪਣੇ ਸਹੁਰੇ, ਹਰਦਮ ਦੀਆਂ ਮੁਸ਼ਕਾਂ ਖੋਹਲਣ ਹੀ ਲੱਗੀ ਸੀ, ਝੱਟ ਹੀ ਇਕ ਗੋਲੀ ਹਰਦਮ ਦੀ ਛਾਤੀ ਵਿਚ ਆ ਲੱਗੀ, ਤੇ ਨਾਲ ਹੀ ਪ੍ਰਾਣ ਲੈ ਗਈ। ਸਿੰਘਾਂ ਨੇ ਗੋਲੀ ਮਾਰਨ ਵਾਲੇ ਨੂੰ ਮਾਰਨ ਜਾਂ ਪਕੜਨ ਦੀ ਕੋਸ਼ਿਸ਼ ਕੀਤੀ, ਪਰ ਉਹ ਘੋੜ-ਸਵਾਰ ਇਸ ਵੇਲੇ ਤੱਕ ਦੂਰ ਨਿਕਲ ਚੁੱਕਾ ਸੀ। ਸਿੰਘਾਂ ਨੇ ਉਸਦਾ ਬਹੁਤ ਪਿੱਛਾ ਨਾ ਕੀਤਾ।

ਬੀਬੀ ਬਲਵੰਤ ਕੋਰ ਨੇ ਸਾਰੇ ਸਿੰਘਾਂ ਵੀਰਾਂ ਦਾ ਧੰਨਵਾਦ ਕੀਤਾ, ਸਿੰਘਾਂ ਨੇ ਭੈਣ ਤੋਂ ਰੁਖਸਤ ਲੈ ਕੇ, ਜੈਕਾਰਾ ਬੋਲ ਕੇ, ਆਪਣੀ ਰੱਖ ਵੱਲ ਨੂੰ ਚਾਲੇ ਪਾ ਦਿੱਤੇ।

ਬੀਬੀ ਆਪਣੇ ਪਿਤਾ ਨੂੰ ਨਾਲ ਲੈ ਕੇ, ਲਹੂ-ਭਰੇ ਕੱਪੜਿਆਂ ਸਮੇਤ ਘਰ ਨੂੰ ਆਈ। ਰੁਧਿਰ ਭਰੇ ਕਪੜੇ ਲਾਹੇ, ਪਿਤਾ ਦੇ ਜਿਸਮ ਨੂੰ ਸਾਫ ਕੀਤਾ, ਪਾਣੀ ਪਿਲਾਇਆ, ਕਪੜੇ ਬਦਲ ਕੇ ਪੁਆ ਦਿੱਤੇ। ਕੇਹਰ ਸਿੰਘ ਮਾਰਿਆ ਸ਼ਰਮ ਦਾ ਮੂੰਹ ਉਤਾਹਾਂ ਨਹੀਂ ਸੀ ਕਰਦਾ। ਬੀਬੀ ਨੇ ਹੌਂਸਲਾ ਦਿੱਤਾ, ਕਿ ਪਿਤਾ ਜੀ! ਮੈਂ ਤੁਹਾਡੀ ਬੇਟੀ ਹਾਂ, ਤੁਸੀਂ ਮੇਰੇ ਸਤਿਕਾਰਯੋਗ ਪਿਤਾ ਹੋ, ਬੀਤੀਆਂ ਗੱਲਾਂ ਭਲਾ ਕੇ, ਕੁਝ ਅੱਗੇ ਵਾਸਤੇ ਉਦਮ ਕਰੀਏ। ਦਾਨਿਆਂ ਦਾ ਕੋਲ ਹੈ :

ਮੁਸ਼ਕਿਲਾਂ ਦਾ ਨਾਮ ਹੀ ਹੈ ਜ਼ਿੰਦਗੀ,
ਹਾਰਦੇ ਨੇ ਉਹ ਜੋ ਹਿੰਮਤ ਹਾਰਦੇ।

ਹੁਣ ਪ੍ਰਸ਼ਾਦ ਪਾਣੀ ਛੱਕੋ ਤੇ ਆਰਾਮ ਕਰੋ, ਮੈਂ ਵੀ ਆਰਾਮ ਕਰਾਂ, ਕਹਿ ਕੇ ਬੀਬੀ ਆਪਣੇ ਪਲੰਘ ਤੇ ਜਾ ਪਈ, ਤੇ ਕੇਹਰ ਸਿੰਘ ਆਪਣੇ ਕਮਰੇ ਵਿਚ ਚਲਾ ਗਿਆ। ਪਿਆ ਪਿਆ ਬਲਵੰਤ ਦੀ ਦਲੇਰੀ ਤੇ ਸਿਆਣਪ ਬਾਰੇ ਸੋਚ ਕੇ ਤਾਂ ਉਹ ਉਸਦਾ ਅਹਿਸਾਨਮੰਦ ਹੋਇਆ, ਪਰ ਗੁਰਮੁਖ ਸਿੰਘ ਨਾਲ ਦਿਲੋਂ ਦੁਸ਼ਮਣੀ ਜਿਉਂ ਦੀ ਤਿਉਂ ਸੀ।

(ਬੈਂਤ)

ਪੱਥਰ ਪਾਣੀ ਵਿਚ ਮੁੱਦਤਾਂ ਪਿਆ ਰਹਿੰਦਾ,
ਸਗੋਂ ਸੁੱਕਦਾ, ਅੰਦਰੋਂ ਭੀਜਿਆ ਨਾ।
ਸੱਪਾਂ, ਦੁੱਧ ਪਿਲਾਈਏ ਲੱਖ ਭਾਵੇਂ,
ਨਾਗ, ਨਰਮ ਹੋ ਕੇ ਕਦੇ ਰੀਝਿਆ ਨਾ।
ਕਾਲੀ ਕੰਬਲੀ, ਧੋਤੇ ਨਾ ਖੁੰਬ ਚੜ੍ਹਦੀ,
ਭੁੱਜਾ ਬੀਜ ਜੋ, ਉਗਦਾ ਬੀਜਿਆ ਨਾ।
ਗੁਰਮੁਖ ਸਿੰਘ, ਮਾਸੂਮ, ਦਰਵੇਸ਼ ਉਤੇ,
ਕੇਹਰਾ ਸੰਗਦਿਲ, ਪਾਪੀ, ਪਤੀਜਿਆ ਨਾ।

ਓਧਰ ਦਿਆਲੂ ਪਰਿਵਾਰ ਦੀ ਸਾਂਭ ਸੰਭਾਲ ਸਦਕਾ ਗੁਰਮਖ ਸਿੰਘ ਦੇ ਜ਼ਖਮ ਰਾਜ਼ੀ ਹੋ ਗਏ ਸਨ, ਹੁਣ ਉਸ ਨੇ ਪਰਿਵਾਰ ਤੋਂ ਰੁਖਸਤ ਮੰਗੀ। ਮਾਤਾ ਅਤੇ ਉਸ ਦੇ ਦੋਹਾਂ ਪੁੱਤਰਾਂ ਦਾ ਗੁਰਮੁਖ ਸਿੰਘ ਨਾਲ ਕਾਫੀ ਸਨੇਹ ਵਧ ਗਿਆ ਸੀ। ਗੁਰਮੁਖ ਸਿੰਘ ਵੀ ਉਨ੍ਹਾਂ ਦਾ ਦਿਲੋਂ

ਸ਼ੁਕਰ-ਗੁਜ਼ਾਰ ਸੀ। ਉਨ੍ਹਾਂ ਗੁਰਮੁਖ ਸਿੰਘ ਨੂੰ ਪੁਛਿਆ, ਕਿ ਤੇਰੇ ਦੱਸਣ ਮੁਤਾਬਿਕ, ਤੇਰੇ ਪਿਤਾ, ਅਤੇ ਸਹੁਰਿਆਂ ਦਾ ਤੇਰੇ ਨਾਲ ਵਿਹਾਰ ਠੀਕ ਨਹੀਂ, ਤਾਂ ਹੁਣ ਜਾਏਂਗਾ ਕਿੱਥੇ ? ਗੁਰਮੁਖ ਸਿੰਘ ਨੇ ਬੜੇ ਹੌਂਸਲੇ ਤੇ ਬੇਫਿਕਰੀ ਦੇ ਰਉਂ ਵਿਚ ਆਖਿਆ, ਹੁਣ ਮੈਂ ਗੁਰੂ ਖਾਲਸੇ ਦੀ ਸ਼ਰਨ ਜਾਵਾਂਗਾ। ਰਹਿੰਦੀ ਜ਼ਿੰਦਗੀ ਪੰਥ ਦੀ ਸੇਵਾ ਵਿਚ ਹੀ ਗੁਜ਼ਾਰਾਂਗਾ। ਉਥੇ ਜਾ ਕੇ ਪਹਿਲਾਂ, ਦੁਬਾਰਾ ਅੰਮ੍ਰਿਤ ਪਾਨ ਕਰਾਂਗਾ। ਕਿਉਂਕਿ ਜ਼ਖਮੀ ਤੇ ਬੇਸੁੱਧੀ ਦੀ ਹਾਲਤ ਵਿਚ ਮੇਰੇ ਕੋਲੋਂ ਕਕਾਰਾਂ ਦੇ ਨਿਯਮ ਕਾਇਮ ਨਹੀਂ ਰਹਿ ਸਕੇ।

ਮਾਤਾ ਦਾ ਵੱਡਾ ਲੜਕਾ 'ਮਦਨ' ਬੋਲਿਆ, ਕਿ ਮੈਂ ਵੀ ਤੇਰੇ ਜੈਸਾ ਬਣਨਾ ਚਾਹੁੰਦਾ ਹਾਂ, ਕੀ ਖਾਲਸਾ ਮੈਨੂੰ ਵੀ ਅੰਮ੍ਰਿਤ ਛਕਾ ਦੇਵੇਗਾ? ਗੁਰਮੁਖ ਸਿੰਘ ਨੇ ਕੁਝ ਸੋਚਕੇ ਆਖਿਆ, ਕਿ ਮੈਂ ਸਿੱਖੀ ਅਸੂਲਾਂ ਤੋਂ ਬਹੁਤਾ ਵਾਕਫ ਨਹੀਂ, ਜੋ ਚਿੱਟੇ ਬਸਤਰਾਂ ਵਾਲਾ ਬਾਬਾ ਨਿਹਾਲ ਸਿੰਘ ਮੇਰੀ ਖਬਰ ਲੈਣ ਆਉਂਦਾ ਹੁੰਦਾ ਹੈ, ਜੇ ਉਸ ਨੂੰ ਬੁਲਾ ਲਵੋ ਤਾਂ ਉਹ ਸਿੱਖੀ ਅਸੂਲਾਂ ਤੋਂ ਸਾਨੂੰ ਜਾਣੂ ਕਰਾ ਸਕਦਾ ਹੈ। ਮਾਈ ਦਾ ਛੋਟਾ ਲੜਕਾ 'ਮੁਨਸ਼ੀ' ਜਾ ਕੇ ਬਾਬਾ ਜੀ ਨੂੰ ਬੁਲਾ ਲਿਆਇਆ। ਉਨ੍ਹਾਂ ਦੇ ਪੁਛਣ ਤੇ, ਬਾਬਾ ਜੀ ਨੇ, ਖਾਲਸਾ ਪੰਥ ਦੇ ਸੁਨਹਿਰੀ ਅਸੂਲਾਂ ਤੇ ਚਾਨਣਾ ਪਾਇਆ, ਤਾਂ ਸਮੇਤ ਮਾਈ ਸਾਰੇ ਹੀ ਅੰਮ੍ਰਿਤ ਛੱਕਣ ਲਈ ਤਿਆਰ ਹੋ ਗਏ।

ਇਸ ਪ੍ਰਵਾਰ ਦੇ ਗਵਾਂਢ ਇਕ ਵਿਧਵਾ ਮੁਸਲਮਾਨ ਔਰਤ ਅਤੇ ਉਸਦਾ ਲੜਕਾ ਰਹਿੰਦੇ ਸਨ, ਜੋ ਸਿੱਖੀ ਦੀਆਂ ਗੱਲਾਂ ਸੁਣਨ ਵਿਚ ਕਾਫੀ ਦਿਲਚਸਪੀ ਰਖਦੇ ਸਨ। ਇਸ ਔਰਤ ਨੇ, ਕੁਝ ਝਿਜਕਦਿਆਂ, ਬਾਬਾ ਨਿਹਾਲ ਸਿੰਘ ਨੂੰ ਪੁਛਿਆ, ਕਿ ਸਿੰਘ ਸਾਨੂੰ ਵੀ ਅੰਮ੍ਰਿਤ ਦੀ ਦਾਤ ਦੇ ਸਕਦੇ ਹਨ? ਤਾਂ ਬਾਬਾ ਜੀ ਨੇ ਦੱਸਿਆ : ਇਥੇ ਜਾਤ-ਪਾਤ ਦਾ ਕੋਈ ਵਿਤਕਰਾ ਨਹੀਂ, ਸਾਡੇ ਗੁਰਦੇਵ ਦਾ ਫੁਰਮਾਣ ਹੈ :-

ਹਿੰਦੂ ਤੁਰਕ ਕੋਊ ਰਾਫਜੀ ਇਮਾਮਸਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥

ਤੁਸੀਂ ਵੀ ਇਹ ਬਖਸ਼ਿਸ਼ ਪ੍ਰਾਪਤ ਕਰਕੇ ਪੰਥ ਦੇ ਪਾਂਧੀ ਬਣ ਸਕਦੇ ਹੋ। ਇਸ ਮੁਸਲਮਾਨ ਮਾਈ ਦੇ ਲੜਕੇ 'ਇਕਬਾਲ' ਨੇ ਪੁਛਿਆ, ਬਾਬਾ ਜੀ ਪੰਥ ਦੇ ਪਾਂਧੀਆਂ ਦਾ ਕਰਤਬ ਕੀ ਹੈ? ਤਾਂ ਬਾਬਾ ਜੀ ਨੇ ਦੱਸਿਆ :

(ਗੋਪੀ ਚੰਦ)

ਅੰਮ੍ਰਿਤਧਾਰੀ ਧਰਮੀ ਜੋਧੇ, ਨਿਤ ਉਪਕਾਰ ਕਮਾਉਂਦੇ ਨੇ।
ਦੇਸ਼ ਧਰਮ ਦੀ ਰਾਖੀ ਕਰਦੇ, ਖੇਤ ਖੰਡੇ ਖੜਕਾਉਂਦੇ ਨੇ।

ਕਸ਼ਟ ਅਨੇਕਾਂ ਸਿਰ ਤੇ ਸਹਿੰਦੇ, ਸਭ ਦਾ ਦਰਦ ਵੰਡਾਉਂਦੇ ਨੇ।
ਮਜ਼ਲੂਮਾਂ ਦੀ ਰਖਿਆ ਕਰਦੇ, ਖ਼ੁਦ ਘਰ ਬਾਰ ਲੁਟਾਉਂਦੇ ਨੇ।
ਕੱਫਣ ਸਿਰਾਂ ਤੇ ਬੰਨ੍ਹਕੇ ਸਿਦਕੀ, ਮੌਤ ਪਰੀ ਪਰਨਾਉਂਦੇ ਨੇ।
ਜਿਸ ਨੂੰ ਦੁਨੀਆਂ ਦੁਰਕਾਰੇ, ਚੁੱਕ ਉਸ ਨੂੰ ਗਲੇ ਲਗਾਉਂਦੇ ਨੇ।
ਸਬਰ, ਸਿਦਕ ਦੀ ਹੱਦ ਮੁਕਾ ਕੇ, ਬੰਦੋਬੰਦ ਕਟਵਾਉਂਦੇ ਨੇ।
ਸਿਦਕੀ, ਕਾਇਮ ਸਿਦਕ ਰੱਖ ਲੈਂਦੇ, ਖੋਪਰ ਸਿਰੋਂ ਲੁਹਾਉਂਦੇ ਨੇ।
ਦੇਗਾਂ ਵਿਚ ਉਬਾਲੇ ਖਾਂਦੇ, ਆਰਿਆਂ ਤਨ ਚਿਰਵਾਉਂਦੇ ਨੇ।
ਚੜ੍ਹਦੀ ਕਲਾ, ਨਾਮ, ਨਿਤ 'ਨਰਗਿਸ' ਭਲਾ ਸਰਬ ਦਾ ਚਾਹੁੰਦੇ ਨੇ।

ਉਧਰ ਗੁਰਮੁਖ ਸਿੰਘ ਦਾ ਉਦੋਕੀ ਪਹੁੰਚਣ, ਜਾਂ ਨਾ ਪਹੁੰਚਣ ਦਾ ਸੁਰ ਪਤਾ ਲੈਂਦੀ ਬੀਬੀ ਬਲਵੰਤ ਕੌਰ ਨੂੰ ਉਸਦੀ ਅੰਗ ਸਹੇਲੀ ਬੀਬੀ ਜੀਤਾਂ ਨੇ ਦੱਸਿਆ, ਕਿ ਭੈਣ ਮੈਨੂੰ ਕਿਸੇ ਤੋਂ ਪੱਕੀ ਖਬਰ ਮਿਲੀ ਹੈ, ਤੇਰਾ ਪਿਤਾ ਕੇਹਰ ਸਿੰਘ ਤੇਰੇ ਪਤੀ ਗੁਰਮੁਖ ਸਿੰਘ ਨੂੰ ਮਰਵਾਉਣ ਲਈ ਕੁਝ ਮੁਸਲਮਾਨਾਂ ਨਾਲ ਗੰਢਤੁੱਪ ਕਰ ਰਿਹਾ ਹੈ। ਇਹ ਸੁਣਕੇ ਬਲਵੰਤ ਕੌਰ ਨੂੰ ਬਹੁਤ ਫਿਕਰ ਲੱਗਾ। ਉਸੇ ਰਾਤ ਉਹ ਮਰਦਾਵਾਂ ਵੇਸ ਬਣਾ ਕੇ, ਆਪਣਾ ਤਮਾਚਾ ਤੇ ਤਲਵਾਰ ਲੈ ਕੇ ਉਸ ਦੀ ਭਾਲ ਵਿਚ ਨਿਕਲ ਪਈ। ਉਦੋਕੀ ਪਿੰਡ ਦੇ ਲਾਗੇ ਦੇ ਪਿੰਡਾਂ ਵਿਚ, ਜਿਥੇ ਜਿਹੇ ਗੁਰਮੁਖ ਸਿੰਘ ਲਾਪਤਾ ਹੋ ਗਿਆ ਸੀ, ਉਸ ਦੀ ਤਲਾਸ਼ ਕਰਨ ਲੱਗੀ।

ਇਕ ਦਿਨ ਬਲਵੰਤ ਕੌਰ ਨੂੰ ਰਸਤੇ ਤੁਰੀ ਆਉਂਦੀ ਨੂੰ ਕੁਝ ਜਨਾਨੀਆਂ ਤੇ ਬੰਦੇ ਆਉਂਦੇ ਦਿਸੇ, ਨੇੜੇ ਆਏ ਤਾਂ ਦੇਖਿਆ, ਗੁਰਮੁਖ ਸਿੰਘ ਇਨ੍ਹਾਂ ਦੇ ਵਿਚਕਾਰ ਤੁਰਿਆ ਆ ਰਿਹਾ ਸੀ, ਜੋ ਪਹਿਲਾਂ ਨਾਲੋਂ ਕਾਫੀ ਕਮਜ਼ੋਰ ਜਾਪਦਾ ਸੀ। ਗੁਰਮੁਖ ਸਿੰਘ ਨੂੰ ਦੇਖਕੇ ਬਲਵੰਤ ਕੌਰ ਦੇ ਮਨ ਨੂੰ ਕੁਝ ਸਕੂਨ ਮਿਲਿਆ, ਸਾਰਿਆਂ ਨੂੰ ਫਤਹਿ ਬੁਲਾਉਣ ਤੋਂ ਬਾਅਦ ਬੀਬੀ ਨੇ, ਬਾਬਾ ਨਿਹਾਲ ਸਿੰਘ ਨੂੰ ਬੇਨਤੀ ਕੀਤੀ, ਬਾਬਾ ਜੀ ! ਜੋ ਤੁਹਾਡੇ ਨਾਲ ਇਹ ਸਿੰਘ ਨੌਜੁਆਨ ਹੈ, ਇਸ ਦਾ ਖਿਆਲ ਰੱਖਣਾ, ਇਸ ਦੇ ਪਿਛੇ ਇਨ੍ਹਾਂ ਦਾ ਦੁਸ਼ਮਣ ਲੱਗਾ ਹੋਇਆ ਹੈ। ਕਿਤੇ ਇਹ ਉਸ ਦੇ ਹੱਥ ਨਾ ਆ ਜਾਵੇ। ਬਾਬਾ ਜੀ ਨੇ ਆਖਿਆ, ਕਾਕਾ ਜੀ ! ਇਹ ਮੇਰਾ ਧਰਮ ਦਾ ਪੁੱਤਰ ਹੈ, ਮੈਂ ਇਹਦੀ ਹਰ ਤਰ੍ਹਾਂ ਹਿਫ਼ਾਜ਼ਤ ਕਰਾਂਗਾ। ਇਹ ਸੁਣਕੇ ਰੂਪ ਸਿੰਘ ਅੱਗੇ ਤੁਰ ਗਿਆ।

ਭਾਈ ਗੁਰਮੁਖ ਸਿੰਘ, ਦਿਆਲੂ ਮਾਤਾ, ਉਸਦੇ ਦੋਵੇਂ ਲੜਕੇ, ਮੁਸਲਮਾਨ ਔਰਤ, ਤੇ ਉਸਦਾ ਪੁੱਤਰ, ਬਾਬਾ ਨਿਹਾਲ ਸਿੰਘ ਜੀ ਦਾ ਇਹ ਮਹੇਣ, ਹਾਲੇ ਇਥੋਂ ਵੀਹ ਤੀਹ ਕਦਮਾਂ ਹੀ ਅੱਗੇ ਗਿਆ ਹੋਵੇਗਾ, ਤਾਂ ਕੀ ਵੇਖਦੇ ਹਨ :

(ਸਾਕਾ)

ਤਿੰਨ ਅਸਵਾਰ ਮਹੈਣ ਨੇ ਘੋੜਿਆਂ ਤੇ ਤੱਕੇ।
ਜਾਪਣ ਜਿੱਦਾਂ ਵਾਟਮਾਰ ਕੋਈ ਚੋਰ ਉਚੱਕੇ।
ਕੇਹਰੇ ਨਾਲ ਮਗੋਲ ਦੋ ਬਦਫੈਲੀ ਪੱਕੇ।
ਆਣ ਬਰਾਬਰ ਸੰਗ ਦੇ ਸਨ ਘੋੜੇ ਡੱਕੇ।
ਕੇਹਰਾ ਗੁਰਮੁਖ ਸਿੰਘ ਨੂੰ ਮੰਦਭਾਸ਼ਾ ਬੱਕੇ।
ਸੁਣਦੇ ਸਾਥੀ ਸਿੰਘ ਦੇ ਹੋ ਹੱਕੇ-ਬੱਕੇ।
ਐਪਰ ਸ਼ਸਤਰਧਾਰੀਆਂ ਕੁਝ ਕਹਿ ਨ ਸਕੇ।
'ਨਰਗਿਸ' ਹੁਣ ਖੁਦ ਬਹੁੜ ਕੇ ਸਿੰਘ ਨੂੰ ਰੱਬ ਰੱਖੇ।

ਕੇਹਰਾ ਤਲਵਾ ਖਿੱਚਕੇ ਗੁਰਮੁਖ ਸਿੰਘ ਤੇ ਵਾਰ ਕਰਨ ਹੀ ਲੱਗਾ ਸੀ, ਬੜੇ ਜ਼ੋਰ ਨਾਲ ਗੋਲਾ ਉਸਦੇ ਪੈਰਾਂ ਵਿਚ ਆ ਵੱਜਾ, ਭਾਰੀ ਧਮਾਕਾ ਹੋ ਕੇ ਧੂੰਆਂਧਾਰ ਹੋ ਗਿਆ, ਸਭ ਦੇ ਹੋਸ਼ ਗੁੰਮ ਹੋ ਗਏ, ਮੂਧੇ ਮੂੰਹ ਧਰਤੀ ਤੇ ਡਿੱਗ ਪਏ। ਜਦੋਂ ਕੁਝ ਦੇਰ ਬਾਅਦ, ਧੂੰਏਂ ਦਾ ਅਸਰ ਘਟਿਆ, ਹੋਸ਼ ਆਉਣ ਤੇ ਉਨ੍ਹਾਂ ਦੇਖਿਆ! ਦੋਹਾਂ ਮੁਗਲਾਂ ਦੇ ਸਿਰ ਧੜਾਂ ਤੋਂ ਜੁਦਾ ਪਏ ਹਨ, ਤੇ ਕੇਹਰੇ ਦੀਆਂ ਮੁਸ਼ਕਾਂ ਬੱਧੀਆਂ ਹੋਈਆਂ ਸਨ। ਉਹ ਤੇਗਧਾਰੀ ਲੜਕਾ, ਦੂਰ ਖੜਾ ਇਹ ਸਭ ਕੁਝ ਦੇਖ ਰਿਹਾ ਸੀ।

ਬਾਬਾ ਨਿਹਾਲ ਸਿੰਘ ਦੇ ਸੰਗੀ, ਇਹ ਮੁਅੱਜਜ਼ੇ ਵਰਗੀ ਹਾਲਤ ਦੇਖਕੇ ਹੈਰਾਨ ਵੀ ਸਨ ਤੇ ਖੁਸ਼ ਵੀ। ਫਿਰ ਉਹ ਅੱਗੇ ਚੱਲ ਪਏ। ਹਾਲੇ ਵੀਹ ਤੀਹ ਕਦਮਾਂ ਹੀ ਅੱਗੇ ਗਏ ਸਨ, ਘੋੜਿਆਂ ਦੀ ਪੈਛੜ ਆਉਂਦੀ ਮਾਲੂਮ ਹੋਈ, ਉਹ ਖਲੋ ਕੇ ਦੇਖਣ ਲੱਗੇ ਤਾਂ ਪੰਝੀ ਤੀਹ ਘੋੜ-ਚੜ੍ਹੇ ਮੁਸਲਮਾਨ ਆ ਰਹੇ ਸਨ, ਜੋ ਉਨ੍ਹਾਂ ਦੇ ਕੋਲੋਂ ਦੀ ਲੰਘ ਕੇ, ਉਥੇ ਜਾ ਰੁਕੇ, ਜਿਥੇ ਉਹ ਲੜਕਾ ਖੜਾ ਆਪਣੀ ਤਲਵਾਰ ਸਾਫ ਕਰ ਰਿਹਾ ਸੀ। ਉਸ ਲੜਕੇ ਨੂੰ ਤੇ ਕੇਹਰੇ ਨੂੰ, ਘੋੜਿਆਂ ਤੇ ਚੁੱਕ ਕੇ ਲੈ ਗਏ।

ਲੜਕਾ, ਮੁਗਲਾਂ ਹੱਥ ਆ ਜਾਣ ਦਾ, ਗੁਰਮੁਖ ਸਿੰਘ ਤੇ ਬਾਬਾ ਜੀ ਨੂੰ ਬਹੁਤ ਭਾਰੀ ਦੁੱਖ ਹੋਇਆ, ਪਰ ਹੁਣ ਕੁਝ ਹੋ ਨਹੀਂ ਸਕਦਾ ਸੀ। ਰਸਤੇ ਤੁਰੇ ਜਾਂਦਿਆ, ਦਿਆਲੂ ਮਾਤਾ ਨੇ ਗੁਰਮੁਖ ਸਿੰਘ ਨੂੰ ਪੁਛਿਆ, ਬੇਟਾ! ਉਹ ਤੇਗਧਾਰੀ ਲੜਕਾ ਜੋ ਤੇਰੇ ਨਾਲ ਵਾਕਫਕਾਰਾਂ ਵਾਂਗ, ਬਚਨ ਕਰਦਾ ਰਿਹਾ ਸੀ, ਉਹ ਕੌਣ ਹੈ? ਗੁਰਮਖ ਸਿੰਘ ਨੇ ਪਿਛਲੀ ਸਾਰੀ ਕਹਾਣੀ ਆਦਿ ਤੋਂ ਅੰਤ ਤੱਕ ਸੁਣਾ ਦਿੱਤੀ। ਸੁਣਕੇ ਸਾਰੇ ਹੀ ਵਿਸਮਿਤ ਹੋ ਗਏ। ਉਨ੍ਹਾਂ ਸਾਰਿਆਂ, ਉਸਦੀ ਸਲਾਮਤੀ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ।

ਸਾਰਾ ਜੱਥਾ ਸਿੰਘਾਂ ਦੀ ਰੱਖ ਵਿਚ ਪੁੱਜ ਗਿਆ, ਪਿਛਲੇ ਪਹਿਰ ਦਾ ਦਿਵਾਨ ਸਜਿਆ ਹੋਇਆ ਸੀ। ਢੋਲਕੀ ਛੈਣੇ ਵਜਾ ਕੇ ਸਿੰਘ ਸ਼ਬਦ ਪੜ੍ਹ ਰਹੇ ਸਨ। ਇਨ੍ਹਾਂ ਸਾਰਿਆਂ ਨੇ ਸਾਰੇ ਸਿੰਘਾਂ ਨੂੰ ਹੱਥ ਜੋੜ ਕੇ ਫਤਹਿ ਗਜਾਈ, ਤੇ ਬੈਠ ਗਏ। ਦਿਵਾਨ ਦੀ ਸਮਾਪਤੀ ਤੋਂ ਪਹਿਲਾਂ ਇਕ ਸਿੰਘ ਨੇ ਸਿੱਖ ਪੰਥ ਦਾ ਉਦੇਸ਼ ਇਉਂ ਦੱਸਿਆ :

(ਗੋਪੀ ਚੰਦ)

ਕਲਗੀਧਰ ਨੇ ਸਾਜੇ ਸੂਰੇ ਮੋਹਰੀ ਮਰਦ ਮੈਦਾਨਾਂ ਦੇ ।
ਸੁੱਚੇ ਜੀਵਨ ਪਾਕ ਇਰਾਦੇ ਪਾਵਨ ਹਰਫ ਕੁਰਾਨਾਂ ਦੇ।
ਮੋਹ ਮਾਇਆ ਇਸ਼ਰਤ ਦੇ ਤਿਆਗੀ, ਹਾਤਮ ਦਾਨੀ ਜਾਨਾਂ ਦੇ ।
ਦੇਸ਼ ਧਰਮ ਲਈ ਲੜਦੇ ਮਰਦੇ ਮੋਹ ਨ ਕਰਨ ਪ੍ਰਾਨਾਂ ਦੇ ।
ਕੁਰਬਾਨੀ ਉਪਕਾਰ ਕਰਨ ਲਈ ਤਤਪਰ ਜਜ਼ਬੇ ਜੁਆਨਾਂ ਦੇ ।
ਵਧੇ ਮੰਜ਼ਲ ਵੱਲ ਰੁਕਦੇ ਨਹੀਂ, ਪ੍ਰਬਲ ਬੇਗ ਤੁਫਾਨਾਂ ਦੇ।
ਗੁਰੂ ਪੰਥ ਦੇ ਝੰਡੇ ਝੁਲਣੇ 'ਨਰਗਿਸ' ਵਿਚ ਅਸਮਾਨਾਂ ਦੇ।
ਖਿਆਲੀ, ਮਸਤ, ਮਨੀ ਨੇ ਗਾਉਣੇ ਸਾਕੇ ਵਿਚ ਦਿਵਾਨਾਂ ਦੇ।

ਦਿਵਾਨ ਦੀ ਸਮਾਪਤੀ ਕਰਕੇ, ਸੰਗਤਾਂ ਨੇ ਲੰਗਰ ਪਾਣੀ ਛਕਿਆ। ਬਾਅਦ ਵਿਚ ਜਥੇਦਾਰ ਸ਼ਾਮ ਸਿੰਘ ਜੀ ਨੇ, ਬਾਹਰੋਂ ਆਏ ਜਥੇ ਨੂੰ ਆਉਣ ਦਾ ਪ੍ਰਯੋਜਨ ਪੁਛਿਆ, ਤਾਂ ਬਾਬਾ ਨਿਹਾਲ ਸਿੰਘ ਜੀ ਨੇ ਦਸਿਆ, ਕਿ ਇਹ ਸਾਰੇ ਅੰਮ੍ਰਿਤ ਅਭਿਲਾਖੀ ਹਨ, ਖਾਲਸਾ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਆਏ ਹਨ। ਜਥੇਦਾਰ ਜੀ ਨੇ ਬੇਨਤੀ ਸਵੀਕਾਰ ਕਰਦਿਆਂ ਆਖਿਆ ਕਿ ਕਲ੍ਹ ਨੂੰ ਅੰਮ੍ਰਿਤ ਛਕਾਉਣ ਦਾ ਪ੍ਰਬੰਧ ਕੀਤਾ ਜਾਵੇਗਾ।

ਅਗਲੇ ਦਿਨ ਪੰਜਾਂ ਪਿਆਰਿਆਂ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ, ਅਭਿਲਾਖੀਆਂ ਨੂੰ ਪੂਰਨ ਮਰਯਾਦਾ ਨਾਲ ਅੰਮ੍ਰਿਤ ਛਕਾਇਆ। ਰਹਿਤਾਂ ਕੁਰਹਿਤਾਂ ਤੋਂ ਜਾਣੂ ਕਰਾਕੇ, ਸਿੱਖੀ ਨਿਯਮ ਦ੍ਰਿੜ੍ਹ ਕਰਾਉਣ ਤੋਂ ਬਾਅਦ ਇਨ੍ਹਾਂ ਦੇ ਨਾਮ ਬਦਲ ਕੇ ਰੱਖੇ ਗਏ।

ਦਿਆਲੂ ਮਾਤਾ ਦਾ ਨਾਮ, ਗੁਰਦਿਆਲ ਕੌਰ, ਉਸਦੇ ਵੱਡੇ ਲੜਕੇ ਮਦਨ ਦਾ ਨਾਮ ਦਲੇਰ ਸਿੰਘ ਅਤੇ ਛੋਟੇ ਮੁਨਸ਼ੀ ਦਾ ਨਾਮ, ਨਿਧਾਨ ਸਿੰਘ ਰਖਿਆ ਗਿਆ। ਮੁਸਲਮਾਨ ਮਾਤਾ ਦਾ ਨਾਮ ਗੁਰਸ਼ਰਨ ਕੌਰ ਅਤੇ ਉਸਦੇ ਲੜਕੇ ਇਕਬਾਲ ਦਾ ਨਾਮ ਇਕਬਾਲ ਸਿੰਘ ਰਖਿਆ। ਭਾਈ ਗੁਰਮੁਖ ਸਿੰਘ ਨੂੰ ਦੁਬਾਰਾ ਅੰਮ੍ਰਿਤ ਪਾਨ ਨਹੀਂ ਕਰਾਇਆ, ਉਸ ਨੂੰ ਬਾਟੇ ਵਿਚੋਂ ਚੁਲਾ ਦੇ ਕੇ, ਉਸਦੀਆਂ ਭੁੱਲਾਂ ਦੀ ਅਰਦਾਸ ਕਰਕੇ, ਸੰਗਤਾਂ ਦੇ ਜੂਠੇ ਬਰਤਨ ਸਾਫ ਕਰਨ ਦੀ ਸੇਵਾ ਲਾ ਦਿੱਤੀ।

ਅੰਮ੍ਰਿਤਸਰ ਸੰਚਾਰ ਦੀ ਰਸਮ ਪੂਰੀ ਹੋਣ ਉਪਰੰਤ, ਜਥੇਦਾਰ ਜੀ ਨੇ, ਮੁਸਲਮਾਨ ਮ:ਤਾ (ਗੁਰਸ਼ਰਨ ਕੌਰ) ਨੂੰ ਆਪਣਾ ਧਰਮ ਪਰਿਵਰਤਨ ਕਰਨ ਦਾ ਕਾਰਨ ਪੁਛਿਆ, ਤਾਂ ਉਸ ਨੇ ਆਪਣੀ ਦਾਸਤਾਨ ਇਉਂ ਬਿਆਨ ਕੀਤੀ:

(ਦੂਤਾਰਾ)

ਤਦ ਆਖੀ ਮਾਤਾ ਨੇ ਆਪਣੀ ਹਿਰਦੇ ਬੇਧ ਕਹਾਣੀ।
ਜੱਟ ਜ਼ਿਮੀਦਾਰ ਹੈਸਾਂ ਸਾਡਾ ਧੰਦਾ ਸੀ ਕਿਰਸਾਣੀ।
ਗੁਰੂਆਂ ਨੂੰ ਮੰਨਦੇ ਸਾਂ ਦਿੰਦੇ ਦਸੌਂਧ ਸਦਾ ਗੁਰਦੁਆਰੇ।
ਹਾਕਮ ਜਰਵਾਣਿਆਂ ਨੇ ਅਸੀਂ ਹਾਂ ਬਿਨ ਤਕਸੀਰੋਂ ਮਾਰੇ।
ਮੈਂ ਭੱਤਾ ਦੇ ਕੇ ਤੇ ਪਤੀ ਦਾ ਅਜੇ ਪੈਲੀਓਂ ਪਰਤੀ।
ਪਏ ਬਾਜ ਅਚਿੰਤੇ ਆ, ਹੋਣੀ ਸਿਰ ਡਾਢੇ ਦੀ ਵਰਤੀ।
ਪੰਦਰਾਂ ਜਮਦੂਤ ਦਿਸੇ ਦੇਓਆਂ ਵਾਂਗ ਕਾਠਕੱਦ ਭਾਰੇ।
ਹਾਕਮ ਜਰਵਾਣਿਆਂ ਨੇ ਅਸੀਂ ਹਾਂ ਬਿਨ ਤਕਸੀਰੋਂ ਮਾਰੇ।
ਭਾਦੋਂ ਦਾ ਮ੍ਹੀਨਾ ਸੀ ਸੂਰਜ ਤਪਿਆ ਸਿਖਰ ਦੁਪਹਿਰੇ।
ਰਾਹ ਜਾਂਦੇ ਜ਼ਾਲਮ ਉਹ ਝਿੰਗੀ ਛਾਵੇਂ ਪਲ ਭਰ ਠਹਿਰੇ।
ਭੁੱਖੇ ਬਘਿਆੜ ਜਿਵੇਂ ਚੁਫੇਰੇ ਝਾਕ ਰਹੇ ਹਤਿਆਰੇ।
ਹਾਕਮ ਜਰਵਾਣਿਆਂ ਨੇ ਅਸੀਂ ਹਾਂ ਬਿਨ ਤਕਸੀਰੋਂ ਮਾਰੇ।
ਮੈਨੂੰ ਰਾਹ ਜਾਂਦੀ ਨੂੰ ਦੇਖ ਕੇ ਆਪਣੇ ਪਾਸ ਬੁਲਾਇਆ।
ਤੂੰ ਕੌਣ, ਕਿਥੋਂ ਆਈ, ਵੱਧ ਘੱਟ ਬੋਲੇ ਕੁਫਰ ਅਲਾਇਆ।
ਸੀ ਹਾਕਮ ਮਾਰ ਰਿਹਾ ਕਾਲੇ ਨਾਗ ਵਾਂਗ ਫੁੰਕਾਰੇ।
ਹਾਕਮ ਜਰਵਾਣਿਆਂ ਨੇ ਅਸੀਂ ਹਾਂ ਬਿਨ ਤਕਸੀਰੋਂ ਮਾਰੇ।
ਮੇਰੇ ਪਤੀਦੇਵ ਨੂੰ ਵੀ ਖੂਹ ਤੋਂ ਪਕੜ ਲਿਆਏ ਜਾ ਕੇ।
ਲੈ ਟੁਰੇ ਨਾਲ ਆਪਣੇ ਪਹੁੰਚੇ ਜਦੋਂ ਰਾਤ ਘਰ ਆ ਕੇ।
ਗਏ ਲੇਟ ਸ਼ਰਾਬਾਂ ਪੀ, ਸੁੱਟੇ ਅਸੀਂ ਨੂੜ ਕੇ ਢਾਰੇ।
ਹਾਕਮ ਜਰਵਾਣਿਆਂ ਨੇ ਅਸੀਂ ਹਾਂ ਬਿਨ ਤਕਸੀਰੋਂ ਮਾਰੇ।
ਦਿਨ ਅਗਲੇ ਮਸਜਿਦ ਜਾ, ਸਾਨੂੰ ਚਾਹੁੰਦੇ ਦੀਨ ਮਨਾਇਆ।
ਮੇਰਾ ਮਾਲਕ ਮੰਨਿਆਂ ਨਾ, ਜ਼ਾਲਮਾਂ ਤੁਰੰਤ ਕਤਲ ਕਰਵਾਇਆ।

ਇਕ ਮੁਗਲ ਨਾਲ ਮੇਰੇ, ਜ਼ਬਰਨ ਅਕਦ ਪੜ੍ਹਾਏ ਜ਼ਾਹਰੇ।
ਹਾਕਮ ਜਰਵਾਣਿਆਂ ਨੇ ਅਸੀਂ ਹਾਂ ਬਿਨ ਤਕਸੀਰੋਂ ਮਾਰੇ।
ਪਰ ਮੁਗਲ ਮੋਮ ਦਿਲ ਸੀ, ਮੈਨੂੰ ਪਰੇਸ਼ਾਨ ਨਹੀਂ ਕਰਿਆ।
ਥੋੜ੍ਹੇ ਚਿਰ ਮਗਰੋਂ ਹੀ, ਉਹ ਵੀ ਮੌਤ ਅਚਾਨਕ ਮਰਿਆ।
ਗਾਂਉਂ ਵਾਲਿਆਂ ਮੁੜ ਮੈਨੂੰ ਕੀਤਾ ਨਾ ਮਜਬੂਰ ਦੁਬਾਰੇ।
ਹਾਕਮ ਜਰਵਾਣਿਆਂ ਨੇ ਅਸੀਂ ਹਾਂ ਬਿਨ ਤਕਸੀਰੋਂ ਮਾਰੇ।
ਛੇ ਮ੍ਹੀਨੇ ਹੋਏ ਸੀ ਮੈਨੂੰ ਜਦੋਂ ਏਸ ਘਰ ਆਈ।
ਪੁੱਤਰ ਨੇ ਜਨਮ ਲਿਆ, ਮੈਂ ਨੇ ਅੰਸ ਪਤੀ ਦੀ ਪਾਈ।
ਅੱਜ ਤੱਕ ਦਿਨ ਕੱਟ ਲਏ ਮੈਂ, ਮੇਰੇ ਚੰਨ ਇਕਬਾਲ ਸਹਾਰੇ।
ਹਾਕਮ ਜਰਵਾਣਿਆਂ ਨੇ ਅਸੀਂ ਹਾਂ ਬਿਨ ਤਕਸੀਰੋਂ ਮਾਰੇ।
ਧੰਨਵਾਦ ਖਾਲਸਾ ਜੀ ਸਾਡਾ ਗਿਆ ਧਰਮ ਪਰਤਾਤਾ।
ਕਰ ਪਰਉਪਕਾਰ ਤੁਸਾਂ ਸਾਨੂੰ ਸਤਿਗੁਰ ਦੇ ਲੜ ਲਾਤਾ।
ਦੋਜ਼ਕ ਦੀ ਦਲਦਲ ਚੋਂ 'ਨਰਗਿਸ' ਕਰੇ ਪਾਰ ਨਿਸਤਾਰੇ।
ਹਾਕਮ ਜਰਵਾਣਿਆਂ ਨੇ ਅਸੀਂ ਹਾਂ ਬਿਨ ਤਕਸੀਰੋਂ ਮਾਰੇ।

ਅੰਮ੍ਰਿਤ ਛੱਕਣ ਵਾਲੇ ਗੁਰਸਿੱਖ ਪ੍ਰੇਮੀਆਂ ਨੂੰ ਆਪਣੀ ਜ਼ਿੰਦਗੀ ਵਿਚ ਗੁਰਮਤਿ ਦੇ ਸੰਚਾਰ ਦਾ ਅਹਿਸਾਸ ਹੋ ਰਿਹਾ ਸੀ। ਸਭ ਕੁਝ ਮਨ ਨੂੰ ਚੰਗਾ ਚੰਗਾ ਲਗਦਾ, ਅਤੇ ਰੂਹਾਂ ਤੇ ਖੇੜਾ ਸੀ।

ਸ਼ਾਮ ਦੇ ਦਿਵਾਨ ਸਜ ਗਏ। ਸਾਰੀ ਸੰਗਤ ਨੇ ਰਹਰਾਸਿ ਤੋਂ ਬਾਅਦ ਸ਼ਬਦ ਚੌਕੀ ਲਾ ਕੇ ਮਿਲਕੇ ਸੰਗਤੀ ਕੀਰਤਨ ਕੀਤਾ। ਜਦੋਂ ਦਿਵਾਨ ਦੀ ਸਮਾਪਤੀ ਹੋਈ। ਸੰਗਤਾਂ ਨੇ ਲੰਗਰ-ਪਾਣੀ ਛਕਿਆ। ਬਾਹਰੋਂ ਆਈ ਸੰਗਤ ਨੂੰ ਪ੍ਰਬੰਧਕ ਸੇਵਾਦਾਰਾਂ ਨੇ ਦੱਸਿਆ ਕਿ ਰਾਤ ਨੂੰ ਸਭ ਮਾਈ ਭਾਈ ਨੇ ਦਿਵਾਨ ਵਾਲੀ ਜਗ੍ਹਾ ਤੇ ਹੀ ਆਪੋ ਆਪਣੇ ਆਸਣ ਲਾ ਕੇ ਆਰਾਮ ਕਰਨਾ ਹੈ। ਜਦ ਅੰਮ੍ਰਿਤ ਵੇਲੇ, ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਹੋਵੇਗਾ, ਉਸ ਤੋਂ ਪਹਿਲਾਂ ਸਮੇਂ ਸਿਰ ਉਠਕੇ ਇਸ਼ਨਾਨ ਪਾਨ ਕਰਕੇ, ਦਿਵਾਨ ਦੀਆਂ ਹਾਜ਼ਰੀਆਂ ਭਰਨੀਆਂ।

(ਸਾਕਾ)

ਸ਼ਾਮਾਂ ਨੂੰ ਸਿੱਖ ਸੰਗਤਾਂ ਜਲ ਭੋਜਨ ਪਾ ਕੇ।
ਲੱਗੇ ਕਰਨ ਆਰਾਮ ਸੀ ਖੁਲ੍ਹੀ ਥਾਂ ਆ ਕੇ।

ਥਾਂ ਪੁਰ ਥਾਂ ਸਭ ਆਪਣੇ ਬਿਸਤਰ ਲਗਵਾ ਕੇ।
ਸਜ ਗਏ ਨਾਲ ਸਕੂਨ ਦੇ ਗੁਰ ਓਟ ਤਕਾ ਕੇ।
ਕੋਈ ਪੈ ਗਏ, ਵਾਹਿਗੁਰੂ ਸਤਿਨਾਮ ਅਲਾ ਕੇ।
ਕਿਨ੍ਹਾਂ ਕੀਰਤਨ ਸੋਹਿਲਾ ਪੜ੍ਹਿਆ ਮਨ ਲਾ ਕੇ।
ਸੌਂ ਗਏ ਨਾਲ ਆਰਾਮ ਦੇ ਗ਼ਮ ਫਿਕਰ ਭੁਲਾ ਕੇ।
ਜਾਗੇ ਪਿਛਲੀ ਰਾਤ ਸੀ ਸੌਂ ਨੀਂਦਰ ਲਾਹ ਕੇ।
ਕੀਤੇ ਉਠ ਇਸ਼ਨਾਨ ਪਾਨ ਨਿਰਮਲ ਜਲ ਨ੍ਹਾ ਕੇ।
ਸੁਣਨ ਕੀਰਤਨ ਵਾਰ ਦਾ ਦੀਵਾਨ 'ਚ ਜਾ ਕੇ।
ਦੇਖਿਆ ਸਿੱਖਾਂ ਸਾਥੀਆਂ ਜਦ ਨਜ਼ਰ ਦੁੜਾ ਕੇ।
ਗੁਰਮੁਖ ਸਿੰਘ ਨਹੀਂ ਦਿੱਸ ਰਿਹਾ ਰਿਪੂ ਲੈ ਗਏ ਚਾ ਕੇ।

ਸੁੱਤੇ ਪਏ ਗੁਰਮੁਖ ਸਿੰਘ ਨੂੰ ਕੁਝ ਮੁਸਲਮਾਨ ਚੁੱਕ ਕੇ ਲੈ ਗਏ, ਜਾ ਕੇ ਇਕ ਨਿੱਕੀ ਕੋਠੜੀ ਵਿਚ ਰੱਖ ਕੇ ਬਾਹਰੋਂ ਜੰਦਰਾ ਮਾਰ ਗਏ।

ਜਦੋਂ ਗੁਰਮੁਖ ਸਿੰਘ ਸੁਬ੍ਹਾ ਸੁੱਤਾ ਉਠਿਆ, ਆਪਣੇ ਆਪ ਨੂੰ ਪਿੰਜਰਾਨੁਮਾ ਕੋਠੜੀ ਵਿਚ ਬੰਦ ਦੇਖ ਕੇ, ਗੁੰਮ ਸੁੰਮ ਜਿਹਾ ਹੋ ਗਿਆ। ਉਸ ਨੂੰ ਕੋਈ ਸਮਝ ਨਹੀਂ ਆ ਰਹੀ ਸੀ ਕਿ ਇਹ ਬਣ ਕੀ ਗਿਆ ਹੈ। ਉਸਨੂੰ ਕੌਣ ਅਤੇ ਕਿਉਂ ਇਥੇ ਚੁੱਕ ਲਿਆਇਆ ਹੈ। ਇਨ੍ਹਾਂ ਸੋਚਾਂ ਵਿਚ ਪਿਆ ਘਬਰਾਇਆ ਹੋਇਆ, ਇਧਰ ਉਧਰ ਦੇਖ ਰਿਹਾ ਸੀ। ਸਾਹਮਣੇ, ਉਸ ਨੇ ਦੋ ਮੁਸਲਮਾਨ, ਕਿਸੇ ਬੰਦੇ ਨੂੰ ਫੜੀ ਆਉਂਦੇ ਦੇਖੇ। ਨੇੜੇ ਆਇਆਂ ਉਸ ਨੇ ਦੇਖਿਆ, ਇਹ ਉਹੀ ਇਸ ਦਾ ਹਮਦਰਦ ਲੜਕਾ ਰੂਪ ਸਿੰਘ ਸੀ, ਜਿਸ ਨੂੰ ਕੱਲ੍ਹ ਪਰਸੋਂ ਕੁਝ ਮੁਸਲਮਾਨ ਉਨ੍ਹਾਂ ਦੇ ਦੇਖਦਿਆਂ ਹੀ ਪਕੜ ਕੇ ਲਿਆਏ ਸਨ। ਅਤੇ ਨਾਲ ਉਸ ਦੇ ਸਹੁਰੇ ਕੇਹਰ ਸਿੰਘ ਨੂੰ ਵੀ।

ਉਹ ਬੰਦੇ ਰੂਪ ਸਿੰਘ ਨੂੰ, ਗੁਰਮੁਖ ਸਿੰਘ ਦੇ ਨਾਲ ਵਾਲੇ ਕਮਰੇ 'ਚ ਬੰਦ ਕਰਕੇ ਚਲੇ ਗਏ। ਕੁਛ ਦੇਰ ਬਾਅਦ ਛੇ ਸੱਤ ਬੰਦੇ, ਫਿਰ ਆਏ, ਇਨ੍ਹਾਂ ਦੋਹਾਂ ਨੂੰ ਬੰਨ੍ਹ ਕੇ, ਇਥੋਂ ਇਕ ਮਸੀਤ ਵਿਚ ਲੈ ਗਏ। ਗੁਰਮੁਖ ਸਿੰਘ ਨੇ ਦੇਖਿਆ, ਕੇਹਰਾ ਵੀ ਉਥੇ ਹੀ ਬੰਨ੍ਹ ਕੇ ਬਿਠਾਇਆ ਹੋਇਆ ਸੀ।

ਪਿੰਡ ਤੋਂ ਦੂਰ ਇਕ ਰੱਖ ਜਿਹੀ ਵਿਚ ਇਹ ਮਸੀਤ ਸੀ, ਇਥੇ ਕੋਈ ਸੌ ਸਵਾ ਸੌ ਮੁਸਲਮਾਨ, ਨਵਾਬ ਤੇ ਕਾਜ਼ੀ ਨਾਲ, ਸਿੱਖ ਬੱਚਿਆਂ ਨੂੰ ਮੁਸਲਮਾਨ ਬਣਾਏ ਜਾਣ ਦਾ ਸਮਾਗਮ ਦੇਖਣ ਆਏ ਹੋਏ ਸਨ। ਕਾਫੀ ਉਤਸ਼ਾਹ ਤੇ ਖੁਸ਼ੀ ਦਾ ਮਾਹੌਲ ਸੀ।

ਕਾਜ਼ੀ ਨੇ ਕੇਹਰੇ ਨੂੰ ਇਸਲਾਮ ਵਿਚ ਆਉਣ ਲਈ ਆਖਿਆ ਤਾਂ ਕੇਹਰੇ ਨੇ ਬੇਨਤੀ ਕੀਤੀ ਕਿ ਇਨ੍ਹਾਂ ਦੋਹਾਂ ਲੜਕਿਆਂ ਨੂੰ ਪਹਿਲਾਂ ਮੁਸਲਮਾਨ ਬਣਾਇਆ ਜਾਵੇ। ਕਾਜ਼ੀ ਨੇ ਉਸੇ ਨੂੰ ਹੀ ਪਹਿਲਾਂ ਆਖਿਆ। ਕੇਹਰੇ ਨੇ ਆਪਣੀ ਗੱਲ ਫੇਰ ਦੁਹਰਾ ਦਿੱਤੀ। ਇਕ ਜੋਸ਼ੀਲੇ ਸਿਪਾਹੀ ਨੇ ਮੁੱਲਾਂ ਨੂੰ ਆਖਿਆ, ਹਜ਼ੂਰ! ਇਹ ਗੁਸਤਾਖ਼, ਨਾਫੁਰਮਾਨੀ ਕਰਕੇ ਆਪ ਦੀ ਤੌਹੀਨ ਕਰ ਰਿਹਾ ਹੈ, ਟਾਲਮਟੋਲ ਕਰਕੇ ਵਕਤ ਜ਼ਾਇਆ ਕਰ ਰਿਹਾ ਹੈ, ਇਸ ਨੂੰ ਸਜ਼ਾਇ-ਮੌਤ ਮਿਲਣੀ ਚਾਹੀਦੀ ਹੈ। ਕਾਜ਼ੀ ਦਾ ਜ਼ਰਾ ਕੁ ਹਾਂ ਪੱਖੀ ਇਸ਼ਾਰਾ ਦੇਖ ਕੇ, ਇਸ ਨੇ ਕੇਹਰੇ ਦਾ ਸਿਰ ਕਲਮ ਕਰ ਦਿੱਤਾ।

ਫਿਰ ਕਾਜ਼ੀ ਨੇ ਦੋਹਾਂ ਲੜਕਿਆਂ ਨੂੰ, ਕੇਹਰੇ ਦੇ ਹਸ਼ਰ ਵੱਲ ਇਸ਼ਾਰਾ ਕਰਕੇ, ਭਾਵ ਮੌਤ ਦਾ ਭੈ ਦਿਖਾ ਕੇ, ਇਸਲਾਮ ਪ੍ਰਵਾਨ ਕਰ ਲੈਣ ਲਈ ਹੁਕਮ ਕੀਤਾ। ਰੂਪ ਸਿੰਘ, ਬੜੀ ਨਿਰਭੈਤਾ ਨਾਲ ਬੋਲਿਆ, ਮੌਲਵੀ ਸਾਹਿਬ! ਤੁਸਾਂ ਪਹਿਲਾਂ ਕਦੇ ਗੁਰੂ ਦਾ ਸਿੰਘ ਮੌਤ ਤੋਂ ਡਰ ਕੇ ਆਪਣੇ ਧਰਮ ਨੂੰ ਤਿਲਾਂਜਲੀ ਦਿੰਦਾ ਦੇਖਿਆ ਹੈ ? ਜੇ ਕਦੀ ਐਸਾ ਹੋਇਆ ਹੈ ਤਾਂ ਸਾਨੂੰ ਦੱਸੋ, ਜੇ ਨਹੀਂ ਤਾਂ ਸਾਡੇ ਕੋਲੋਂ ਇਸਦੀ ਆਸ ਕਿਉਂ ਕਰਦੇ ਹੋ ?

ਇਹ ਕਰਾਰਾ ਜਵਾਬ ਸੁਣ ਕੇ, ਕਾਜ਼ੀ ਨੂੰ ਮਾਨੋ ਅੱਗ ਹੀ ਲੱਗ ਗਈ।

ਉਹ ਗਜ਼ਬ ਵਿਚ ਆ ਕੇ ਬੋਲਿਆ :

ਇਨ੍ਹਾਂ ਕਾਫਰਾਂ ਨੂੰ ਇਬਰਤਨਾਕ ਸਜ਼ਾ ਕੇ ਦੇ ਖਤਮ ਕਰ ਦਿਉ। ਕਾਜ਼ੀ ਦੇ ਇਹ ਲਫਜ਼ ਮੂੰਹ ਵਿਚ ਹੀ ਸਨ, ਤੇਗ ਦਾ ਐਸਾ ਭਰਵਾਂ ਵਾਰ ਪਿਆ, ਕਿ ਉਸ ਦਾ ਸਿਰ ਲਹਿ ਕੇ, ਦੋ ਕਦਮਾਂ ਤੇ ਜਾ ਡਿੱਗਾ। ਇਹ ਵਾਰ, ਉਸੇ ਨੌਜਵਾਨ ਦੀ ਤਲਵਾਰ ਦਾ ਸੀ, ਜਿਸ ਨੇ ਕੇਹਰੇ ਦਾ 'ਕੰਮ ਤਮਾਮ' ਕੀਤਾ ਸੀ। ਝੱਟ ਹੀ ਇਸ ਦੇ ਨਾਲ ਖੜੇ ਇਕ ਯੋਧੇ ਨੇ, ਬੌਖਲਾਏ ਖੜੇ ਨਵਾਬ ਦਾ ਸਿਰ ਧੜ ਤੋਂ ਜੁਦਾ ਕਰ ਦਿੱਤਾ।

ਕਾਜ਼ੀ, ਅਰ ਨਵਾਬ ਤੇ, ਮੌਤ ਦੇ ਅਚਿੰਤੇ ਬਾਜ਼ ਪੈਣ ਤੇ, ਮੁਗਲ ਘਬਰਾ ਗਏ। ਇਹ ਕਾਰਨਾਮਾ ਕਰਨ ਵਾਲੇ, ਮੁਗਲਾਂ ਦੇ ਭੇਸ 'ਚ ਛੁਪੇ, ਧਰਮੀ ਯੋਧੇ, ਭਾਈ ਤ੍ਰਿਲੋਕ ਸਿੰਘ ਤੇ ਬਿਨੋਦ ਸਿੰਘ ਸਨ। ਇਤਨੇ ਨੂੰ ਸਰਦਾਰ ਸ਼ਾਮ ਸਿੰਘ ਦਾ ਜਥਾ, ਜੋ ਮਸੀਤ ਪਿਛੇ ਰੱਖ ਵਿਚ ਇਸੇ ਇੰਤਜ਼ਾਰ ਵਿਚ ਖਲੋਤਾ ਸੀ, ਬਾਜ਼ਾਂ ਵਾਂਗ ਟੁੱਟ ਕੇ ਪੈ ਗਿਆ।

ਜੱਗਾ (ਗੱਡੀ)

ਸ਼ਾਮ ਸਿੰਘ ਦੇ ਸੂਰਮੇ ਸਾਥੀ, ਬਾਜ਼ਾਂ ਵਾਂਗ ਪੈ ਗਏ ਟੁੱਟ ਕੇ
ਜਿਵੇਂ ਦਾਮਨੀ ਦਮਕ ਦੱਖ ਮਾਰੇ, ਭਾਲੇ ਤੇਗਾਂ ਚਮਕ ਰਹੇ

ਵੱਢੇ ਜੱਟ ਜਿਉਂ ਕੜਬ ਦੇ ਪੂਲੇ, ਵੱਢ ਵੱਢ ਲਾਉਂਦੇ ਢੇਰੀਆਂ
ਤੋੜੇ ਫੁੱਲ ਜਿਉਂ ਚਮਨ ਚੋਂ ਮਾਲੀ, ਏਦਾਂ ਸਿੰਘਾਂ ਸੀ ਡੁੰਗ ਲਏ
ਝੱਟ ਪੁਜਦਾਂ ਤੀਰ ਹਲਕਾਰਾ, ਚਿੱਠੀ ਲੈ ਕੇ ਮਲਕਲ ਦੀ
ਚੱਲੇ ਚੱਕਰ ਤਾਰੀਆਂ ਲਾਉਂਦੇ, ਮੋਛੇ ਲਾਹੁੰਦੇ ਸਿਰੀਆਂ ਦੇ
ਬਹੁਤੇ ਵੱਢਤੇ ਅਨੇਕਾਂ ਨੱਠ ਗਏ, ਟਿਕੇ ਨ ਜੁਝਾਰਾਂ ਸਾਹਮਣੇ
ਖਾਲੀ ਖੇਤ ਸੀ ਪਲਾਂ ਵਿਚ ਹੋਇਆ, ਫਤਹਿ ਪਾਈ ਸਿੰਘਾਂ ਸੂਰਿਆਂ
ਸਿੱਖ ਬੱਚਿਆਂ ਆਜ਼ਾਦ ਕਰਾਇਆ, ਬੰਦੀ-ਛੋੜ ਖਾਲਸੇ ਨੇ
ਦੁਖੀ ਦੀਨ ਲਈ ਅਕਾਲ ਭਰੋਸੇ, 'ਨਰਗਿਸ' ਤੇਗਾਂ ਸੂਰਮੇਂ
ਮਾਰਦੇ-ਜਿੱਤਦੇ ਹਮੇਸ਼ਾਂ ਧਰਮੀ ਪਾਪੀ ਹਾਰਦੇ।

ਕੇਹਰੇ ਦੀ ਮੁਖਬਰੀ ਤੇ ਹੀ, ਮੁਸਲਮਾਨ, ਭਾਈ ਗੁਰਮੁਖ ਸਿੰਘ ਨੂੰ ਸੁੱਤੇ ਪਏ ਨੂੰ ਚੁੱਕ ਕੇ ਲੈ ਗਏ ਸਨ। ਜਥੇਦਾਰ ਸ਼ਾਮ ਸਿੰਘ ਜੀ ਨੇ, ਗੁਰਮੁਖ ਸਿੰਘ ਦੀ ਤਲਾਸ਼ ਕਰਨ ਲਈ ਆਪਣੇ ਜਥੇ ਦੇ ਸਿੰਘਾਂ ਦੀ ਡਿਊਟੀ ਲਾਈ ਸੀ। ਜਿਨ੍ਹਾਂ ਦੀ ਸਿਆਣਪ ਤੇ ਬਹਾਦਰੀ ਸਦਕਾ ਹੀ ਸਿੰਘਾਂ ਨੇ ਕਾਜ਼ੀ ਤੇ ਨਵਾਬ ਨੂੰ ਮਾਰ ਕੇ ਗੁਰਮੁਖ ਸਿੰਘ ਤੇ ਰੂਪ (ਬਲਵੰਤ ਕੌਰ) ਨੂੰ ਬਚਾਇਆ ਸੀ।

ਜੰਗ ਫਤਹਿ ਕਰਕੇ ਸਿੰਘ ਆਪਣੀ ਰੱਖ ਵਿਚ ਆ ਗਏ। ਲੰਗਰ ਪਾਣੀ ਛੱਕਕੇ ਆਰਾਮ ਕੀਤਾ। ਅਗਲੇ ਦਿਨ ਦੇ ਦਿਵਾਨ ਵਿਚ ਭਾਈ ਤ੍ਰਿਲੋਕ ਸਿੰਘ ਤੇ ਬਿਨੋਦ ਸਿੰਘ ਨੂੰ, ਉਨ੍ਹਾਂ ਦੀ ਸੇਵਾ ਬਦਲੇ ਉਨ੍ਹਾਂ ਨੂੰ ਸਿਰੋਪੇ ਬਖਸ਼ੇ। ਸੰਗਤ ਵਿਚੋਂ ਇਕ ਸਿੰਘ ਨੇ ਭਾਈ ਤ੍ਰਿਲੋਕ ਸਿੰਘ ਨੂੰ ਪੁਛਿਆ, ਕਿ ਤੁਸਾਂ ਕੇਹਰੇ ਦਾ ਕਤਲ ਕਿਸ ਕਰਕੇ ਕੀਤਾ ਸੀ, ਜਦੋਂ ਕਿ ਉਹ ਗੈਰ-ਮੁਸਲਮਾਨ ਸੀ। ਇਸ ਤੇ ਭਾਈ ਤ੍ਰਿਲੋਕ ਸਿੰਘ ਨੇ ਸੰਗਤਾਂ ਨੂੰ ਦੱਸਿਆ, ਪਹਿਲਾਂ ਤਾਂ ਭਾਈ ਗੁਰਮੁਖ ਸਿੰਘ ਦਾ ਅਪਹਰਨ ਕਰਨ ਲਈ ਕੇਹਰੇ ਨੇ ਹੀ ਮੁਗਲਾਂ ਨੂੰ ਘੱਲਿਆ ਸੀ। ਫਿਰ ਇਨ੍ਹਾਂ ਲੜਕਿਆਂ ਨੂੰ ਮੁਸਲਮਾਨ ਬਣਾਉਣ ਲਈ ਕਾਜ਼ੀ ਨੂੰ ਵਾਰ-ਵਾਰ ਉਕਸਾ ਰਿਹਾ ਸੀ। ਇਸ ਕਰਕੇ ਉਸ ਨੂੰ ਕੌਮ-ਗਦਾਰੀ ਦਾ ਫਲ ਭੁਗਤਾਉਣਾ ਪਿਆ।

ਫਿਰ ਜਥੇਦਾਰ ਸ਼ਾਮ ਸਿੰਘ ਜੀ ਨੇ, ਇਨ੍ਹਾਂ ਦੋਨਾਂ ਲੜਕਿਆਂ ਨੂੰ ਇਨ੍ਹਾਂ ਹਾਲਤਾਂ ਤੱਕ ਪੁੱਜਣ ਦਾ ਕਾਰਨ ਪੁਛਿਆ, ਤਾਂ ਰੂਪ ਸਿੰਘ ਨੇ ਉਠ ਕੇ ਸੰਗਤ ਨੂੰ ਫਤਹਿ ਬੁਲਾਉਣ ਤੋਂ ਬਾਅਦ ਇਹ ਕਹਿ ਕੇ ਸਾਰਿਆਂ ਨੂੰ ਹੈਰਾਨੀ ਵਿਚ ਪਾ ਦਿੱਤਾ, ਕਿ ਖਾਲਸਾ ਜੀ ! ਮੈਂ ਲੜਕਾ ਨਹੀਂ, ਲੜਕੀ ਹਾਂ, ਮੇਰਾ ਨਾਮ ਬਲਵੰਤ ਕੋਰ ਹੈ। ਗੁਰਮੁਖ ਸਿੰਘ ਮੇਰੇ ਪਤੀਦੇਵ ਹਨ। ਅੱਗੇ ਦੱਸਿਆ :

(ਜੱਗਾ)

ਸ੍ਰੀ ਪਿਤਾ ਸੀ ਧਰਮ ਸਿੰਘ ਮੇਰਾ, ਮੰਨਿਆ ਧਨਾਢ ਸ਼ਹਿਰ ਦਾ
ਪੁੰਨਆਤਮਾ, ਦਿਆਲੂ ਦਿਲ ਦਾ, ਸਖੀ, ਸਾਨੀ ਹਾਤਮ ਦਾ
ਪੂਰੀ ਗੁਰਾਂ ਦੀ ਇਬਾਦਤ ਕਰਦਾ, ਨੇਕ ਇਨਸਾਨ ਮੰਨਿਆ
ਸਾਰੇ-ਲੋੜਵੰਦ ਖਾਲੀ ਨਾ ਗਿਆ, ਆਇਆ ਦੁਆਰੇ
ਘਰ ਮੱਝੀਆਂ, ਘੋੜੀਆਂ, ਗਾਈਆਂ, ਅੰਨ ਦੇ ਭੰਡਾਰ ਭਰੇ
ਕੰਮ ਕਰਦੇ ਖੇਤ ਦਾ ਕਾਮੇ, ਚਾਕਰ ਅਨੇਕ ਘਰ ਦੇ
ਵੇਹੜੇ ਮੋਕਲੇ ਮੁਨਾਰੇ ਉਚੇ, ਆਵੇ ਕੋਈ ਪਾਰਾਵਾਰ ਨਾ
ਮਾਲਦਾ-ਆਏ ਸਾਲ ਜੱਗ ਕਰਦਾ, ਮਾੜਿਆਂ ਪਾਲਦਾ

ਮੇਰਾ ਜਨਮ ਜਦੋਂ ਘਰ ਹੋਇਆ, ਪਿਤਾ ਨੇ ਵਧਾਈਆਂ ਵੰਡੀਆਂ
ਮੈਨੂੰ ਜਾਣ ਕੇ ਪੁਤਾਂ ਤੋਂ ਪਿਆਰੀ, ਕੀਤਾ ਸ਼ੁਕਰਾਨਾ ਰੱਬ ਦਾ
ਕੀਤੀ ਪਾਲਣਾ ਕਲੌਤੀ ਧੀ ਦੀ, ਵਾਂਗਰ ਸਜਾਦਿਆਂ ਦੇ
ਬਾਪ ਨੇ - ਰੱਬ ਤੇ ਨ ਕੀਤਾ ਸ਼ਿਕਵਾ ਕੋਈ ਆਪ ਨੇ

ਪੰਜ ਸਾਲ ਦੀ ਜਦੋਂ ਮੈਂ ਹੋਈ, ਮਾਤਾ ਸੀ ਵਿਛੋੜਾ ਦੇ ਗਈ
ਪਿਤਾ ਡੋਲਿਆ ਨਿਰਾਸਾ ਹੋਇਆ, ਜ਼ਿੰਦਗੀ ਦੇ ਥੰਮ੍ਹ ਹਿੱਲ ਗਏ
ਹੋਰ ਕੰਮ ਤਾਂ ਪਿਤਾ ਨੂੰ ਸੌਖੇ, ਮਾਵਾਂ ਤੋਂ ਬਗੈਰ ਧੀਆਂ ਦਾ
ਹਾਲ ਨਾ- ਅਤਿ ਦੁਖਦਾਈ ਬਾਪ ਲਈ ਧੀਆਂ ਪਾਲਣਾ

ਮੰਜੇ ਡਿਗਿਆ ਗਮਾਂ ਵੱਸ ਹੋਇਆ, ਤੀਲੇ ਵਾਂਗ ਦੇਹ ਸੁੱਕ ਗਈ
ਆਸਾਂ ਸੱਧਰਾਂ ਜੀਣ ਦੀਆਂ ਮੁੱਕੀਆਂ, ਮੌਤ ਦੀ ਉਡੀਕ ਕਰਦਾ
ਬੰਦੇ ਭੇਜਕੇ ਘਰੋ ਘਰ ਛੇਤੀ, ਕੋੜਮਾ ਕਬੀਲਾ ਸੱਦਿਆ
ਸਾਰਾ- ਪਲਾਂ ਵਿਚ ਇਕੱਠਾ ਹੋ ਗਿਆ, ਭਾਈਚਾਰਾ

ਕੇਹਰ ਸਿੰਘ ਨਜ਼ਦੀਕੀ ਸਾਡਾ, ਪਿਤਾ ਜੀ ਨੇ ਕੋਲ ਸੱਦਿਆ
ਸਾਰੇ ਪਿੰਡ ਦੇ ਮੁਖਾਤਿਬ ਕਰਕੇ, ਮੈਨੂੰ ਉਹਦੀ ਝੋਲੀ ਪਾਇ ਕੇ
ਕਿਹਾ, ਕੇਹਰ ਸਿਆਂ ਰੂਪ ਅੱਜ ਤੇਰੀ, ਚੰਗੇ ਘਰ ਵਿਆਹ ਕੇ ਏਸਨੂੰ
ਤੋਰਨਾ- ਤੇਰੇ ਬਿਨਾਂ ਅੱਬਲਾ ਦਾ, ਕੋਈ ਹੋਰ ਨਾ

ਭੋਏਂ ਭਾਂਡਾ ਜੋ ਵਿਰਾਸਤ ਮੇਰੀ, ਨਾਮ ਲਾ ਕੇ ਲੜਕੀ ਦੇ
ਨੇਕੀ ਖੱਟ ਲਈਂ ਜਹਾਨੋਂ ਸ਼ੇਰਾ, ਪੁੱਤ੍ਰੀ ਦਾ ਕਾਜ ਕਰਕੇ
ਮੇਰੀ ਆਤਮਾ ਅਸੀਸਾਂ ਤੈਨੂੰ, ਦੇਵੇਗੀ ਸੁਰਗਲੋਕ ਚੋਂ
ਵੀਰਨਾ - ਮੇਰਾ ਹੁਣ ਏਸ ਜੱਗ ਤੇ, ਹੋਰ ਸੀਰ ਨਾ

ਦੇਖ ਦੌਲਤਾਂ ਲੋਭ ਵੱਸ ਹੋ ਕੇ, ਕੇਹਰਾ ਬੇਈਮਾਨ ਹੋ ਗਿਆ
ਦਗ਼ਾ ਦੇ ਗਿਆ ਬਣਾ ਕੇ ਭਾਈ, ਕੀਤੇ ਇਕਰਾਰ ਭੁਲਿਆ
ਦਿੱਤਾ ਪਿਆਰ ਨ ਪਿਤਾ ਦਾ ਮੈਨੂੰ, ਉਲਟਾ ਰਕੀਬ ਚੰਦਰਾ
ਹੋ ਗਿਆ 'ਨਰਗਿਸ' ਕਮਾਏ ਪਾਪਾਂ ਦਾ ਫਲ ਭੋਗਿਆ

ਹੁਣ ਇਸ ਦੰਪਤਿ ਨੂੰ ਵਾਪਸ ਘਰ ਭੇਜਣ ਦਾ ਪ੍ਰੋਗਰਾਮ ਬਣਿਆ। ਗੁਰਮੁਖ ਸਿੰਘ ਤੇ ਬੀਬੀ ਬਲਵੰਤ ਕੌਰ ਨੂੰ ਲੈ ਕੇ, ਉਨ੍ਹਾਂ ਦੇ ਘਰ ਬਟਾਲੇ ਪਹੁੰਚੇ। ਜਦੋਂ ਪਿੰਡ ਵਾਲਿਆਂ ਨੂੰ ਇਨ੍ਹਾਂ ਦੇ ਆਉਣ ਦਾ ਪਤਾ ਲੱਗਾ ਤਾਂ ਸਾਰਾ ਪਿੰਡ ਹੁੰਮ ਹੁੰਮਾ ਕੇ, ਕੇਹਰ ਸਿੰਘ ਦੇ ਘਰ ਆਣ ਢੁੱਕਾ, ਜਥੇਦਾਰ ਜੀ ਹੋਰਾਂ ਦਾ ਬਹੁਤ ਬਹੁਤ ਧੰਨਵਾਦ ਕੀਤਾ। ਸਾਰੇ ਨਗਰ ਨਿਵਾਸੀ, ਬੀਬੀ ਬਲਵੰਤ ਕੌਰ ਤੇ ਭਾਈ ਗੁਰਮੁਖ ਸਿੰਘ ਨੂੰ ਬਹੁਤ ਪਿਆਰ ਤੇ ਅਪਣੱਤ ਨਾਲ ਮਿਲੇ, ਬਹੁਤ ਪ੍ਰਸੰਨ ਹੋਏ। ਬੀਬੀਆਂ ਤੇ ਸਿਆਣੀਆਂ ਸੁਆਣੀਆਂ ਬਲਵੰਤ ਕੌਰ ਨੂੰ ਪਿਆਰ ਕਰ ਕਰ ਰਜਦੀਆਂ ਨਹੀਂ ਸਨ।

ਬੀਬੀ ਬਲਵੰਤ ਕੌਰ, ਗੁਰਮੁਖ ਸਿੰਘ ਅਤੇ ਪਰਉਪਕਾਰੀ ਸਿੰਘਾਂ ਦੇ ਦਰਸ਼ਨ ਕਰਨ ਲਈ, ਬਟਾਲੇ ਪਿੰਡ ਦੇ ਤਕਰੀਬਨ ਸਾਰੇ ਹੀ ਲੋਕ ਇਕੱਠੇ ਹੋ ਗਏ, ਬਹੁਤ ਹੀ ਖੁਸ਼ੀਆਂ-ਭਰਿਆ ਮਾਹੌਲ ਬਣਿਆਂ ਸੀ। ਕੇਹਰ ਸਿੰਘ ਦੀ ਪਤਨੀ ਸੁਜਾਨ ਕੌਰ ਨੇ ਬੀਬੀਆਂ ਨੂੰ ਸਿੰਘਾਂ ਵਾਸਤੇ ਲੰਗਰ ਪਕਾਉਣ ਲਈ ਲਾ ਦਿੱਤਾ।

ਜਥੇਦਾਰ ਸ਼ਾਮ ਸਿੰਘ ਨੇ ਵੇਖਿਆ ਸੰਗਤਾਂ ਵਿਚ ਬਹੁਤ ਪਿਆਰ ਤੇ ਉਤਸ਼ਾਹ ਠਾਠਾਂ ਮਾਰ ਰਿਹਾ ਹੈ, ਉਨ੍ਹਾਂ ਆਪਣੇ ਨਾਲ ਦੇ ਸਿੰਘਾਂ ਨੂੰ ਦਿਵਾਨ ਸਜਾਉਣ ਲਈ ਆਖਿਆ। ਸਿੰਘਾਂ ਨੇ ਖੁਲ੍ਹੇ ਵੇਹੜੇ ਵਿਚ ਦਿਵਾਨ ਸਜਾ ਕੇ, ਗੁਰਬਾਣੀ ਦਾ ਕੀਰਤਨ ਆਰੰਭ ਕਰ ਦਿੱਤਾ। ਸਾਰੀ ਸੰਗਤ ਆ ਕੇ ਦਿਵਾਨ ਵਿਚ ਇਸਥਿਤ ਹੋ ਗਈ। ਫਿਰ ਸਿੰਘਾਂ ਨੇ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਸਾਹਿਬਜ਼ਾਦਿਆਂ ਦਾ ਪ੍ਰਕਰਣ ਸੁਣਾਇਆ। ਸੁਣਕੇ ਸੰਗਤਾਂ ਆਪਣੇ ਇਤਿਹਾਸ ਤੋਂ ਜਾਣੂੰ ਹੋ ਕੇ, ਆਪਣੇ ਦਿਲਾਂ ਵਿਚ ਗਰਬ ਤੇ ਮਾਣ ਮਹਿਸੂਸ ਕਰ ਰਹੀਆਂ ਸਨ।

ਸਿੰਘਾਂ ਦੇ ਜਥੇ ਤੋਂ ਬਾਅਦ ਜਥੇਦਾਰ ਸ਼ਾਮ ਸਿੰਘ ਜੀ ਨੇ ਖਾਲਸੇ ਦੇ ਗੁਣਾਂ ਦਾ ਸੰਖੇਪ ਜਿਹਾ ਇਤਿਹਾਸ ਇਉਂ ਸੁਣਾਇਆ :-

(ਕੋਰੜਾ)

ਪਾ ਕੇ ਦਸਮੇਸ਼, ਵਰ ਮਹਾਂ ਕਾਲ ਤੋਂ।
ਖਾਲਸਾ ਸਜਾਇਆ ਹੁਕਮ ਅਕਾਲ ਤੋਂ।
ਸੂਰਤਾਂ ਸਬੂਤ, ਸੁੰਦਰ ਸਰੀਰਾਂ ਦੇ।
ਰੱਖੂ ਜੱਗ ਯਾਦ, ਕਾਰਨਾਮੇ ਬੀਰਾਂ ਦੇ।

ਦੇ ਕੇ ਤੇ ਪਾਹੁਲ ਖੰਡੇ ਵਾਲੀ ਧਾਰ ਦੀ।
ਰਹਿਤ ਰਖਾਈ ਹੈ ਪੰਜ ਕਕਾਰ ਦੀ।
ਮੋਢੇ ਤੇ ਕਮਾਨਾਂ ਭੱਥੇ ਭਰੇ ਤੀਰਾਂ ਦੇ।
ਰੱਖੂ ਜੱਗ ਯਾਦ ਕਾਰਨਾਮੇ ਬੀਰਾਂ ਦੇ।

ਬਾਹਾਂ ਵਿਚ ਬਲ, ਨੇਤਰੀਂ ਪਿਆਰ ਨੇ।
ਉਚੇ ਇਖਲਾਕ ਦਿਲਾਂ ਦੇ ਉਦਾਰ ਨੇ।
ਤਿਆਗੀ, ਨਿਰਲੋਭੀ ਵਾਂਗਰ ਫਕੀਰਾਂ ਦੇ।
ਰੱਖੂ ਜੱਗ ਯਾਦ ਕਾਰਨਾਮੇ ਬੀਰਾਂ ਦੇ।

ਰੱਤੜੇ ਦਿਵਾਨੇ ਨਿਜ ਦੇਸ਼ ਪਿਆਰ ਦੇ।
ਦੂਸਰੇ ਦਾ ਦੁੱਖ ਸੀਸ ਤੇ ਸਹਾਰਦੇ।
ਦਰਦ ਵੰਡਾਉਂਦੇ ਦੁਖੀ ਦਿਲਗੀਰਾਂ ਦੇ।
ਰੱਖੂ ਜੱਗ ਯਾਦ ਕਾਰਨਾਮੇ ਬੀਰਾਂ ਦੇ।

ਖਾਲਸਾ ਗੁਰੂ ਦਾ ਰੂਪ ਇੰਨ-ਬਿੰਨ ਜੀ।
ਗੁਰੂ, ਖਾਲਸੇ 'ਚ ਨਹੀਂ ਭੇਦ-ਭਿੰਨ ਜੀ।
ਗੁਣ ਗਿਣੇ ਜਾਣ ਨਾ ਗੁਣੀ ਗਹੀਰਾਂ ਦੇ।
ਰੱਖੂ ਜੱਗ ਯਾਦ ਕਾਰਨਾਮੇ ਬੀਰਾਂ ਦੇ।

ਸੁਬ੍ਹਾ ਸ਼ਾਮ ਮੰਗਦੇ ਨੇ ਸੁੱਖ ਕੁੱਲ ਦੀ।
ਫੈਲੀ ਖੁਸ਼ਬੋਈ 'ਨਰਗਿਸ' ਫੁੱਲ ਦੀ।
ਮਾਲਕ ਪੰਜਾਬੀ ਉਚੀਆਂ ਜ਼ਮੀਰਾਂ ਦੇ।
ਰੱਖੂ ਜੱਗ ਯਾਦ ਕਾਰਨਾਮੇ ਬੀਰਾਂ ਦੇ।

ਦੋ ਘੰਟੇ ਦਿਵਾਨ ਸਜਿਆ ਰਿਹਾ, ਸਮਾਪਤੀ ਤੋਂ ਉਪਰੰਤ ਸਭ ਤੋਂ ਪਹਿਲਾਂ, ਜਥੇਦਾਰ ਜੀ ਅਤੇ ਸਿੰਘਾਂ ਨੂੰ ਪ੍ਰਸ਼ਾਦ ਛਕਾਇਆ, ਫਿਰ ਸਾਰੀ ਸੰਗਤ ਨੇ ਗੱਫੇ ਲਾਏ।

ਜਥੇਦਾਰ ਜੀ ਨੇ, ਬਲਵੰਤ ਕੌਰ, ਗੁਰਮੁਖ ਸਿੰਘ ਅਤੇ ਸਾਰੇ ਨਗਰ-ਨਿਵਾਸੀਆਂ ਤੋਂ ਜਾਣ ਦੀ ਆਗਿਆ ਮੰਗੀ। ਪਿੰਡ ਦੇ ਮੁੱਖੀ ਸੱਜਣਾਂ ਨੇ, ਸੰਗਤਾਂ ਵਲੋਂ ਆਈ ਮਾਇਆ ਅਤੇ ਬਸਤਰ ਘਿਉ ਆਦਿ ਸਮਾਨ ਜੱਥੇ ਦੀ ਭੇਟ ਕੀਤਾ। ਲੜਕੀ ਲੜਕੇ ਨੂੰ, ਦੁਸ਼ਮਣਾਂ ਦੇ ਪੰਜੇ ਚੋਂ ਬਚਾ ਕੇ ਸੁਰਖਸ਼ਤ ਘਰ ਪਹੁੰਚਾਉਣ ਦਾ ਤਹਿਦਿਲੋਂ ਧੰਨਵਾਦ ਕੀਤਾ, ਬੜੇ ਆਦਰ ਸਤਿਕਾਰ ਸਹਿਤ ਸਿੰਘਾਂ ਨੂੰ ਵਿਦਾਇਗੀ ਦਿੱਤੀ। ਸਿੰਘ ਘੋੜਿਆਂ ਤੇ ਸਵਾਰ ਹੋ ਕੇ, ਆਪਣੀ ਰੱਖ ਵੱਲ ਨੂੰ ਚੱਲ ਪਏ।

(ਕਬਿੱਤ)

ਅੰਮ੍ਰਿਤਧਾਰੀ ਸਿੰਘ, ਪਰਉਪਕਾਰੀ ਭਾਰੀ,
ਪ੍ਰਭੂ ਦੇ ਪੁਜਾਰੀ, ਤੇਗਧਾਰੀ ਨੇ ਹਮੇਸ਼ ਦੇ।
ਜ਼ਾਬਰਾਂ ਦੇ ਸੋਧਕ ਹਿਤੈਸ਼ੀ ਕਮਜ਼ੋਰਿਆਂ ਦੇ,
ਉਦਮੀ, ਦਲੇਰ, ਨਿਸ਼ਕਾਮੀ ਰਾਖੇ ਦੇਸ਼ ਦੇ।
ਹਠੀ ਤਪੀ ਭਾਰੇ, ਭਾਰੀ ਰੌਸ਼ਨਮਿਨਾਰੇ ਜੱਗ,
ਹੌਂਸਲੇ ਕਰਾਰੇ, ਜੁੱਸੇ ਵਾਂਗਰ ਦਿਨੇਸ਼ ਦੇ।
ਆਸ਼ਕ ਆਜ਼ਾਦੀ ਦੇ ਤੇ ਪੁੰਜ ਕੁਰਬਾਨੀਆਂ ਦੇ,
'ਨਰਗਿਸ' ਨਿਰਾਲੇ ਸਿੰਘ ਸਾਜੇ ਦਸਮੇਸ਼ ਦੇ।

ਮਾਤਾ ਸੁਜਾਨ ਕੌਰ ਨੇ ਬੀਬੀ ਜੀਤਾਂ ਨੂੰ ਕਹਿ ਕੇ, ਬਲਵੰਤ ਕੌਰ ਤੇ ਗੁਰਮੁਖ ਸਿੰਘ ਨੂੰ, ਆਪਣੇ ਕੋਲ ਇਕ ਨਿਵੇਕਲੇ ਕਮਰੇ ਵਿਚ ਬੁਲਾਇਆ। ਬਲਵੰਤ ਮਾਂ ਦੇ ਗੱਲ ਲੱਗ ਕੇ ਮਿਲੀ, ਗੁਰਮੁਖ ਸਿੰਘ ਨੇ ਸੱਸ ਦੇ ਚਰਨੀਂ ਹੱਥ ਲਾਏ, ਤੇ ਫਤਹਿ ਬੁਲਾਈ। ਮਾਈ ਨੇ ਗੁਰਮੁਖ ਸਿੰਘ ਦੇ ਸਿਰ ਤੇ ਪਿਆਰ ਦਿੱਤਾ। ਬੋਲੀ : ਪੁੱਤਰ ਜੀ! ਅਸੀਂ ਤੁਹਾਡੇ ਨਾਲ ਬਹੁਤ ਜ਼ਿਆਦਤੀ ਕੀਤੀ ਹੈ, ਮੈਨੂੰ ਮਾਫ ਕਰ ਦਿਉ। ਗੁਰਮੁਖ ਸਿੰਘ ਨੇ, ਸਨਿੰਮ੍ਰ ਹੋ ਕੇ ਆਖਿਆ, ਮਾਂ ਜੀ! ਤੁਸੀਂ ਸਾਡੇ ਪੂਜਣਯੋਗ ਹੋਂ, ਮੁਆਫੀ ਮੰਗ ਕੇ ਸਾਨੂੰ ਸ਼ਰਮਿੰਦਾ ਨਾ ਕਰੋ। ਅਸੀਂ ਤੁਹਾਡੇ ਬੱਚੇ ਹਾਂ, ਤੁਸੀਂ ਸਾਡੇ ਸਤਿਕਾਰਯੋਗ ਮਾਤਾ ਜੀ ਹੋ। ਸ਼ਾਇਦ ਵਾਹਿਗੁਰੂ ਨੇ ਸਾਨੂੰ ਤੁਹਾਡੀ ਤੇ ਸਿੱਖ ਸੰਗਤਾਂ ਦੀ ਸੇਵਾ ਵਾਸਤੇ ਹੀ ਮੌਤ ਦੇ ਮੂੰਹੋਂ ਕੱਢ ਕੇ ਲੈ ਆਂਦਾ ਹੈ। ਧੰਨ ਹਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਧੰਨ ਹੈ ਅਕਾਲ ਪੁਰਖ, ਵਾਹਿਗੁਰੂ, ਜੋ ਹਮੇਸ਼ਾਂ ਹੀ

ਆਪਣੇ ਸੇਵਕਾਂ ਨੂੰ ਬਣੀ ਵੇਲੇ ਸਹਾਈ ਹੋ ਕੇ, ਹਰ ਥਾਂ ਰਖਿਆ ਕਰਦਾ ਹੈ।

ਇਹ ਕਹਿੰਦਿਆਂ ਹੋਇਆਂ, ਭਾਈ ਗੁਰਮੁਖ ਸਿੰਘ ਦੀ ਵਾਹਿਗੁਰੂ ਦੇ ਸ਼ੁਕਰਾਨੇ ਵਿਚ ਸੁਰਤ ਜੁੜ ਗਈ ਤੇ ਇਸ ਤਰ੍ਹਾਂ ਦੇ ਸ਼ਬਦ ਆਪ-ਮੁਹਾਰੇ ਮੂੰਹੋਂ ਨਿਕਲੇ :-

(ਪਉੜੀ)

ਵਾਹ ਵਾਹ ਮਾਲਕ ਮੇਰਿਆ ਧੰਨ ਕੁਦਰਤ ਤੇਰੀ।
ਚਰਿਤ ਤੁਮਾਰਾ ਲਖੇ ਕੌਣ ਕੁਦਰਤ ਕਿਸ ਕੇਰੀ।
ਭਗਤ ਜਨਾਂ ਨੂੰ ਪਾਲਦਾ ਕਰ ਅਵਧ ਘਨੇਰੀ।
ਦਿਤਾ ਦਰਸ਼ ਧਰੂੰ ਨੂੰ ਸੀ ਉਮਰ ਛੁਟੇਰੀ।
ਹਿਤ ਪ੍ਰਹਿਲਾਦੇ ਰਾਜਾ ਰਾਮ ਤੈਂ ਮਾਇਆ ਫੇਰੀ।
ਪੱਤ ਪੰਚਾਲੀ ਦੀ ਰੱਖੀ ਜਦ ਸੰਕਟ ਘੇਰੀ।
ਰਵੀਦਾਸ ਦੀ ਪਿਰਤਮਾ ਪਾਣੀ ਤੇ ਤੇਰੀ।
ਪੂਰਿਆ ਜੱਗ ਕਬੀਰ ਦਾ ਘੱਲ ਰਸਦ ਘਨੇਰੀ।
ਨਾਮੇਂ ਦਿੱਤਾ ਦਰਸ਼ ਤੈਂ ਦੋ ਸੱਤਰ ਵੇਰੀ।
ਧੰਨੇ ਪਾਇਆ ਪੱਥਰੋਂ ਹਰਿ ਸੂਰਤ ਤੇਰੀ।
ਜਿਨ੍ਹ ਜਿਨ੍ਹ ਤੇਰੀ ਕੀਰਤੀ ਰਸਨਾ ਤੋਂ ਟੇਰੀ।
ਹਰ ਥਾਂ ਹਰ ਛਿਨ ਬਹੁੜਿਆ 'ਨਰਗਿਸ' ਬਿਨ ਦੇਰੀ।

ਮਾਤਾ ਸੁਜਾਨ ਕੌਰ ਨੇ ਗੁਰਮੁਖ ਸਿੰਘ ਨੂੰ ਸੀਨੇ ਨਾਲ ਲਾ ਕੇ ਪਿਆਰ ਕੀਤਾ, ਫਿਰ ਬਲਵੰਤ ਨੂੰ ਬਾਹਵਾਂ ਵਿਚ ਲੈ ਕੇ ਬੋਲੀ, ਧੀਏ! ਤੇਰੇ ਪਿਤਾ ਦਾ ਸੁਭਾਅ ਚੰਗਾ ਨਹੀਂ ਸੀ। ਮੈਂ ਉਸ ਤੋਂ ਡਰਦੀ ਤੁਹਾਡੇ ਸੰਬੰਧ 'ਚ ਕੁਝ ਵੀ ਕਹਿਣੋਂ ਅਸਮਰਥ ਸਾਂ। ਇਸ ਵਿਚ ਮੇਰਾ ਕੋਈ ਕਸੂਰ ਨਹੀਂ। ਉਸ ਨੇ ਆਪਣੀ ਕੀਤੀ ਦਾ ਫਲ ਪਾ ਲਿਆ ਹੈ। ਬਲਵੰਤ ਕੌਰ ਨੇ ਮਾਂ ਦੇ ਅੱਥਰੂ ਪੂੰਝਦਿਆਂ ਆਖਿਆ, ਮਾਂ ਹੁਣ ਤੂੰ ਪਸਚਾਤਾਪ ਨਾ ਕਰ, ਜੋ ਹੋਇਆ ਹੈ, ਵਾਹਿਗੁਰੂ ਨੂੰ ਓਵੇਂ ਭਾਉਂਦਾ ਸੀ। ਇਸ ਵਿਚ ਕਿਸੇ ਦਾ ਕੋਈ ਕਸੂਰ ਨਹੀਂ।

ਮਾਤਾ ਨੇ ਬਲਵੰਤ ਨੂੰ ਪੇਟੀ ਦੀਆਂ ਚਾਬੀਆਂ ਦਿੰਦਿਆਂ ਆਖਿਆ, ਪੁੱਤਰੀ! ਅੱਜ ਮੈਂ ਤੇਰੇ ਕਰਜ਼ੇ ਤੋਂ ਫਾਰਗ ਹੋ ਗਈ ਹਾਂ। ਹੁਣ ਮੇਰੀ ਆਤਮਾ ਨੂੰ ਪੂਰਨ ਸਕੂਨ ਮਿਲ ਗਿਆ ਹੈ। ਮੈਂ ਵਾਹਿਗੂਰੂ ਦਾ ਲੱਖ-ਲੱਖ ਸ਼ੁਕਰ ਕਰਦੀ ਹਾਂ, ਜਿਸ ਨੇ ਤੁਹਾਨੂੰ ਦੁੱਖਾਂ ਤੋਂ ਨਜਾਤ ਦਿਲਾਈ ਹੈ। ਧੰਨ ਹੈ ਕਲਗੀਆਂ ਵਾਲੇ ਦਾ ਪਰਉਪਕਾਰੀ ਖਾਲਸਾ, ਜਿਨ੍ਹਾਂ ਸਿੱਖ ਕੌਮ ਦੇ ਹੋਣਹਾਰ

ਬੱਚਿਆਂ ਨੂੰ, ਆਪ ਤਕਲੀਫਾਂ ਸਹਿ ਕੇ ਬਚਾਇਆ ਅਤੇ ਘਰ ਪਹੁੰਚਾਇਆ ਹੈ। ਮੈਂ ਸ਼ੁਕਰ-ਗੁਜ਼ਾਰ ਹਾਂ, ਆਪਣੇ ਨਗਰ ਦੇ ਸਾਰੇ ਮਾਈ ਭਾਈ ਦੀ, ਜਿਨ੍ਹਾਂ ਨੇ ਪੂਰਨ ਮਿਲਵਰਤਣ ਦੇ ਕੇ ਸਾਡੇ ਸਾਰਿਆਂ ਦੇ ਹੌਂਸਲੇ ਵਧਾਏ ਹਨ।

ਸਾਰੇ ਨਗਰ ਦੇ ਲੋਕਾਂ ਨੇ ਵੀ, ਭਾਈ ਗੁਰਮੁਖ ਸਿੰਘ ਤੇ ਬੀਬੀ ਬਲਵੰਤ ਕੌਰ ਦੇ ਸਿਆਣਪ ਸਲੀਕੇ ਅਤੇ ਸਿੱਖੀ ਸਿਦਕ ਦੀ ਦਾਦ ਦਿੱਤੀ, ਅਤੇ ਖੁਸ਼ੀ-ਖੁਸ਼ੀ ਸਾਰੇ ਘਰੋਂ-ਘਰ ਚਲੇ ਗਏ।

ਪਰਉਪਕਾਰੀ ਖਾਲਸਾ

(ਕਲੀ)

ਦੁਨੀਆਂ ਯਾਦ ਕਰੇ ਕੁਰਬਾਨੀ ਮਰਦ ਦਲੇਰਾਂ ਦੀ,
ਜਿਹੜੇ ਸੂਰਮਿਆਂ ਨੇ ਜਾਨ ਧਰਮ ਤੋਂ ਵਾਰੀ।
ਲੱਖਾਂ ਲੋਕ ਹਮੇਸ਼ਾਂ ਜੱਗ ਤੇ ਆਉਂਦੇ ਜਾਂਦੇ ਨੇ,
ਨੇਕੀ ਲੈ ਜਾਂਦੇ ਕੁਰਬਾਨੀ ਦੇ ਵਪਾਰੀ।
ਦੁਨੀਆਂ ਕਾਰਜ ਕਰਦੀ ਆਪਣੇ ਸੁਆਰਥ ਵਾਸਤੇ,
ਸਭ ਦਾ ਭਲਾ ਲੋਚਦਾ ਕੋਈ ਪਰਉਪਕਾਰੀ।
ਦਾਤਾ, ਭਗਤ, ਸੂਰਮਾ ਵਿਰਲੀ ਹੀ ਮਾਂ ਜਣਦੀ ਐ,
ਗੰਗਾ, ਗੁਜਰੀ, ਨਾ ਬਣ ਜਾਣਾ ਹਾਰੀ ਸਾਰੀ।
ਕਲਗੀਧਰ ਪਿਤਾ ਨੇ ਪੰਥ ਸਾਜਿਆ ਸ਼ੇਰਾਂ ਦਾ,
ਸ੍ਵੈਅਭਿਮਾਨੀ ਇਕ ਅਕਾਲ ਦੇ ਪੁਜਾਰੀ।
ਦੇਂਦੇ ਦਾਨ ਸਿਰਾਂ ਦਾ ਮਾਸਾ ਭਰ ਨਾ ਡੋਲਦੇ,
ਬਿਰਤੀ ਰਿਸ਼ੀਆਂ ਦੀ ਤੇ ਰਹਿੰਦੇ ਸ਼ਸਤ੍ਰਧਾਰੀ।
ਛਾਤੀ ਤਾਣ ਖਲੋਂਦੇ, ਦਹਿਣ ਦਹਾਨੇ ਤੋਪਾਂ ਦੇ,
ਪਰਤਣ ਪੈਰ ਨਾ ਪਿਛੇ ਬਾਂਕੀ ਬੀਰ ਦਿਦਾਰੀ।
ਦੁਨੀਆਂ ਦੰਗ ਹੋਈ ਸਭ, ਪੜ੍ਹ ਇਤਿਹਾਸ ਦਲੇਰਾਂ ਦਾ,
ਜੇ ਦਸ ਮਰਦੇ, ਕਰਦੇ ਹੋਰ ਹਜ਼ਾਰ ਤਿਆਰੀ।
ਬੰਨ੍ਹ ਕੇ ਕੱਫਨ ਸਿਰਾਂ ਤੇ ਫਿਰਨ ਮੌਤ ਪ੍ਰਨਾਉਣੇ ਨੂੰ,

ਝੱਲੇ ਝਾਲਾਂ ਕਿਹੜਾ ਹੁਕਮਰਾਨ ਸੰਸਾਰੀ।
ਸਿੰਘ ਸਰ ਕਰਨ ਮੁਹਿੰਮਾਂ 'ਨਰਗਿਸ' ਨਾਲ ਭਰੋਸੇ ਦੇ,
ਸਾਂਭੀ ਐਵੇਂ ਤਾਂ ਨਹੀਂ ਦੁਨੀਆਂ ਦੀ ਸਰਦਾਰੀ।

– ਸੰਪੂਰਨ –



ਵਾਰ 'ਕੌਮੀ ਸ਼ਹੀਦ'

ਵਾਰ 'ਕੌਮੀ ਸ਼ਹੀਦ'

ਸੀਸ ਦੇਣ ਤੋਂ ਜ਼ਰਾ ਨਹੀਂ ਮੁੱਖ ਮੋੜਦੇ,
ਜਿਨ੍ਹਾਂ ਦੇ ਪਿਆਰ ਸੱਚੜੇ।
ਲੱਗੀ ਲਿਵ ਨ ਗੁਰਾਂ ਦੇ ਨਾਲੋਂ ਤੋੜਦੇ,
ਸਿੱਖੀ ਦੇ ਇਸ਼ਕ ਰੱਤੜੇ।

ਜਿਨ੍ਹਾਂ ਸੱਜਣਾਂ ਤੋਂ ਹੁੰਦਾ ਆਪਾ ਵਾਰਨਾ।
ਨਾਲ ਦੁਨੀਆਂ ਦੇ ਰੱਖਦੇ ਵਿਹਾਰ ਨਾ।
ਰੱਬ ਭੁੱਲ ਜਾਇ ਬਿਸ਼ੱਕ, ਭੁੱਲੇ ਯਾਰ ਨਾ।
ਦਿਲਦਾਰ ਤੋਂ ਬਿਨਾਂ ਨਹੀਂ ਕੁਝ ਲੋੜਦੇ।
ਜਿਨ੍ਹਾਂ ਦੇ ਪਿਆਰ ਸੱਚੜੇ।
ਜਿਹੜੇ ਪ੍ਰੇਮ ਦੀ ਗਲੀ ਦੇ ਵਿਚੋਂ ਲੰਘਦੇ।
ਚੋਲੇ ਆਪਣੇ ਮਜੀਠੀ ਰੰਗ ਰੰਗਦੇ।
ਕਾਸੇ ਸਿਰਾਂ ਦੇ ਬਣਾ ਕੇ ਖ਼ੈਰ ਮੰਗਦੇ।
ਸੱਦ ਪ੍ਰੇਮ ਦੀ ਲਗਾ ਕੇ ਹੱਥ ਜੋੜਦੇ।
ਜਿਨ੍ਹਾਂ ਦੇ ਪਿਆਰ ਸੱਚੜੇ।

ਤਨ ਆਰਿਆਂ ਦੇ ਨਾਲ ਚਿਰਵਾਇਕੇ।
ਬੰਦ ਬੰਦ ਜੁਦਾ ਜੁਦਾ ਕਰਵਾਇਕੇ।
ਰੂੰਈਂ ਵਾਂਗ ਤੂੰਬੇ ਤਨ ਦੇ ਉਡਾਇਕੇ।
ਤਨ ਠੀਕਰਾ ਜ਼ੁਲਮ ਸਿਰ ਫੋੜਦੇ।
ਜਿਨ੍ਹਾਂ ਦੇ ਪਿਆਰ ਸੱਚੜੇ।

ਜਾਣ ਪਰਖੇ ਸਿਦਕ ਸ਼ਮਸ਼ੀਰ ਤੇ।
ਗੋਦ ਬਾਪ ਦੀ ਬਿਠਾ ਕੇ ਪੁੱਤ ਚੀਰਤੇ।

ਨਹੀਂ ਡੋਲਦੇ ਤਸੀਹੇ ਸਹਿ ਸ੍ਰੀਰ ਤੇ।
ਮਾਸ ਦੇਹੀ ਦਾ ਜੰਬੂਰਾਂ ਥੀਂ ਨਚੋੜਦੇ।
ਜਿਨ੍ਹਾਂ ਦੇ ਪਿਆਰ ਸੱਚੜੇ।

ਹੋਵੇ ਪਹੁੰਚਣਾ ਦੁਆਲੇ ਦਿਲਦਾਰ ਦੇ।
ਪੂਜ ਜਾਂਦੇ ਨੇ ਅਖੀਰ ਪੈਂਡੇ ਮਾਰ ਕੇ।
ਭੇਟਾ ਸਿਰਾਂ ਵਾਲੀ ਰੱਖਦੇ ਉਤਾਰ ਕੇ।
ਧੜ ਲੜਦੇ ਸਿਰਾਂ ਤੋਂ ਬਿਨ ਦੌੜ ਕੇ।
ਜਿਨ੍ਹਾਂ ਦੇ ਪਿਆਰ ਸੱਚੜੇ।

ਗੋਲੀ ਸਾਹਮਣੇ ਖਲੋਂਦੇ ਛਾਤੀ ਤਾਣ ਕੇ।
ਅੱਗੇ ਇੰਜਣਾਂ ਦੇ ਪੈਂਦੇ ਆਣ ਆਣ ਕੇ।
ਜਾਂਦੀ ਮੌਤ ਨੂੰ ਬੁਲਾਉਂਦੇ ਜਾਣ ਜਾਣ ਕੇ।
ਹੋਣੀ ਹੂਰ ਲਈ ਬਸੰਤੀ ਬਾਣੇ ਓੜਦੇ।
ਜਿਨ੍ਹਾਂ ਦੇ ਪਿਆਰ ਸੱਚੜੇ।

ਸਤਵੰਤ ਬੇਅੰਤ ਸਿੰਘ ਯਾਰਾਂ ਨੇ।
ਜਿੰਦੇ ਸੁਖੇ ਜਿਹੇ ਮਰਦ ਸਰਦਾਰਾਂ ਨੇ।
ਚੁੰਮ ਚੁੰਮਕੇ ਗਲੇ 'ਚ ਪਾਈਆਂ ਦਾਰਾਂ ਨੇ।
ਦੰਦ ਜੋੜੇ ਹਿੰਦੀ ਠਾਨਵੇਂ ਕਰੋੜ ਦੇ।
ਜਿਨ੍ਹਾਂ ਦੇ ਪਿਆਰ ਸੱਚੜੇ।

ਸ਼ਹੀਦ ਸ੍ਰ: ਬੇਅੰਤ ਸਿੰਘ

ਸ੍ਰੀ ਬੇਅੰਤ ਸਿੰਘ ਦਾ ਜਨਮ 4 ਮਈ 1950 ਨੂੰ ਮਲੋਆ ਪਿੰਡ ਵਿਚ ਰਵਿਦਾਸੀਆ ਸਿੱਖ ਪਰਿਵਾਰ ਵਿਚ ਸ੍ਰ: ਸੁੱਚਾ ਸਿੰਘ ਦੇ ਗ੍ਰਹਿ ਵਿਖੇ ਹੋਇਆ। ਭਾਈ ਬੇਅੰਤ ਸਿੰਘ ਦੇ ਦਾਦਾ ਜੀ ਅੰਮ੍ਰਿਤਧਾਰੀ ਸਿੰਘ ਸਨ। ਭਾਈ ਬੇਅੰਤ ਸਿੰਘ ਨੇ 10 ਸਾਲ ਦੀ ਉਮਰ ਵਿਚ ਆਪਣੇ ਚਾਚਾ ਸ੍ਰ: ਬਹਾਦਰ ਸਿੰਘ ਨਾਲ ਰਲ ਕੇ ਇਕੱਠਿਆਂ ਨੇ 1960 ਵਿਚ ਅੰਮ੍ਰਿਤ ਪਾਨ ਕੀਤਾ। ਪਰ ਇਸ ਬਾਲ ਉਮਰ ਵਿਚ ਉਸ ਨੂੰ ਅੰਮ੍ਰਿਤ ਦੀ ਵਿਸ਼ੇਸ਼ਤਾ ਦਾ ਨਾ ਗਿਆਨ ਹੋਣ ਕਰਕੇ ਉਹ ਅੰਮ੍ਰਿਤਧਾਰੀ ਨਿਯਮਾਂ ਤੇ ਪੂਰਾ ਪਹਿਰਾ ਨਾ ਦੇ ਸਕਿਆ। 18 ਸਾਲ ਦੀ ਉਮਰ ਤੱਕ ਪੜ੍ਹਾਈ ਸਮੇਂ ਕਕਾਰ-ਰਹਿਤ ਹੋ ਗਿਆ ਸੀ।

ਪੁਲੀਸ ਦੀ ਸਰਵਿਸ ਸਮੇਂ ਦਿੱਲੀ ਰਹਿੰਦੇ ਭਾਈ ਕੇਹਰ ਸਿੰਘ ਨਾਲ ਸ੍ਰ: ਬੇਅੰਤ ਸਿੰਘ ਦਾ ਚੰਗਾ ਮੇਲ ਮਿਲਾਪ ਸੀ। ਹਮੇਸ਼ਾਂ ਆਪਸ ਵਿਚ ਮਿਲਕੇ ਦੁਖ-ਸੁਖ ਸਾਂਝਾ ਕਰਦੇ ਰਹਿੰਦੇ ਸਨ। ਭਾਈ ਕੇਹਰ ਸਿੰਘ ਨੇ ਆਪਣੀ ਇਕ ਇੰਟਰਵਿਊ ਵਿਚ ਸ੍ਰ: ਬੇਅੰਤ ਸਿੰਘ ਬਾਰੇ ਦਸਿਆ ਸੀ ਕਿ ਉਹ ਇਕ ਅਤਿਅੰਤ ਸਾਊ ਸੁਭਾਅ ਵਾਲਾ ਸੀ। ਪੁਲਸੀਆਂ ਵਾਲੀ ਉਸ ਵਿਚ ਕੋਈ ਗੱਲ ਨਹੀਂ ਸੀ।

ਉਹ ਇੰਦਰਾ ਗਾਂਧੀ ਨਾਲ ਵਿਦੇਸ਼ਾਂ ਦੇ ਦੌਰੇ ਤੇ ਵੀ ਕਈ ਵਾਰ ਗਿਆ ਸੀ। ਪਰ ਉਸ ਨੇ ਵਿਦੇਸ਼ੀ ਵਸਤਾਂ ਲਿਆਉਣ ਦਾ ਕਦੇ ਵੀ ਲਾਲਚ ਨਹੀਂ ਸੀ ਕੀਤਾ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਪੁਲਸ ਨੇ ਜਦੋਂ ਉਸ ਦੇ ਦਿੱਲੀ ਵਾਲੇ ਤੇ ਮਲੋਆ ਵਾਲੇ ਮਕਾਨਾਂ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਕੋਈ ਪੈਸਾ ਜਾਂ ਵਿਦੇਸ਼ੀ ਵਸਤੂ ਉਨ੍ਹਾਂ ਨੂੰ ਨਾ ਮਿਲੀ। ਪੁਲਸ ਨੂੰ ਇਹ ਵੀ ਸ਼ੱਕ ਸੀ ਕਿ ਬੇਅੰਤ ਸਿੰਘ ਨੂੰ ਇੰਦਰਾ ਗਾਂਧੀ ਨੂੰ ਮਾਰਨ ਬਦਲੇ ਬਹੁਤ ਪੈਸਾ ਮਿਲਿਆ ਹੋਵੇਗਾ। ਕਿਉਂਕਿ ਕਮੀਨੇ ਅਫਸਰ ਇਹ ਸੋਚਦੇ ਸਨ ਕਿ ਬੇਅੰਤ ਸਿੰਘ ਨੇ ਨਿਜੀ ਆਰਥਿਕ ਫਾਇਦੇ ਬਿਨਾਂ ਇਹ ਕਤਲ ਕਿਉਂ ਕਰਨਾ ਸੀ ? ਪਰ ਤਲਾਸ਼ੀ ਕਰਨ ਤੋਂ ਬਾਅਦ ਉਨ੍ਹਾਂ ਨੂੰ ਬੇਹੱਦ ਸ਼ਰਮਸਾਰ ਹੋਣਾ ਪਿਆ ਸੀ।

ਗਿਆਨੀ ਨਿਰਜੰਨ ਸਿੰਘ 'ਨਰਗਿਸ'

ਵਾਰ ਸ੍ਰ: ਬੇਅੰਤ ਸਿੰਘ, ਸਤਵੰਤ ਸਿੰਘ ਸ਼ਹੀਦ

ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਤੇ ਭਾਰਤ ਫੌਜ ਵਲੋਂ ਕੀਤੇ ਹਮਲੇ ਨੇ ਸਾਰੇ ਸੰਸਾਰ ਵਿਚ ਵਸਦੇ ਸਿੱਖਾਂ ਨੂੰ ਝੰਜੋੜ ਕੇ ਰੱਖ ਦਿੱਤਾ। ਕੋਈ ਕਿਸੇ ਧੜੇ ਨਾਲ ਸੰਬੰਧਤ ਹੋਣ ਜਾਂ ਨਾ ਹੋਣ, ਨਿਰਪੱਖ ਹੋਣ ਜਾਂ ਆਮ ਸਾਧਾਰਨ ਕਿਰਤੀ ਜੀਵਨ ਵਾਲੇ ਹੋਣ, ਇਨ੍ਹਾਂ ਸਾਰਿਆਂ ਲਈ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖੀ ਦਾ ਸਰਬ ਉੱਚ ਧੁਰਾ ਹੈ, ਕੇਂਦਰ ਹੈ, ਸਤਿਕਾਰਤ ਅਸਥਾਨ ਹੈ। ਉਹ ਮਾਨਸਿਕ ਤੌਰ ਤੇ ਆਪਣੇ ਆਪਣੇ ਢੰਗ ਅਨੁਸਾਰ ਇਸ ਨਾਲ ਜੁੜੇ ਹੋਏ ਹਨ।

ਭਾਰਤ ਸਰਕਾਰ ਦੀ ਇਸ ਅਤਿ ਦੁਖਦਾਈ ਕਾਰਵਾਈ ਨੇ ਸਮੁੱਚੀ ਸਿੱਖ-ਮਾਨਸਕਤਾ ਨੂੰ ਹਿਲਾ ਕੇ ਰੱਖ ਦਿੱਤਾ। ਕਿਸੇ ਨਾ ਕਿਸੇ ਰੂਪ ਵਿਚ ਅਤੇ ਕਿਸੇ ਨਾ ਕਿਸੇ ਤਰ੍ਹਾਂ ਇਸ ਦਾ ਪ੍ਰਤੀਕਰਮ ਹੋਣਾ ਕੁਦਰਤੀ ਸੀ। ਸਮੂੱਚੀ ਕੌਮ ਦੇ ਮਨੋਭਾਵਾਂ ਦਾ ਪ੍ਰਗਟਾਵਾ ਹੋਣਾ ਜ਼ਰੂਰੀ ਸੀ। ਭਾਈ ਬੇਅੰਤ ਸਿੰਘ ਤੇ ਭਾਈ ਸਤਵੰਤ ਸਿੰਘ ਅਜਿਹੇ ਕਿਸੇ ਵੀ ਕਰਮ ਦਾ ਚਿੰਨਾਤਮਕ ਪ੍ਰਗਟਾਵਾ ਹਨ। ਭਾਵੇਂ ਇਸ ਸਬੰਧੀ ਕਿਸੇ ਦੇ ਵਿਚਾਰ ਕੁਝ ਵੀ ਕਿਉਂ ਨਾ ਹੋਣ ਪਰ ਇਨ੍ਹਾਂ ਦਾ ਆਪਣੇ ਤਰੀਕੇ ਨਾਲ ਆਪਣੇ ਮਹਾਨ ਪਵਿੱਤਰ ਸਥਾਨ ਦੀ ਕੀਤੀ ਗਈ ਬੇਹੁਰਮਤੀ ਦਾ ਬਦਲਾ ਲਿਆ, ਅਜਿਹਾ ਕਰਕੇ ਉਨ੍ਹਾਂ ਆਪਣੇ ਵਲੋਂ ਕੌਮ ਦੇ ਦਰਦ ਨੂੰ ਘਟਾਉਣ ਦਾ ਵੀ

ਯਤਨ ਕੀਤਾ ਅਤੇ ਉਨ੍ਹਾਂ ਦੀ ਹਰਿਮੰਦਰ ਪ੍ਰਤੀ ਭਾਵਨਾ ਦੀ ਵੀ ਪ੍ਰਤੀਨਿਧਤਾ ਕੀਤੀ।

ਭਾਈ ਬੇਅੰਤ ਸਿੰਘ ਬਾਰੇ ਭਾਈ ਕੇਹਰ ਸਿੰਘ ਨੇ ਆਪਣੀ ਇਕ ਇੰਟਰਵਿਊ ਵਿਚ ਦਸਿਆ ਸੀ ਕਿ ਉਹ ਇਕ ਬੇਹਦ ਸਾਊ ਵਿਅਕਤੀ ਸੀ। ਉਸ ਵਿਚ ਪੁਲਸੀਆਂ ਵਾਲੀ ਕੋਈ ਵੀ ਗੱਲ ਨਹੀਂ ਸੀ। ਪਰ ਇਸ ਫੌਜੀ ਕਾਰਵਾਈ ਨੇ ਉਸ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ। ਇਸ ਤੋਂ ਬਾਅਦ ਉਹ ਲਗਾਤਾਰ ਬੇਚੈਨ ਰਹਿਣ ਲੱਗਾ। ਉਹ ਸ੍ਰੀ ਅੰਮ੍ਰਿਤਸਰ ਆਇਆ, ਦਰਬਾਰ ਸਾਹਿਬ ਨੂੰ ਲੱਗੀਆਂ ਗੋਲੀਆਂ ਦੇ ਨਿਸ਼ਾਨ ਦੇਖੇ, ਸ੍ਰੀ ਅਕਾਲ ਤਖਤ ਤੋਪਾਂ ਦੇ ਗੋਲਿਆਂ ਦਾ ਢੱਠਾ ਦੇਖਿਆ ਤਾਂ ਦਿਲ ਵਿਚ ਬੜਾ ਦੁਖੀ ਹੋਇਆ ਦਿੱਲੀ ਪਰਤਿਆ। ਉਸ ਨੂੰ ਇਹ ਚੰਗੀ ਤਰ੍ਹਾਂ ਮਹਿਸੂਸ ਹੋ ਗਿਆ ਸੀ ਕਿ ਜਿੰਨਾ ਚਿਰ ਉਸ ਪੰਜਾਬ ਦੀ ਅਣਖ ਵੰਗਾਰਨ ਵਾਲੀ ਔਰਤ ਦਾ ਵਜੂਦ ਕਾਇਮ ਰਹਿੰਦਾ ਹੈ ਉਹ ਸ਼ਾਂਤ ਨਹੀਂ ਹੋ ਸਕੇਗਾ। ਅਖੀਰ ਉਸ ਨੇ ਇੰਦਰਾ ਗਾਂਧੀ ਦੀ ਅਲਖ ਮੁਕਾਉਣ ਦਾ ਪੱਕਾ ਇਰਾਦਾ ਕਰ ਲਿਆ।

ਇਸ ਵਕਤ ਭਾਈ ਬੇਅੰਤ ਸਿੰਘ ਇਕ ਸਿਰਲੱਥ ਸਾਥੀ ਦੀ ਲੋੜ ਮਹਿਸੂਸ ਕਰ ਰਿਹਾ ਸੀ, ਪਰ ਇਸ ਲਈ ਉਸ ਨੂੰ ਜ਼ਿਆਦਾ ਕੋਸ਼ਿਸ਼ ਨਹੀਂ ਕਰਨੀ ਪਈ। ਇਕ ਕੌਮੀ ਪਰਵਾਨਾ ਭਾਈ ਸਤਵੰਤ ਸਿੰਘ ਦੇ ਰੂਪ ਵਿਚ ਉਸ ਨੂੰ ਜਲਦ ਹੀ ਮਿਲ ਗਿਆ। ਕਿਉਂਕਿ ਭਾਈ ਸਤਵੰਤ ਸਿੰਘ ਦੇ ਦਿਲ ਵਿਚ ਵੀ ਸਾਕਾ ਨੀਲਾ ਤਾਰਾ ਐਕਸ਼ਨ ਦਾ ਉਤਨਾ ਹੀ ਦੁੱਖ ਸੀ।

ਭਾਈ ਸਤਵੰਤ ਸਿੰਘ ਦਾ ਸਾਥ ਮਿਲਣ ਨਾਲ ਭਾਈ ਬੇਅੰਤ ਸਿੰਘ ਦਾ ਹੌਂਸਲਾ ਹੋਰ ਵੀ ਬੁਲੰਦ ਹੋ ਗਿਆ। ਹੁਣ ਉਸ ਨੂੰ ਆਪਣਾ ਮਕਸਦ ਛੇਤੀ ਪੂਰਾ ਹੋਣ ਦੀ ਪੱਕੀ ਉਮੀਦ ਹੋ ਗਈ। ਦੋਹਾਂ ਨੇ ਮਿਲਕੇ ਦਿਲ ਦਾ ਰਾਜ਼ ਸਾਂਝਾ ਕੀਤਾ। 24 ਅਕਤੂਬਰ ਨੂੰ ਇਕੱਠਿਆਂ ਨੇ ਅੰਮ੍ਰਿਤਪਾਨ ਕੀਤਾ। ਇੰਦਰਾ ਦੀ ਅਲਖ ਮੁਕਾਉਣ ਲਈ 31 ਅਕਤੂਬਰ ਦੀ ਤਾਰੀਖ ਮਿਥ ਲਈ।

ਨਿਸ਼ਚਿਤ ਕੀਤੀ ਤਾਰੀਖ ਆ ਗਈ। ਉਸ ਦਿਨ ਭਾਈ ਸਤਵੰਤ ਸਿੰਘ ਨੇ ਕੋਈ ਬਹਾਨਾ ਬਣਾ ਕੇ ਆਪਣੀ ਡਿਊਟੀ ਬੇਅੰਤ ਸਿੰਘ ਵਾਲੇ ਗੇਟ ਦੇ ਨੇੜੇ ਲਗਵਾ ਲਈ। ਦੋਵੇਂ ਜਣੇ ਸਵੇਰੇ ਨੌ ਕੁ ਵਜੇ ਬੜੀ ਉਤਸੁਕਤਾ ਨਾਲ ਇੰਦਰਾ ਗਾਂਧੀ ਦੀ ਉਡੀਕ ਕਰਨ ਲੱਗੇ। ਉਸ ਦਿਨ ਉਸ ਨੇ ਇਕ ਫਿਲਮ ਦੀ ਸ਼ੂਟਿੰਗ ਵਿਚ ਭਾਗ ਲੈਣਾ ਸੀ। ਇਹ ਫਿਲਮ ਉਸਦੀ ਜ਼ਿੰਦਗੀ ਤੇ ਸੀ ਅਤੇ ਇਸ ਨੂੰ ਬਰਤਾਨਵੀ ਫਿਲਮ ਸਾਜ਼ "ਪੀਟਰ ਉਸਤੀਨੋਵ" ਬਣਾ ਰਿਹਾ ਸੀ। ਕਿਉਂਕਿ ਫਿਲਮ ਇੰਦਰਾ ਗਾਂਧੀ ਦੇ ਆਪਣੇ ਬਾਰੇ ਸੀ, ਇਸ ਲਈ ਉਹ ਪੂਰੀ ਸੱਜ ਧੱਜ ਕੇ ਘਰੋਂ ਬਾਹਰ ਨਿਕਲੀ। ਉਹ ਨੌਂ ਵਜ ਕੇ ਪੰਜ ਮਿੰਟ ਤੇ ਉਸ ਗੇਟ ਤੇ ਪਹੁੰਚੀ ਜਿਸ ਤੇ ਭਾਈ ਬੇਅੰਤ ਸਿੰਘ ਦੀ ਡਿਊਟੀ ਸੀ। ਬੇਅੰਤ ਸਿੰਘ ਨੇ ਅੱਜ ਰੋਜ਼ ਦੀ ਤਰ੍ਹਾਂ ਸਲੂਟ ਤਾਂ ਜ਼ਰੂਰ ਮਾਰਿਆ ਪਰ ਸਲੂਟ ਮਾਰਨ ਤੋਂ ਬਾਅਦ ਉਸ ਦਾ ਹੱਥ ਗੇਟ ਨੂੰ ਖੋਹਲਣ ਵੱਲ ਜਾਣ ਦੀ ਥਾਂ ਉਸ ਦੇ 38 ਬੋਰ ਦੇ ਸਪੈਸ਼ਲ ਰੇਂਜ ਪਿਸਤੌਲ ਵਲ ਚਲਾ ਗਿਆ ਅਤੇ ਉਸ ਨੇ ਅੱਖ ਦੇ ਫੋਰ

ਵਿਚ ਪੰਜ ਗੋਲੀਆਂ ਇੰਦਰਾ ਗਾਂਧੀ ਤੇ ਦਾਗ ਦਿੱਤੀਆਂ। ਭਾਈ ਬੇਅੰਤ ਸਿੰਘ ਦੀਆਂ ਗੋਲੀਆਂ ਨਾਲ ਭੁਆਂਟਣੀ ਖਾ ਕੇ ਡਿਗਦੀ ਚਿਲਲਾਈ ਤਾਂ ਭਾਈ ਸਤੰਵਤ ਸਿੰਘ ਨੇ ਆਪਣੀ ਕਾਰਬਾਈਨ ਨਾਲ ਗੋਲੀਆਂ ਦੀ ਬੁਛਾੜ ਕਰ ਦਿੱਤੀ। ਇੰਦਰਾ ਗਾਂਧੀ ਥਾਂ ਤੇ ਹੀ ਢੇਰੀ ਹੋ ਗਈ। ਪਰ ਉਸ ਦੇ ਨਾਲ ਆ ਰਹੇ ਦੂਸਰੇ ਅਧਿਕਾਰੀਆਂ ਨੂੰ ਭਜਦਿਆਂ ਥਾਂ ਨਹੀਂ ਸੀ ਲੱਭ ਰਿਹਾ।

ਕਾਰਨਾਮਾ ਕਰਨ ਤੋਂ ਬਾਅਦ ਦੋਵੇਂ ਸੂਰਮੇ ਅਡੋਲ ਖੜੇ ਰਹੇ। ਉਨ੍ਹਾਂ ਇਹ ਕਹਿੰਦਿਆਂ ਆਪਣੇ ਹਥਿਆਰ ਰੱਖ ਦਿੱਤੇ, "ਅਸੀਂ ਜੋ ਕੰਮ ਕਰਨਾ ਸੀ ਕਰ ਲਿਆ, ਹੁਣ ਤੁਸੀਂ ਆਪਣਾ ਕੰਮ ਕਰੋ।"

ਇਨ੍ਹਾਂ ਧਰਮੀ ਸਿੰਘ ਸੂਰਮਿਆਂ, ਜਿਨ੍ਹਾਂ ਦਰਬਾਰ ਸਾਹਿਬ ਦੀ ਬੇਹੁਰਮਤੀ ਦਾ ਬਦਲਾ ਲੈ ਕੇ ਪੰਥ ਦੀ ਸ਼ਾਨ ਬਰਕਰਾਰ ਰੱਖੀ। ਉਨ੍ਹਾਂ ਗੁਰੂ ਕੇ ਲਾਲਾਂ ਦੀ ਅਦੁੱਤੀ ਬਹਾਦਰੀ ਦੀ 'ਵਾਰ' ਕੁਝ ਪਉੜੀਆਂ ਵਿਚ ਕਲਮਬੰਦ ਕੀਤੀ ਹੈ, ਜੋ ਅੱਗੇ ਦਿੱਤੀ ਗਈ ਹੈ:

1. ਇੰਦਰਾ ਭਾਰਤ ਵਰਸ਼ ਦੀ ਬਣ ਬੈਠੀ ਰਾਣੀ।
ਵਰਣ ਬ੍ਰਾਹਮਣ ਮਨ ਕਠੋਰ ਮੰਨੂ ਮਨ ਭਾਣੀ।
ਬੇਮੁੱਰਵਤ ਹੁਕਮਰਾਨ ਫਾਸ਼ੀ ਜਰਵਾਣੀ।
ਕਰੇ ਅਦਲ ਇਨਸਾਫ ਨਾ ਫੜ ਤੱਕੜੀ ਕਾਣੀ।
ਹਸਦ ਕਰੇ ਸਿੱਖ ਕੌਮ ਨਾਲ ਬਿੱਪ ਰੀਤ ਪੁਰਾਣੀ।
ਖੋਹਿਆ ਹੱਕ ਪੰਜਾਬ ਦਾ ਸਭ ਬਿਜਲੀ ਪਾਣੀ।
ਕਰ ਘਸਿਆਰੇ ਸਿੱਖਾਂ ਨੂੰ ਮਾਰਨ ਦੀ ਠਾਣੀ।
ਸਿੰਘਾਂ ਦੇ ਉਪਕਾਰ ਦੀ ਭੁੱਲ ਗਈ ਕਹਾਣੀ।
ਗੁਰੂ ਪੰਥ ਨਾਲ ਦੁਸ਼ਮਣੀ ਬੇਵਜ੍ਹਾ ਐਲਾਣੀ।
ਅੰਮ੍ਰਿਤਸਰ ਤੇ ਚਾੜ੍ਹਤੀ ਹਿੰਦ ਫੌਜ ਸੱਤਾਣੀ।

2. ਚਾਰ ਜੂਨ ਨੂੰ ਪੰਜ ਵਜੇ ਘਿਰ ਫੌਜਾਂ ਆਈਆਂ।
ਮੌਤ-ਘਟਾ ਬਣ ਗਰਜ ਕੇ ਸਿਰ ਤੇ ਮੰਡਲਾਈਆਂ।
ਜਰਨੈਲਾਂ ਨੇ ਹਰ ਤਰ੍ਹਾਂ ਕਰੀਆਂ ਕਰੜਾਈਆਂ।
ਕਰਨਾ ਜ਼ੇਰ ਜੁਝਾਰੂਆਂ ਜੁਗਤਾਂ ਸਮਝਾਈਆਂ।
ਚੁਣ ਬੇਰਹਿਮ ਦਰਿੰਦਿਆਂ ਦੀਆਂ ਡਿਉਟੀਆਂ ਲਾਈਆਂ।
ਕਰੀ ਤਾਮੀਲ ਅਦੇਸ਼ ਦੀ ਬਿਨ ਦੇਰ ਸਿਪਾਹੀਆਂ।

ਗੰਨਾਂ ਵਿਚੋਂ ਗੋਲੀਆਂ ਮੀਂਹ ਵਾਂਗ ਵਰ੍ਹਾਈਆਂ।
ਸਿੱਖ ਸੰਗਤਾਂ ਦਰਬਾਰ 'ਚੋਂ ਨਿਕਲ ਨ ਪਾਈਆਂ।

3. ਮਾਰੇ ਗੁਰਸਿੱਖ ਯਾਤਰੂ ਧਰ ਸਫਾਂ ਵਿਛਾਈਆਂ।
ਬੀਬੇ ਬਾਬੇ ਪੂਜਨੀਕ ਸ਼ਰਧਾਲੂ ਮਾਈਆਂ।
ਨੰਨ੍ਹੇ ਮੁੰਨੇ ਪਾੜ ਪਾੜ ਦੋ ਕਰੇ ਕਸਾਈਆਂ।
ਕਰ ਕਰ ਤਨ ਦੀਆਂ ਫਾਕੜਾਂ ਸੁੱਟ ਪਰ੍ਹਾਂ ਵਗਾਈਆਂ।
ਚੌਦਾਂ ਪੰਦਰਾਂ ਸਾਲ ਦੇ ਤਨ ਨਰਮ ਮਲਾਈਆਂ।
ਯੂਸਫ ਸਾਨੀ ਸੂਰਤਾਂ ਅਣਗਿਣਤ ਖਪਾਈਆਂ।
ਹਰਿਮੰਦਰ ਤੇ ਗੋਲੀਆਂ ਬੁਜ਼ਦਿਲਾਂ ਚਲਾਈਆਂ।
ਟੁੱਟਿਆ ਕਹਿਰ ਪੰਜਾਬ ਤੇ ਪੈ ਗਈਆਂ ਦੁਹਾਈਆਂ।

4. ਫੇਰ ਫੋਰਸਾਂ ਰੋਸ ਧਾਰ ਧਾ ਅੰਦਰ ਵੜੀਆਂ।
ਗੰਨਾਂ ਵਿਚੋਂ ਗੋਲੀਆਂ ਵਰ੍ਹੀਆਂ ਲਾ ਝੜੀਆਂ।
ਸੇਧ ਨਿਸ਼ਾਨੇ ਮਾਰਦੇ ਬੰਨ੍ਹ ਕੇ ਗੁਲਜਰੀਆਂ।
ਪਲ ਵਿਚ ਸੁੰਦਰ ਸੂਰਤਾਂ ਢਾਹ ਢੇਰੀ ਕਰੀਆਂ।
ਦੁਸ਼ਟਾਂ ਨੇ ਬੇਕੀਮਤੀ ਜਾਨਾਂ ਭੁੰਨ ਧਰੀਆਂ।
ਰੁਲਦੇ ਭੂਸ਼ਣ ਪਹਿਰਣੇ ਗੋਟੇ ਤੇ ਜ਼ਰੀਆਂ।
ਕੇਸ ਭਿੰਨੇ ਵਿਚ ਰੱਤ ਦੇ ਮੁਖ ਲਟਾਂ ਬਿਖਰੀਆਂ।
ਲਾਸਾਂ ਦੇ ਅੰਬਾਰ ਲੱਗ ਪਰਕਰਮਾ ਭਰੀਆਂ।

5. ਤੱਕ ਤਾਂਡਵ ਕਲ-ਨਾਰਦੀ ਦਿਵ ਰੂਹਾਂ ਡਰੀਆਂ।
ਆਈਆਂ ਜਿਹੀਆਂ ਕਿਆਮਤਾਂ "ਨੂਹ-ਨਾਓ" ਨ ਜਰੀਆਂ।
ਵਹਿਣ ਲਹੂ ਦੇ ਵਹਿ ਤੁਰੇ ਲੈ ਲੋਥਾਂ ਮਰੀਆਂ।
ਸ਼ਵ ਤਰਦੇ ਵਿਚ ਤਾਲ ਦੇ ਜਿਉਂ ਗੇਲੀਆਂ ਤਰੀਆਂ।
ਜ਼ਖਮੀ ਪਏ ਕਰਾਹ ਰਹੇ ਤਕਦੀਰਾਂ ਹਰੀਆਂ।
ਕੇਹੜਾ ਦਰਦੀ ਬਣੀ ਵਕਤ ਦੇਵੇ ਦਿਲਬਰੀਆਂ।
ਕਰਕੇ ਰਕਤਸਰਾਵ ਨ ਤੋਪਾਂ ਬੰਦ ਕਰੀਆਂ।
ਫੇਰ ਮਾਲ ਅਸਵਾਬ ਤੇ ਜਾ ਨਜ਼ਰਾਂ ਧਰੀਆਂ।

6. ਅੱਧਾ ਹਿੱਸਾ ਦਰਸ਼ਨੀ ਡਿਊਢੀ ਦਾ ਢਾਹ ਕੇ।
ਤੋਸ਼ੇਖਾਨਾ ਖੋਲ੍ਹਿਆ ਤਾਲੇ ਤੁੜਵਾ ਕੇ।
ਲਾਈ ਅੱਗ ਸਾਮਾਨ ਨੂੰ ਮਾਚਿੱਸਾਂ ਘਸਾ ਕੇ।
ਦੁਰਲੱਭ ਵਸਤਾਂ ਸਾੜੀਆਂ ਸਾੜੇ ਵਿਚ ਆ ਕੇ।
ਮਹਿੰਗੀ ਸੁੰਦਰ ਚਾਂਦਨੀ ਦੀ ਰਾਖ ਬਣਾ ਕੇ।
ਹੀਰੇ ਮੋਤੀ ਜੜੇ ਜੋ ਸਭ ਲੈ ਗਏ ਲਾਹ ਕੇ।
ਸੋਨਾ ਔਰ ਜਵਾਹਰਾਤ ਬਹੁ ਮਾਲ ਹਥਿਆ ਕੇ।
ਕੁਝ ਇਕ ਮੋਤੀ ਸੁੱਟ ਗਏ ਸੁਆਹ ਵਿਚ ਖਿੰਡਾ ਕੇ।
ਸੋਨਾ ਕੁਝ ਕੁ ਬਿਖੇਰ ਗਏ ਵਸਤਾਂ ਪਿਘਲਾ ਕੇ।
ਸੱਚੇ ਹੋਣਾ ਬਾਅਦ ਵਿਚ ਜਿਸ ਨੂੰ ਦਿਖਲਾ ਕੇ।

7. ਲਾਇਬ੍ਰੇਰੀ ਰੈਫਰੈਂਸ ਤੇ ਬੰਬ ਬਰਸਾਏ।
ਸਿੱਖ ਸਾਹਿਤ ਸਭ ਸਾੜਿਆ ਮਿਥ ਮਤਾ ਪਕਾਏ।
ਸਰੂਪ ਸੈਂਕੜੇ ਗ੍ਰੰਥ ਸਾਹਿਬ ਦਸਤੀ ਲਿਖਵਾਏ।
ਸਾਇਨ ਗੁਰੂ ਸਾਹਿਬਾਨ ਦੇ ਅਨਮੋਲ ਜਲਾਏ।
ਲਿਖੇ ਹੁਕਮਨਾਮੇ ਗੁਰਾਂ ਸੰਗਤਾਂ ਪਰਥਾਏ।
ਖਰੜੇ ਦੁਰਲੱਭ ਸੈਂਕੜੇ ਸੀ ਬਿਨਾਂ ਛਪਾਏ।
ਹੱਥ ਲਿਖਤਾਂ ਬੇਕੀਮਤੀ ਬਡ ਗ੍ਰੰਥ ਸੁਧਾਏ।
ਹਿੰਦੂ ਫੌਜਾਂ ਸਾੜ ਕੇ ਸਭ ਰਾਖ ਬਣਾਏ।

8. ਬਾਕੀ ਕੌਮੀ ਕਾਗਜ਼ਾਤ ਬੰਨ੍ਹ ਭਾਰ ਉਠਾਏ।
ਡੂੰਘੀ ਸਾਜ਼ਸ਼ ਤਹਿਤ ਸੀ ਜਾ ਕਿਤੇ ਛੁਪਾਏ।
ਲਿਖਿਆ ਸਿੱਖ ਇਤਿਹਾਸ ਜੋ ਸਦੀਆਂ ਤੋਂ ਲਾਏ।
ਕੁਝ ਲੈ ਗਏ ਕੁਝ ਸਾੜ ਕੇ ਗਏ ਭਸਮ ਕਰਾਏ।
ਸਿੱਖ ਮੁਲਾਜ਼ਮ ਬਾਅਦ ਵਿਚ ਜਦ ਦੇਖਣ ਆਏ।
ਰੈਕ ਕਿਤਾਬਾਂ ਪੋਥੀਆਂ ਸਭ ਖਾਲੀ ਪਾਏ।
ਪੰਥ ਰਿਕਾਰਡ ਕਿਸੇ ਥਾਂ ਐਸੇ ਦਫਨਾਏ।
ਅਜੇ ਨ ਹਾਕਮ ਹਿੰਦੂਆਂ ਵਾਪਸ ਪਰਤਾਏ।

9. ਸਿਰਫ ਸੁਧਾਸਰ ਹੀ ਨਹੀਂ ਏਹ ਜ਼ੁਲਮ ਗੁਜ਼ਾਰੇ।
ਹਰ ਥਾਂ ਸਹਿਤ ਕੁਚੇਸ਼ਟਾ ਕੀਤੇ ਮੰਦ ਕਾਰੇ।
ਇਤਿਹਾਸਕ ਸਿੱਖ ਕੌਮ ਦੇ ਚਾਲੀ ਗੁਰਦੁਆਰੇ।
ਮਹਿਤਾ ਚੌਂਕ, ਫਰੀਦਕੋਟ, ਸਤਿਕਾਰਤ ਭਾਰੇ।
ਰੋਪੜ, ਮੋਗਾ, ਮੁਕਤਸਰ, ਜੋ ਮੁਕਤਿ ਦੁਆਰੇ।
ਦੂਖਨਿਵਾਰਨ ਆਦਿ ਹੋਰ ਗੁਰ ਧਾਮ ਪਿਆਰੇ।
ਇਕ ਦਮ ਫੌਜਾਂ ਘੇਰ ਲਏ ਸਾਰੇ ਦੇ ਸਾਰੇ।
ਦੇਖਣ ਆਏ ਪੂਰਬ ਦੇ ਸਿੱਖ ਲੋਕ ਨਜ਼ਾਰੇ।
ਬੇਦੋਸ਼ੇ ਮਾਸੂਮ ਘੇਰ ਅਨਿਆਈ ਮਾਰੇ।
ਮੌਤ ਵਿਆਪੀ ਦੇਸ਼ ਤੇ ਪੈ ਰਹੇ ਕਕਾਰੇ।
ਪਰਜਾ ਮਾਰੀ ਹਾਕਮਾਂ ਹਾ ਹਾ ਹਤਿਆਰੇ।
ਦੁਨੀਆਂ ਤੇ ਇਸ ਜ਼ੁਲਮ ਦੇ ਵੱਜ ਗਏ ਨਗਾਰੇ।

10. ਲੱਗੀ ਅੱਗ ਬਾਰੂਦ ਨੂੰ ਲੱਖ ਭਾਂਬੜ ਭੜਕੇ।
ਸੁਣ ਖਬਰਾਂ ਅਨਹੋਣੀਆਂ ਸਭ ਦੇ ਦਿਲ ਧੜਕੇ।
ਜਗ੍ਹਾ ਜਗ੍ਹਾ ਮੂੰਹ ਜੋੜ ਲੋਕ ਕੋਸਣ ਸਭ ਖੜ੍ਹ ਕੇ।
ਮਾੜਾ ਕੀਤਾ ਫੌਜ ਨੇ ਪਬਲਿਕ ਤੇ ਚੜ੍ਹ ਕੇ।
ਸਿੱਖਾਂ ਬਚਾਇਆ ਦੇਸ਼ ਨੂੰ ਗੈਰਾਂ ਨਾਲ ਲੜ ਕੇ।
ਉਨ੍ਹਾਂ ਦੇ ਹੀ ਸਿਰਾਂ ਤੇ ਤੋਪਾਂ ਬੰਬ ਕੜਕੇ।
ਅਣਖੀ ਮਰਦਾਂ ਸਿੰਘਾਂ ਦੇ ਸੀਨੇ ਸੱਲ ਰੜਕੇ।
ਜੋਸ਼ 'ਚ ਡਿੱਗੇ ਅੱਖਾਂ ਚੋਂ ਚੰਗਿਆੜੇ ਝੜਕੇ।
ਭਭਕਾਰੇ ਬਲਬੀਰ ਸ਼ੇਰ ਬੱਦਲ ਜਿਓਂ ਗੜ੍ਹਕੇ।
ਬਦਲਾ ਲੈਣਾ ਦੁਸ਼ਟ ਤੋਂ ਛਾਤੀ ਤੇ ਚੜ੍ਹ ਕੇ।

11. ਸਿੱਖ ਫੌਜੀਆਂ ਸੁਣੇ ਜਾਂ ਦਿਲਬੇਧਕ ਬਾਕੇ।
ਗਰਜੇ ਪੁੱਤ ਪੰਜਾਬ ਦੇ ਸੱਟ ਸੀਨੇ ਖਾ ਕੇ।
ਚਾਰ ਹਜ਼ਾਰ ਜੁਆਨ ਸਿੱਖ ਅਣਖੀਲੇ ਬਾਂਕੇ।
ਬਾਗੀ ਹੋ ਗਏ ਫੌਜ ਤੋਂ ਡਰ ਮੌਤ ਭੁਲਾ ਕੇ।

ਪੂਰੀ ਕਮਾਂਡਰ ਮਾਰਿਆ ਗੁੱਸੇ ਵਿਚ ਆ ਕੇ।
ਤੁਰੇ ਰਾਮਗੜ੍ਹ ਛੌਣੀਓਂ ਹਥਿਆਰ ਉਠਾ ਕੇ।
ਯੂ.ਪੀ. ਪੁਲ ਤੇ ਘੇਰ ਲਏ ਲਾ ਫੌਜਾਂ ਨਾਕੇ।
ਪੈਂਤੀ ਗਭਰੂ ਮਾਰਤੇ ਸਿੱਖ ਗ਼ੈਰ ਜਣਾ ਕੇ।

12. ਜੋ ਬਚ ਨਿਕਲੇ ਫੌਜ ਤੋਂ ਸੀ ਆਪ ਬਚਾ ਕੇ।
ਬੱਸਾਂ ਅਤੇ ਟਰੱਕ ਨਾਲ ਲੈ ਚੱਲੇ ਭਜਾ ਕੇ।
ਰਾਜਸਥਾਨ ਸਰਹੱਦ ਤੇ ਫਿਰ ਘਿਰ ਗਏ ਆ ਕੇ।
ਉਨ੍ਹਾਂ ਵਿਚੋਂ ਹੋਰ ਜੁਆਨ ਸੌ ਮਾਰ ਮੁਕਾ ਕੇ।
ਇਕ ਸੌ ਛੱਬੀ ਜ਼ਿੰਦਿਆਂ ਨੂੰ ਬੰਦੀ ਬਣਾ ਕੇ।
ਲੈ ਗਏ ਜ਼ਖਮੀ ਸਹਿਕਦੇ ਗੱਡੀਏਂ ਸੁਟਵਾ ਕੇ।
ਹਿੰਦੀ ਫਿਰਕੂ ਫੌਜ ਨੇ ਸਭਿਯ ਨਿਯਮ ਭੁਲਾ ਕੇ।
ਜ਼ੁਲਮ ਪੰਜਾਬੀ ਸਿੱਖਾਂ ਤੇ ਕੀਤੇ ਲੱਜ ਲਾਹ ਕੇ।

13. ਹੋਣ ਜਦੋਂ ਰੱਤ ਪੀਣੀਆਂ ਸਿਰ ਤੇ ਸਰਕਾਰਾਂ।
ਜਨਤਾ ਹੋਈ ਅਧੀਰ ਨੂੰ ਨ ਮਿਲਦੀਆਂ ਠਾਹਰਾਂ।
ਕੀਤੇ ਜੋ ਮਖਲੂਕ ਤੇ ਅਤਿ ਕਹਿਰ ਕਹਾਰਾਂ।
ਸੁਣ ਸੁਣ ਸੀਨਾ ਫਾਟਦਾ ਜ਼ੁਲਮਾਂ ਦੀਆਂ ਕਾਰਾਂ।
ਇੱਕੀ ਬੱਚੇ ਚਾਰ ਸਾਲ ਤੋਂ ਉਮਰ ਗਿਆਰਾਂ।
ਦਹਿਸ਼ਤਵਾਦੀ ਖ਼ਤਰਨਾਕ ਗਰਦਾਨ ਗਵਾਰਾਂ।
ਸੁੱਟਿਆ ਕਰੜੀ ਕੈਦ ਵਿਚ ਮਾਸੂਮ ਲਾਚਾਰਾਂ।
ਅੱਧ ਪੁਲਕਾਏ ਗੁੰਚਿਆਂ ਦਾਹਿਆ ਅੰਗਿਆਰਾਂ।

14. ਆਈਆਂ ਦੋ ਦਰਬਾਰ ਸਾਹਿਬ ਕੁੜੀਆਂ ਮੁਟਿਆਰਾਂ।
ਲਈਆਂ ਚੁੱਕ ਦਰਿੰਦਿਆਂ ਬਦਨੀਤ ਮੱਕਾਰਾਂ।
ਅਣਦੱਸੀ ਥਾਂ ਲੈ ਗਏ ਅੱਬਲਾ ਬੇਜ਼ਾਰਾਂ।
ਘਰ ਨੂੰ ਹੀ ਸੰਨ੍ਹ ਲਾ ਲਈ ਖੁਦ ਪਹਿਰੇਦਾਰਾਂ।
ਕੋਮਲ ਅਣਛੋਹ ਫੁੱਲਾਂ ਨੂੰ ਬਿੰਨ੍ਹ ਸੁਟਿਆ ਖਾਰਾਂ।
ਮੁੜ ਕਿਧਰੋਂ ਨ ਲੱਭੀਆਂ ਰੋਂਦੇ ਪਰਵਾਰਾਂ।

ਬਾੜਾਂ ਖਾਵਣ ਖੇਤ ਨੂੰ ਭਾਰਤਿ ਸਰਕਾਰਾਂ।
ਆਈ ਵੋਮਨ ਜਰਮਨੀ ਦਰਬਾਰ ਦਿਦਾਰਾਂ।
ਵਿਆਹੀ ਸੀ ਪੰਜਾਬ ਵਿਚ ਘਰ ਸਿੱਖ ਸਰਦਾਰਾਂ।
ਪਕੜ ਲਈ ਹਰਿਮੰਦਰੋਂ ਬਦਬਰ ਬਦਕਾਰਾਂ।
ਪਾਸਪੋਰਟ ਖੋਹ ਪਾੜਤਾ ਕਰਕੇ ਕੁੱਟ-ਮਾਰਾਂ।
ਫੜ ਕੇ ਜੇਲ੍ਹ ਧਕੇਲਤੀ ਹਿੰਦੀ ਨਿਆਂਕਾਰਾਂ।

15. ਫੇਰ ਫੌਜ ਤੇ ਪੁਲਸ ਦੇ ਵਹਿਸ਼ੀ ਖੂੰਖਾਰਾਂ।
ਕਹਿਰ ਸੀ ਢਾਹਿਆ ਪਿੰਡਾਂ ਤੇ ਵੜ ਵਿਚ ਪਰਵਾਰਾਂ।
ਕਹਿੰਦੇ : ਫੜਨੇ ਖਾੜਕੂ ਲੱਭਣਾ ਹਥਿਆਰਾਂ।
ਧੂਹੇ ਵਾਲੋਂ ਪਕੜ ਕੇ ਰੁਲੀਆਂ ਦਸਤਾਰਾਂ।
ਕੁੱਟ ਕੁੱਟ ਕੇ ਹੱਡ ਤੋੜਤੇ ਵਾਹ ਡਾਂਗ ਮੁਹਤਾਰਾਂ।
ਜੁਰਮਿਕਬਾਲ ਕਰਾਉਣ ਲਈ ਸਾੜੇ ਅੰਗਿਆਰਾਂ।
ਤੀਜਾ ਦਰਜਾ ਢੰਗ ਹੀ ਵਰਤੇ ਹਰ ਵਾਰਾਂ।
ਬਹੁਤੇ ਜਾਨੋਂ ਮਰ ਗਏ ਮੋਹਲਿਆਂ ਦੀਆਂ ਮਾਰਾਂ।
ਬਖਸ਼ੇ ਬੁੱਢੇ ਬਾਲ ਨ ਖਿੱਚ ਤੁਰੇ ਬਿਮਾਰਾਂ।
ਅੰਬਰ ਕੇਰੇ ਅੱਥਰੂ ਤੱਕ ਅਤਿਆਚਾਰਾਂ।

16. ਸੜਕ ਤੁਰੇ ਜਾ ਰਹੇ ਸੀ ਪੇਂਡੂ ਨਰਨਾਰਾਂ।
ਬਾਲ ਬੁੱਢੇ ਸੰਗ ਯੁਵਤੀਆਂ ਕੁਝ ਸੋਲਾਂ ਠਾਰਾਂ।
ਸੜਕੋਂ ਲਹਿ ਕੇ ਤੁਰਨ ਲਈ ਡਾਂਟਿਆ ਜੱਬਾਰਾਂ।
ਤੁਰੇ ਪੈਲੀਆਂ ਵਿਚ ਦੀ ਚੁੱਕੇ ਸਿਰ ਭਾਰਾਂ।
ਆਖ : ਭਗੌੜੇ ਖਾੜਕੂ ਉਜੜੇ ਪਰਵਾਰਾਂ।
ਢੇਰੀ ਕਰਤਾ ਪਲਾਂ ਵਿਚ ਕਰ ਫਾਇਰ ਬੁਛਾਰਾਂ।
ਭੁੰਨਿਆਂ ਆਪਣੀ ਫੌਜ ਨੇ ਆਪਣੇ ਵਾਹੀਕਾਰਾਂ।
ਹੋਰ ਹਿਮਾਇਤੀ ਬਣੇ ਕੌਣ ਜੋ ਸੁਣੇ ਪੁਕਾਰਾਂ।

17. ਇਸ ਤਰ੍ਹਾਂ ਦੇ ਘੋਰ ਜ਼ੁਲਮ ਜਦ ਹੋਵਣ ਡਹਿ ਗਏ।
ਦਰਦਾਂ ਵਾਲੇ ਦਿਲ ਤਦੋਂ ਸੋਚਾਂ ਵਿਚ ਪੈ ਗਏ।

ਸੁੱਝੇ ਕੋਈ ਹੱਲ ਨ ਵਹਿਣਾਂ ਵਿਚ ਵਹਿ ਗਏ।
ਜ਼ੁਲਮ ਸਿਤਮ ਸਰਕਾਰ ਦੇ ਸਿੱਖ ਸੀਨੇ ਦਹਿ ਗਏ।
ਫਿਦਾ ਪਚਾਸੀ ਫੀਸਦੀ ਫਿਰ ਫਾਡੀ ਰਹਿ ਗਏ।
ਦਿਲੇ ਬਰਮ ਬੇਅੰਤ ਦੇ ਬੇਅੰਤਾਂ ਪੈ ਗਏ।
ਸਹਿ ਸਕਿਆ ਨ ਖਾਲਸਾ ਲੀਡਰ ਤਾਂ ਸਹਿ ਗਏ।
ਦਰਦ ਜਿਨ੍ਹਾਂ ਨੂੰ ਕੌਮ ਦਾ ਕੋਈ ਵਿਰਲੇ ਹੈਗੇ।
ਫੇਲ੍ਹ ਪਾਸ ਹੋ ਜਾਣ ਦੇ ਅੱਜ ਪਰਚੇ ਪੈ ਗਏ।
ਜਾਪੇ ਜਿੱਦਾਂ ਜੀਣ ਦੇ ਦਿਨ ਥੋੜੇ ਰਹਿ ਗਏ।

18. ਕੌਮ ਹਿਤੂ ਬੇਅੰਤ ਸਿੰਘ ਅਣਖੀ ਆਚਾਰੀ।
ਰਹਿਣ ਲੱਗਾ ਬੇਚੈਨ ਸੀ ਦਿਲ ਚਿੰਤਤ ਭਾਰੀ।
ਨਾ ਸੌਂਦਾ ਨਾ ਖਾਂਵਦਾ ਭੁਖ ਨੀਂਦ ਵਿਸਾਰੀ।
ਹਿੰਦ ਫੌਜ ਨੇ ਸਿੱਖ ਕੌਮ ਗਿਣ ਮਿਥ ਕੇ ਮਾਰੀ।
ਕਲਗੀਧਰ ਦੇ ਪੰਥ ਦੀ ਦਸਤਾਰ ਉਤਾਰੀ।
ਸਭ ਪੰਜਾਬ-ਦੁਖਾਂਤ ਦੀ ਜੋ ਜ਼ੁੰਮੇਵਾਰੀ।
ਆਉਂਦੀ ਇੰਦਰਾ ਗਾਂਧੀ ਤੇ ਸਾਰੀ ਦੀ ਸਾਰੀ।
ਫਰਾਮੋਸ਼ ਅਹਿਸਾਨ ਹੈ ਇਹ ਸੰਗਦਿਲ ਨਾਰੀ।
ਪੰਥ ਦੀਆਂ ਕੁਰਬਾਨੀਆਂ ਭੁੱਲ ਗਈ ਹੰਕਾਰੀ।
ਵਫਾਦਾਰ ਸਿੱਖ ਕੌਮ ਏਸ ਹੱਕ ਮੰਗਦੀ ਮਾਰੀ।
ਸਿੱਖ ਸਿਤਮ ਸਿਰ ਸਹੇ ਨਾ, ਨਾ ਕਰੇ ਕਹਾਰੀ।
ਮੈਂ ਕੀ ਸਿੱਖ? ਜੇ ਸਿਰ ਚੜ੍ਹੀ ਨਾ ਭਾਜੀ ਤਾਰੀ।

19. ਦਿਨ ਦਿਨ ਵਧਦੇ ਦਰਦ ਨੇ ਅਤਿ ਦਿਲ ਤੜਫਾਇਆ।
ਦੇਖਣ ਹਾਲ ਪੰਜਾਬ ਦਾ ਦਿੱਲੀ ਤੋਂ ਧਾਇਆ।
ਪਹੁੰਚ ਪੰਜਾਬੇ ਜਲਦ ਹੀ ਅੰਮ੍ਰਿਤਸਰ ਆਇਆ।
ਜਦ ਪਾਵਨ ਅਸਥਾਨ ਦਾ ਉਸ ਦਰਸ਼ਨ ਪਾਇਆ।
ਦੇਖਿਆ ਲਗ ਲਗ ਗੋਲੀਆਂ ਸੋਨਾ ਪਿਘਲਾਇਆ।

ਤੱਕਿਆ ਤਖਤ ਅਕਾਲ ਸੀ ਤੋਪਾਂ ਦਾ ਢਾਹਿਆ।
ਸਰ ਸਰੋਵਰ ਵਿਚ ਪੈ ਪਾਣੀ ਗੰਧਲਾਇਆ।
ਦੇਖ ਦੁਖੀ ਅਤਿ ਹੋ ਗਿਆ ਝੁਰ ਸਿਰ ਚਕਰਾਇਆ।
ਹੋਸ਼ ਕਾਇਮ ਕਰ ਆਪ ਤੇ ਉਸ ਕਾਬੂ ਪਾਇਆ।
ਕੇਰੇ ਹੰਝੂ ਰੱਤ ਦੇ ਗੁੱਸੇ ਤਨ ਤਾਇਆ।
ਬੱਬਰ ਸ਼ੇਰ ਦਹਾੜਿਆ ਅੰਬਰ ਲਰਜਾਇਆ।

20. ਰਖਸ਼ਕ ਫੌਜਾਂ ਬਣਨ ਜਾਂ ਨਰਭਖਸ਼ੀ ਡਾਇਣਾਂ।
ਸਹਿਤ ਬੱਚਿਆਂ ਮਾਰਨਾ ਕੱਢ ਘਰੋਂ ਮਹਾਇਣਾ।
ਭਾਲ ਭਾਲ ਇਕ ਵਰਗ ਦੇ ਬੰਦਿਆਂ ਨੂੰ ਦਹਿਣਾ।
ਹਰਿਮੰਦਰ ਜੋ ਸਿੱਖਾਂ ਲਈ ਸ਼ਰਧਾ ਦਾ ਗਹਿਣਾ।
ਭੰਨ ਮਰਯਾਦਾ ਉਸ ਨੂੰ ਤੋੜਨ ਆ ਪੈਣਾ।
ਪਾਵਨ ਤਖਤ ਅਕਾਲ ਦਾ ਤੋਪਾਂ ਨਾਲ ਢਹਿਣਾ।
ਜ਼ਾਲਮ ਕਰਕੇ ਜ਼ੁਲਮ ਇਹ ਚਾਹੇ ਬਚ ਰਹਿਣਾ।
ਬਰਦਾਸ਼ਤ ਤੋਂ ਬਾਹਰ ਹੈ ਗੁਰਸਿੱਖ ਲਈ ਸਹਿਣਾ।
ਮੇਰਾ ਅੱਜ ਲਲਕਾਰ ਕੇ ਦੁਨੀਆਂ ਨੂੰ ਕਹਿਣਾ।
ਹਰਗਿਜ਼ ਬਦਬਰ ਮਾਰ ਕੇ ਮੈ ਬਦਲਾ ਲੈਣਾ।

21. ਗਹਿਰੇ ਦਿਲ ਦੇ ਧਰਮ ਨੂੰ ਸਬਰਾਂ ਸੰਗ ਸੀਤਾ।
ਵਾਪਸ ਦਿੱਲੀ ਪਰਤਿਆ ਉਹ ਭਰਿਆ ਪੀਤਾ।
ਕੇਹਰ ਸਿੰਘ ਦਿਲਦਾਰ ਨੂੰ ਆ ਮਿਲਿਆ ਚੁਪੀਤਾ।
ਦਸਿਆ ਹਿੰਦ ਸਰਕਾਰ ਦਾ ਬਦਕਰਮ ਅਨੀਤਾ।
ਜਲਦੀ ਉਸ ਦੀ ਮਦਦ ਨਾਲ ਉਪਰਾਲਾ ਕੀਤਾ।
ਪੰਜ ਪਿਆਰੇ ਸਿੰਘਾਂ ਤੋਂ ਅੰਮ੍ਰਿਤ ਛੱਕ ਲੀਤਾ।
ਨਾਲ ਲਿਆ ਸਤਵੰਤ ਸਿੰਘ ਅਲਬੇਲਾ ਚੀਤਾ।
ਸ਼ਾਨ ਬਚਾਈਏ ਦੇਸ਼ ਦੀ ਆ ਮੇਰੇ ਮੀਤਾ।
ਆਪ-ਸਮਰਪਣ ਕੌਮ ਲਈ ਦੋਹਾਂ ਨੇ ਕੀਤਾ।
ਦਹਿਣਾ ਇੰਦਰਾ ਅਧਮ ਨੂੰ ਬਣ ਮੌਤ ਪਲੀਤਾ।

22. ਅਕਤੂਬਰ ਦੀ ਚਵੀ ਨੂੰ ਦੋਇ ਵਤਨ ਪੁਜਾਰੀ।
ਪੀ ਕੇ ਪਾਹੁਲ ਖੰਡੇ ਦੀ ਹੋਇ ਅੰਮ੍ਰਿਤਧਾਰੀ।
ਨਿਯਮ ਸਿੱਖੀ ਅਪਨਾ ਲਏ ਸਿੰਘ ਪੰਜ ਕਕਾਰੀ।
ਗੁਰਸਿੱਖ ਬਣ ਕੇ ਬਦਲਿਆ ਜੀਵਨ ਸੰਸਾਰੀ।
ਸੋਚ, ਸਹਿਜ, ਵਿਚ ਆ ਗਈ ਤਬਦੀਲੀ ਭਾਰੀ।
ਜਾਪੇ ਸਭ ਕੁਝ ਬਦਲਿਆ ਹਰ ਬਾਤ ਨਿਆਰੀ।
ਮੇਰ ਤੇਰ ਲਬ ਲੋਭ ਦੀ ਹੋਈ ਦੂਰ ਬੀਮਾਰੀ।
ਚੜ੍ਹੀ ਰਹੇ ਦਿਨ ਰਾਤ ਹੀ ਹੁਣ ਪ੍ਰੇਮ ਖੁਮਾਰੀ।
ਛੇ ਦਿਨ ਕਰ ਕਰ ਮਸ਼ਵਰੇ ਗੱਲ ਸੋਚੀ ਸਾਰੀ।
ਪੂਰੀ ਪੂਰੀ ਜਾਂਚ ਕੇ ਕਰ ਲਈ ਇਨਕੁਆਰੀ।

23. ਡੇਟ ਇਕੱਠੀ ਆ ਗਈ ਮਨ ਭਇਆ ਹੁਲਾਸਾ।
ਇਕ ਚਿਤ ਹੋ ਕੇ ਯੋਧਿਆਂ ਕੀਤਾ ਅਰਦਾਸਾ।
ਸਤਿਗੁਰ ਬਾਜਾਂ ਵਾਲਿਆ ਤੇਰਾ ਭਰਵਾਸਾ।
ਪੂਰੀ ਕਰ ਦੇ ਦਾਤਿਆ ਦਾਸਾਂ ਦੀ ਆਸਾ।
ਮੰਗਦੇ ਤੇਰੇ ਦੁਆਰ ਤੋਂ ਹੱਥ ਫੜ ਕੇ ਕਾਸਾ।
ਅਮਰ ਹੋਣ ਦੀ ਸੇਵਕਾਂ ਜਾਗੀ ਜਗਿਆਸਾ।
ਪ੍ਰੇਮ ਪਿਆਲੇ ਪੀਣ ਨੂੰ ਮਨ ਰਹੇ ਪਿਆਸਾ।
ਸਾਦਿਕ ਸੇਵਕ ਸਮਝਦੇ ਹੋਣੀ ਨੂੰ ਹਾਸਾ।
ਮੌਤ ਮਖਾਣਾ ਜਾਪਦੀ ਦੁਖ ਦਰਦ ਪਤਾਸਾ।
ਜੋਬਨ ਰੁੱਤੇ ਮਰਨ ਦਾ ਮਨ ਰੋਸ ਨ ਮਾਸਾ।
ਦੁਨੀਆਂ ਨੂੰ ਦਿਖਲਾਵਣਾ ਅੱਜ ਅਜਬ ਤਮਾਸ਼ਾ।
ਕਰੀਏ ਨਾਰ ਪਿਸਾਚ ਦਾ ਨਰਕਾਂ ਵਿਚ ਵਾਸਾ।

24. ਇੰਦਰਾ ਗਾਂਧੀ ਹਿੰਦ ਦੀ ਤਾਕਤ ਹਥਿਆ ਕੇ।
ਬੰਨ੍ਹਦੀ ਦਾਈਏ ਦੂਰ ਦੇ ਰੱਬ ਖੌਫ ਭੁਲਾ ਕੇ।
ਫਿਲਮਸਾਜ਼ ਬਿਰਟੇਨ ਤੋਂ "ਪੀਟਰ" ਸਦਵਾ ਕੇ।
ਰੱਖਣੀ ਚਾਹੁੰਦੀ ਜ਼ਿੰਦਗੀ ਹੁਸਨਲ ਫਿਲਮਾ ਕੇ।

ਸੋਹਣਾ ਰੂਪ ਨਿਖਾਰਿਆ ਛਾਵਰ ਤਲ ਨ੍ਹਾ ਕੇ।
ਫੂਲਾ ਸੀਸ ਸਵਾਰਿਆ ਬਾਵਰੀਆਂ ਵਾਹ ਕੇ।
ਸੈਂਡਲ ਸਾਹੜੀ ਪੈਰਸੋਂ ਪਹਿਨੇ ਮੰਗਵਾ ਕੇ।
ਸੋਲਾਂ ਸਾਲੀ ਜਾਪਦੀ ਲਿਪ ਸੁਰਖੀ ਲਾ ਕੇ।
ਸਜ ਧੰਜ ਨਿਕਲੀ ਕੋਠੀਓਂ ਸੰਗ ਸਾਥ ਮਿਲਾ ਕੇ।
ਉਤਸੁਕ ਫਿਲਮ ਬਨਾਉਣ ਲਈ ਦਿਲ, ਦਫਤਰ ਜਾ ਕੇ।
ਮਟਕ ਮਟਕ ਮਗਰੂਰ ਨਾਰ ਚਲਦੀ ਨਸ਼ਿਆ ਕੇ।
ਐਪਰ ਅਜ਼ਲ ਉਡੀਕਦੀ ਪਈ ਘਾਤ ਲਗਾ ਕੇ।

25. ਓਧਰ ਸਿੰਘ ਸੁਚੇਤ ਸੀ ਰਾਹ ਤਾਕ ਲਗਾਈ।
ਬਿਜਲੀ ਨਾਲੋਂ ਚੁਸਤ ਤੇਜ਼ ਦੋਇ ਬੀਰ ਸਿਪਾਹੀ।
ਬਲੀ, ਪ੍ਰੂਤ, ਖੰਕਾਲ ਦੇ ਹੋਣੀ ਦੇ ਭਾਈ।
ਖੜ ਗਏ ਸਿਸਤਾਂ ਜੋੜ ਕੇ ਨ ਅੱਖ ਫਰਕਾਈ।
ਨੌਂ ਵਜ ਕੇ ਪੰਜ ਮਿੰਟ ਤੇ ਚੱਲ ਇੰਦਰਾ ਆਈ।
ਧਰਮਬੀਰ ਬੇਅੰਤ ਸਿੰਘ ਝੱਟ ਕਰਕੇ ਧਾਈ।
ਛੱਡੀਆਂ ਪੰਜ ਪਸਤੌਲ ਚੋਂ ਲੱਕ ਸਿਸਤ ਲਗਾਈ।
ਖਾ ਕੇ ਨਾਰ ਭਵਾਂਟਣੀ ਮਰਦੀ ਚਿਲਲਾਈ।
ਤੁਰੰਤ ਸ਼ੇਰ ਸਤਵੰਤ ਨੇ ਫੁਰਤੀ ਦਿਖਲਾਈ।
ਗੋਲੀ ਗੁੱਸਾ ਖਾ ਕੇ ਮੀਂਹ ਵਾਂਗ ਵਰ੍ਹਾਈ।
ਬੋਟੀ ਬੋਟੀ ਜਿਸਮ ਦੀ ਰੂੰ ਵਾਂਗ ਉਡਾਈ।
ਰੂਹ ਦੋਖੀ ਦਰਬਾਰ ਦੀ ਜਮਲੋਕ ਪੁਚਾਈ।

26. ਬਾਂਕੇ ਬਲੀ ਬਹਾਦਰਾਂ ਸਿੰਘਾਂ ਸਰਦਾਰਾਂ।
ਖੰਡੇ ਬਾਟਿਓਂ ਪੀਤੀਆਂ ਜਿਨ੍ਹ ਅੰਮ੍ਰਿਤਧਾਰਾਂ।
ਪੈਦਾ ਕਰੇ ਅਕਾਲ ਨੇ ਹਿਤ ਪਰਉਪਕਾਰਾਂ।
ਦੰਡ ਦੇਣ ਲਈ ਜਾਬਰਾਂ ਜ਼ਾਲਮ ਬਦਕਾਰਾਂ।
ਨਿਆਇਸ਼ੀਲ ਜਦ ਰਹਿਣ ਨਾ ਚੁਣੀਆਂ ਸਰਕਾਰਾਂ।
ਧਰਮੀ ਰੂਹਾਂ ਆਉਂਦੀਆਂ ਦੰਡ ਦੇਣ ਜੱਬਾਰਾਂ।

ਬੇਅੰਤ ਸਤਵੰਤ ਸਿੰਘ ਮਿਲ ਬੀਰ ਜੁਝਾਰਾਂ।
ਕੌਮ, ਧਰਮ ਦੇ ਵਾਸਤੇ ਜੋ ਕਰੀਆਂ ਕਾਰਾਂ।
ਯਾਦ ਰਹਿਣੀਆਂ ਜੱਗ ਤੇ ਜੁਗ ਹੋਰ ਹਜ਼ਾਰਾਂ।
'ਨਰਗਿਸ' ਢਾਡੀ ਗਾਉਣਗੇ ਮਰਦਾਂ ਦੀਆਂ ਵਾਰਾਂ।

ਰਾਜ ਬਿਨਾ ਨਹਿਂ ਧਰਮ ਚਲੇ ਹੈਂ

ਮਹਾਂਬਲੀ, ਦਸਮੇਸ਼ ਦੇ ਖਾਲਸਾ ਜੀ!
ਤੇਰੀ ਅਣਖ ਨੂੰ ਸਾਰਾ ਜਹਾਨ ਜਾਣੇ।
ਪੱਛਮ ਪੂਰਬੋਂ ਉੱਤਰ ਤੋਂ ਦੱਖਣ ਤੋੜੀ,
ਜਾਣੇ ਏਸ਼ੀਆਂ ਯੂਰਪ ਯੂਨਾਨ ਜਾਣੇ।
ਜੈਨੀ, ਪਾਰਸੀ, ਬੋਧੀ ਤਮਾਮ ਜਾਨਣ,
ਭਲੀਭਾਂਤ ਹਿੰਦੂ ਮੁਸਲਮਾਨ ਜਾਣੇ।
ਤੇਰੀ ਦੇਸ਼ ਭਗਤੀ, ਪਰਉਪਕਾਰ ਤੇਰੇ,
ਦੇਖਣ ਵਾਲਾ ਸਭ ਤੈਨੂੰ ਮਹਾਨ ਜਾਣੇ।
ਐਪਰ ਰਾਜ ਬਾਝੋਂ ਘਟੀ ਕਦਰ ਤੇਰੀ,
ਏਸ ਗੱਲ ਦੀ ਕਰਨ ਵਿਚਾਰ ਕੌਮਾਂ।
ਬਿਨਾਂ ਰਾਜ ਮਹਿਫੂਜ਼ ਨ ਧਰਮ ਰਹਿੰਦਾ,
ਬਿਨਾਂ ਧਰਮ ਤੋਂ ਹੋਣ ਖੁਆਰ ਕੌਮਾਂ।
ਜਦੋਂ ਪਾਂਡਵਾਂ ਹਾਰਿਆ ਰਾਜ ਹੱਥੋਂ,
ਦੁਰਗਤਿ ਹੋਈ ਪੰਚਾਲੀ ਰਕਾਨ ਦੀ ਸੀ।
ਮਹਿਜ਼ ਛਣਕਣਾ ਬਣੀ ਹੱਥ ਫੜੀ ਰਹਿ ਗਈ,
ਭਾਰੀ ਗਦਾ ਜੋ ਭੀਮ ਭਲਵਾਨ ਦੀ ਸੀ।
ਅਰਜਨ ਬਲੀ ਤੋਂ ਭੀਲਾਂ ਨੇ ਬਾਣ ਖੋਹੇ,
ਭਾਵੇਂ ਧੋਹੀ ਗੰਡੀਵ ਦੇ ਤਾਣ ਦੀ ਸੀ।
ਹਰੀਚੰਦ, ਦਿੱਜ ਰਾਜ ਸੰਕਲਪ ਕਰਕੇ,
ਚਾਰੇ ਸੂਰ, ਰਾਖੀ ਕਬਰਸਤਾਨ ਦੀ ਸੀ।
ਰੁਲੀਆਂ ਪੈਰਾਂ ਵਿਚ ਗਲੀ ਦੇ ਕੱਖ ਬਣਕੇ,

ਰਾਜ-ਭਾਗ ਜੋ ਬੈਠੀਆਂ ਹਾਰ ਕੌਮਾਂ।
ਬਿਨਾਂ ਰਾਜ, ਮਹਿਫ਼ੂਜ਼ ਨ ਧਰਮ ਰਹਿੰਦਾ,
ਬਿਨਾ ਧਰਮ ਤੋਂ ਹੋਣ ਖ਼ੁਆਰ ਕੌਮਾਂ।
ਸਿੰਘਾਂ! ਤੈਨੂੰ ਸਵਰਾਜ ਦੀ ਬਖਸ਼ ਕਰ ਗਿਆ,
ਸੱਚਾ ਗੁਰੂ ਗਰੀਬ ਨਿਵਾਜ਼ ਤੇਰਾ।
ਰਹਿਣਾ ਖਤਰਿਆਂ ਵਿਚ ਹੈ ਧਰਮ ਤੇਰਾ,
ਹੁੰਦਾ ਕਾਇਮ ਨਹੀਂ ਜਦੋਂ ਤਕ ਰਾਜ ਤੇਰਾ।
ਭਾਵੇਂ ਤੂੰ ਹੈਂ ਬਿਗਾਨਿਆਂ ਲਈ ਲੜਦਾ,
ਐਪਰ ਕਰਦਾ ਨ ਕੋਈ ਲਿਹਾਜ਼ ਤੇਰਾ।
ਤੇਰੀ ਕੌਮ ਦੁਸ਼ਵਾਰੀਆਂ ਰਹੂ ਸਹਿੰਦੀ,
ਸਿਰ ਨਹੀਂ ਦਮਕਦਾ ਜਦੋਂ ਤੱਕ ਤਾਜ ਤੇਰਾ।
ਕਰ ਲੈ ਸਿੰਘਾ ਆਜ਼ਾਦੀ ਦੇ ਹੱਕ ਹਾਸਲ,
ਤੈਨੂੰ ਮੰਨਦੀਆਂ ਆਈਆਂ ਸਰਦਾਰ ਕੌਮਾਂ।
ਬਿਨਾਂ ਰਾਜ ਮਹਿਫ਼ੂਜ਼ ਨ ਧਰਮ ਰਹਿੰਦਾ,
ਬਿਨਾਂ ਧਰਮ ਤੋਂ ਹੋਣ ਖ਼ੁਆਰ ਕੌਮਾਂ।

ਸ੍ਵੈਅਭਿਮਾਨੀ

ਗਿਆ ਗੁਜ਼ਰਿਆ ਕੋਈ ਕਮਜ਼ੋਰ ਝੁਕਦਾ,
ਕੌਮਘਾਤੀ, ਬੇਗੈਰਤ ਗੱਦਾਰ ਅੱਗੇ।
ਹਯਾਹੀਣ ਜ਼ਮੀਰਫਰੋਸ਼ ਸ਼ੋਹਦੇ,
ਝੁਕਦੇ ਗ਼ੈਰ ਦੀ ਜ਼ਾਲਮ ਸਰਕਾਰ ਅੱਗੇ।
ਅਣਖੀ ਬੀਰ ਮੈਦਾਨ ਦੇ ਮਰਦ ਗਾਜ਼ੀ,
ਕਦੇ ਝੁਕੇ ਨਹੀਂ ਅੱਤਿਆਚਾਰ ਅੱਗੇ।
ਕਿਸੇ ਹੀਲੇ ਜੇ ਜਾਬਰ ਨ ਮੁੜੇ ਜ਼ੁਲਮੋਂ,
ਅਕਸਰ ਝੁਕੇ ਪ੍ਰਚੰਡ ਤਲਵਾਰ ਅੱਗੇ।
ਸਿੱਖ ਨੇਕ-ਦਿਲ ਅਸਲੀ ਇਨਸਾਨ ਜਿਹੜਾ,
ਡਰਦਾ ਆਪ ਨ ਕਿਸੇ ਡਰਾਂਵਦਾ ਏ।

ਮਾੜੀ ਸੰਗਤ ਤੋਂ ਸਦਾ ਗੁਰੇਜ਼ ਕਰਦਾ,
ਸੱਚੇ ਸੁੱਚਿਆਂ ਦੀ ਸੰਗਤ ਚਾਂਹਵਦਾ ਏ।

ਇਕ ਮਿਆਨ 'ਚ ਦੋ ਤਲਵਾਰਾਂ ਨਹੀਂ

ਜਿੱਥੇ ਆਸ਼ੀਆਨੇ ਬਾਜ਼ਾਂ ਸ਼ਿਕਰਿਆਂ ਦੇ,
ਉਸ ਪੇੜ ਤੇ ਬੁਲਬੁਲਾਂ ਗਾਉਂਦੀਆਂ ਨਹੀਂ।
ਸ਼ੀਹਾਂ, ਬਾਘਾਂ ਦਾ ਜਿਥੇ ਘੜਮੱਸ ਰਹਿੰਦਾ,
ਗਊਆਂ ਹਿਰਨੀਆਂ ਬੇਲੇ ਉਸ ਆਉਂਦੀਆਂ ਨਹੀਂ।
ਜਿਥੇ ਚੋਰ ਤੇ ਚਿਲਮਚੀ ਚੁਗਲ ਬਹਿੰਦੇ,
ਸਿੱਖ-ਸੰਤ ਨੂੰ ਮਹਿਫਲਾਂ ਭਾਉਂਦੀਆਂ ਨਹੀਂ।
ਦੇਸ਼-ਭਗਤ, ਇਮਾਨਫਰੋਸ਼ ਇਕੱਠੇ,
ਇਕ ਮਿਆਨ, ਦੋ ਤੇਗਾਂ ਸਮਾਉਂਦੀਆਂ ਨਹੀਂ।
ਘਟੀਆ ਸਮਝਦੇ, ਮਾਣ ਵੱਧ ਗਿਣਤੀਆਂ ਦੇ,
ਉਨ੍ਹਾਂ ਸਮਝਦਿਆਂ ਹੋਰ ਸਮਝਾਏ ਕਿਹੜਾ?
ਸਵਾ ਲੱਖ ਤੇ ਰਹੇ ਜੋ ਇਕ ਭਾਰੂ,
ਉਨ੍ਹਾਂ ਸ਼ੇਰਾਂ ਨੂੰ ਪਿੰਜਰੇ ਪਾਏ ਕਿਹੜਾ?

ਆਪਣਾ ਘਰ

ਪੈਦਾਵਾਰ ਜਿਥੇ ਸੂਖੇ ਜਿੰਦਿਆਂ ਦੀ,
ਕੌਮਾਂ ਮੁਸ਼ਕਿਲਾਂ ਦੇਖ ਘਬਰਾਉਂਦੀਆਂ ਨਹੀਂ।
ਜਿਹੜੀ ਕੌਮ ਬੇਅੰਤ ਸਤਵੰਤ ਸਿਰਜੇ,
ਉਥੇ ਕਦੇ ਕਮਜ਼ੋਰੀਆਂ ਆਉਂਦੀਆਂ ਨਹੀਂ।
ਜਿਨ੍ਹਾਂ ਕੌਮ ਦੀ ਅਣਖ ਤੋਂ ਫਿਦਾ ਹੋਣਾ,
ਰੂਹਾਂ ਲੀਡਰੀ ਲਈ ਲਲਚਾਉਂਦੀਆਂ ਨਹੀਂ।
ਜਿਥੇ ਰਾਜ ਮਹਾਰਾਜ ਰਣਜੀਤ ਜੈਸਾ,
ਅਸਰ ਉਸ ਥਾਂ ਰਿਸ਼ਵਤਾਂ ਪਾਉਂਦੀਆਂ ਨਹੀਂ।
ਅਸੀਂ ਦੱਸ ਦੇਈਏ ਦੁਨੀਆਂ ਵਾਲਿਆਂ ਨੂੰ,

ਸਿੱਖਾਂ ਆਪਣਾ ਮਹਿਲ ਉਸਾਰਨਾ ਏਂ।
'ਨਰਗਿਸ', ਖਾਲਸਾ ਰਾਜ ਬੈਕੁੰਠ ਵਰਗਾ,
ਜਿਸ ਦੇ ਵਿਚ ਹਰ ਵਰਗ ਸਤਿਕਾਰਨਾ ਏਂ।

ਸ਼ਿਕਾਰੀ

ਭਾਂਬੜ ਤਮ੍ਹਾਂ ਦੇ ਭੜਕਦੇ ਜਿਨ੍ਹਾਂ ਅੰਦਰ,
ਉਨ੍ਹਾਂ ਤੜਪਦੇ ਦਿਲਾਂ ਨੂੰ ਠਾਰਨਾ ਕੀ?
ਜਿਨ੍ਹਾਂ ਦੇਸ਼ ਨੂੰ ਲੁੱਟਣ ਤੇ ਲੱਕ ਬੱਧਾ,
ਦੱਸੋ ਦੇਸ਼ ਨੂੰ ਉਨ੍ਹਾਂ ਉਸਾਰਨਾ ਕੀ?
ਲਲਿਤਾ, ਲਾਲੂ, ਸੁਖਰਾਮ ਨਰਸਿੰਮਹਾਂ ਜਿਹਿਆਂ,
ਭਾਰਤਵਰਸ਼ ਨੂੰ ਭਵਜਲੋਂ ਤਾਰਨਾ ਕੀ?
ਸ਼ੀਹਾਂ, ਸ਼ਿਕਰਿਆਂ, ਛੇਲੇ ਸ਼ਿਕਾਰ ਕਰਨੇ,
ਲੋਭੀ ਲੀਡਰਾਂ ਦਰੀਂ ਪੁਕਾਰਨਾ ਕੀ?
ਭਾਰਤ ਭੂਮੀ ਦਰਵੇਸ਼ਾਂ ਦੇ ਦੇਸ਼ ਅੰਦਰ,
ਬੋਲਬਾਲਾ ਸੀ ਰੱਬ ਮੁਤਲਾਸ਼ੀਆਂ ਦਾ।
ਅੱਜ ਕੰਸ ਤੇ ਰੌਣ ਦਾ ਰਾਜ ਬਣਿਆ,
'ਨਰਗਿਸ', ਰੱਬ ਰਾਖਾ ਭਾਰਤ ਵਾਸੀਆਂ ਦਾ।

ਅਣਖੀਲੇ ਪੰਜਾਬੀ ਯੋਧੇ

ਸਦਕੇ ਪੰਜਾਬ ਦਿਆ ਗੱਭਰੂ ਲਾਸਾਨੀਆਂ।
ਜੁਗ ਜੁਗ ਜੀਵੇਂ ਸ਼ਾਲਾ ਮਾਣੇ ਤੂੰ ਜੁਆਨੀਆਂ।
ਤੇਰੀਆਂ ਨੇ ਧੁੰਮਾਂ ਪਈਆਂ ਦੂਲਿਆ ਜਹਾਨ ਤੇ।
ਧਾਂਕ ਹੈ ਬਹਾਦਰੀ ਦੀ ਯੂਰਪ ਯੂਨਾਨ ਤੇ।
ਪੋਰਸ ਹਠੀਲੇ ਦੀਆਂ ਯਾਦਾਂ ਨਹੀ ਭੁਲਾਣੀਆਂ।
ਸਦਕੇ ਪੰਜਾਬ ਦਿਆ ਗੱਭਰੂ ਲਾਸਾਨੀਆਂ।
ਨਲੂਏ ਦੀ ਤੇਗ ਅਜੇ ਵੈਰੀ ਨੂੰ ਵੰਗਾਰਦੀ,
ਦੱਸਦੀ ਕਹਾਣੀ ਗੂਹੜੇ ਦੇਸ਼ ਦੇ ਪਿਆਰ ਦੀ।

ਅੱਖ ਨ ਉਠਾਈ ਮੁੜ ਭੁੱਲ ਕੇ ਦੁਰਾਨੀਆਂ।
ਸਦਕੇ ਪੰਜਾਬ ਦਿਆ ਗੱਭਰੂ ਲਾਸਾਨੀਆਂ।

ਕੱਲ੍ਹ ਦੀ ਕਹਾਣੀ ਅਜੇ ਊਧਮ ਦਲੇਰ ਦੀ।
ਭਗਤ, ਸਰਾਭੇ ਵਾਲੀ ਗੱਲ ਨਹੀਓਂ ਦੇਰ ਦੀ।
ਹਿੰਦ ਚੋਂ ਹਿਲਾਤਾ, ਗੋਰੇ ਇੰਗਲਿਸਤਾਨੀਆਂ।
ਸਦਕੇ ਪੰਜਾਬ ਦਿਆ ਗੱਭਰੂ ਲਾਸਾਨੀਆਂ।

ਗੈਰਤ ਬਿਅੰਤ, ਸਤਵੰਤ ਸਿੰਘ ਸ਼ੇਰਾਂ ਦੀ।
ਸੁੱਖੇ, ਜਿੰਦੇ ਜੈਸੇ ਬੀਰਾਂ ਅਣਖੀ ਦਲੇਰਾਂ ਦੀ।
ਧਰਮ ਦੇ ਵਿਰੋਧੀ ਸੋਧੇ, ਵਾਲੀ ਰਾਜਧਾਨੀਆਂ।
ਸਦਕੇ ਪੰਜਾਬ ਦਿਆ ਗੱਭਰੂ ਲਾਸਾਨੀਆਂ।

ਹੋਵੇ ਜੇ ਦਲੀਲ ਤੇਰੀ ਪਰਬਤਾਂ ਨੂੰ ਤੋੜ ਦਏਂ।
ਚਾਹੇਂ ਜੇ ਵਹਿਣ ਦਰਿਆਵਾਂ ਦੇ ਵੀ ਮੋੜ ਦਏਂ।
'ਨਰਗਿਸ' ਜੀ, ਕਰੇਂ ਹਰ ਮੁਸ਼ਕਿਲਾਂ ਆਸਾਨੀਆਂ।
ਸਦਕੇ ਪੰਜਾਬ ਦਿਆ ਗੱਭਰੂ ਲਾਸਾਨੀਆਂ।
ਜੁਗ ਜੁਗ ਜੀਵੇਂ ਸ਼ਾਲਾ ਮਾਣੇ ਤੂੰ ਜਵਾਨੀਆਂ।



ਪ੍ਰਸੰਗ ਬੀਬੀ ਭਾਗਭਰੀ

ਪ੍ਰਸੰਗ ਬੀਬੀ ਭਾਗਭਰੀ

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅਨੰਦਪੁਰ ਵਸਾਉਣ ਤੋਂ ਬਾਅਦ, ਗੁਰੂ ਗੋਬਿੰਦ ਸਿੰਘ ਜੀ ਨੇ, ਇਸ ਦੀ ਹਿਫਾਜ਼ਤ ਵਾਸਤੇ ਪੰਜ ਕਿਲ੍ਹੇ ਅਨੰਦਪੁਰ ਸਾਹਿਬ ਦੇ ਦੁਆਲੇ ਹੋਰ ਤਿਆਰ ਕਰਵਾਏ ਸਨ। ਕਿਲ੍ਹਾ ਅਨੰਦਗੜ੍ਹ, ਕਿਲ੍ਹਾ ਕੇਸਗੜ੍ਹ, ਕਿਲ੍ਹਾ ਹੋਲਗੜ੍ਹ, ਕਿਲ੍ਹਾ ਫਤਹਿਗੜ੍ਹ ਅਤੇ ਕਿਲ੍ਹਾ ਲੋਹਗੜ੍ਹ।

ਕਿਲ੍ਹਾ ਲੋਹਗੜ੍ਹ ਅਨੰਦਪੁਰ ਸਾਹਿਬ ਤੋਂ ਨੈਰਤ ਕੋਣ, ਇਕ ਮੀਲ ਦੀ ਵਿਥ ਤੇ ਸਥਿਤ ਹੈ। ਇਸ ਕਿਲ੍ਹੇ ਦੇ ਸਾਹਮਣੇ ਇਕ ਪੁਰਾਣਾ ਬੋਹੜ ਦਾ ਰੁੱਖ, ਜੋ ਬਹੁਤ ਵੱਡੇ ਵਿਸਥਾਰ ਵਾਲਾ ਸੀ, ਸੋਭਾ ਦੇ ਰਿਹਾ ਸੀ।

(ਸਾਕਾ)

ਪਿਆਰੀ ਪੁਰੀ ਅਨੰਦ ਦੀ ਗਿਰ ਸਿਖਰ ਸੁਹਾਏ।
ਜਿਥੇ ਗੁਰ ਦਸਮੇਸ਼ ਨੇ ਪੰਜ ਕਿਲ੍ਹੇ ਬਣਾਏ।
ਕਿਲ੍ਹੇ ਲੋਹਗੜ੍ਹ ਸਾਹਮਣੇ 'ਬੜ' ਸੋਭਾ ਪਾਏ।
ਛਾਇਆ ਠੰਢੀ ਸੰਘਣੀ ਫਲਿਆ ਬਹੁ ਭਾਏ।
ਉਪਰ ਪੰਛੀ ਚਹਿਕਦੇ, ਸੰਗੀਤ ਸੁਣਾਏ।
ਛਾਵੇਂ ਬੈਠਨ ਸੰਗਤਾਂ ਚੌਪਾਈਆਂ ਡਾਹੇ।
ਲਾਹੁਣ ਥਕੇਵੇਂ ਯਾਤਰੂ ਦਰਸ਼ਨ ਨੂੰ ਆਏ।
'ਨਰਗਿਸ', ਸਭ ਸੁਖ ਮਾਣਦੇ ਬਹਿ ਸੰਘਣੇ ਸਾਏ।

ਕੁਦਰਤ ਐਸੀ ਹੋਈ, ਇਸ ਬੋਹੜ ਦੇ ਪੱਤਰ, ਬਿਨਾਂ ਖਿਜ਼ਾ ਦੀ ਮੌਸਮ ਤੋਂ ਹੀ ਝੜਨ ਲੱਗ ਪਏ। ਹੌਲੀ ਹੌਲੀ ਸਾਰੀਆਂ ਸ਼ਾਖਾਂ ਹੀ ਸੱਖਣੀਆਂ ਹੋ ਗਈਆਂ। ਉਨ੍ਹਾਂ ਸਮਿਆਂ ਵਿਚ, ਸੰਗਤਾਂ ਦੇ ਆਰਾਮ ਕਰਨ ਵਾਸਤੇ ਮਕਾਨ ਜਾਂ ਗੁਰੂ ਘਰ ਹਾਲੇ ਨਹੀਂ ਬਣੇ ਸਨ। ਸੰਗਤਾਂ ਦੇ ਆਰਾਮ ਕਰਨ ਦੇ ਸਾਧਨ ਆਮ ਤੌਰ ਤੇ ਬਿਰਛ-ਬੂਟੇ ਹੀ ਹੁੰਦੇ ਸਨ। ਜਦੋਂ ਸਿੱਖ ਸੰਗਤਾਂ ਨੇ ਇਹ ਬੋਹੜ ਦਾ ਰੁੱਖ ਖੜ੍ਹ ਸੁਕ ਹੁੰਦਾ ਦੇਖਿਆ ਤਾਂ ਕੁਝ ਮਾਯੂਸ ਹੋ ਗਈਆਂ।

(ਬੈਂਤ)

ਕੁਦਰਤ ਵਰਤ ਗਈ ਬੋਹੜ ਤੇ ਖਿਜ਼ਾ ਆਈ,
ਪੱਤਰ ਝੜੇ ਸਭ ਸ਼ਾਖਾਂ ਕੁਮਲਾ ਗਈਆਂ।
ਸੁਕਦਾ ਸੁੱਕਿਆ ਪਰਤ ਨਾ ਹਰਾ ਹੋਇਆ,
ਮੁੜ ਕੇ ਰੁੱਤ ਬਹਾਰਾਂ ਵੀ ਆ ਗਈਆਂ।
ਸੋਹਣੀ ਸੱਥ ਦਾ ਰੁੱਖ ਸ਼ਿੰਗਾਰ ਸੀ ਇਹ,
ਸੁੱਕਾ ਸੰਗਤਾਂ ਦੇਖ ਵਿਸਮਾ ਗਈਆਂ।
ਸ਼ਿਕਵਾ ਕਰਨ ਸਿੱਖ ਨੇਚਰ ਨਿਰੰਕਾਰ ਦੀ ਤੇ,
'ਨਰਗਿਸ', ਦਿੱਲੀ ਉਦਾਸੀਆਂ ਛਾ ਗਈਆਂ।

ਸੰਮਤ 1755 ਦੀ ਵਿਸਾਖੀ ਆਉਣ ਵਾਲੀ ਸੀ। ਸਾਰੇ ਦੇਸ਼ ਚੋਂ ਸਿੱਖ ਸੰਗਤਾਂ ਕੁਝ ਦਿਨ ਪਹਿਲਾਂ ਹੀ ਅਨੰਦਪੁਰ ਸਾਹਿਬ ਆਉਣੀਆਂ ਸ਼ੁਰੂ ਹੋ ਗਈਆਂ। ਇਸ ਤੋਂ ਪਹਿਲੇ ਵਿਸਾਖੀ-ਪੁਰਬਾਂ ਸਮੇਂ ਸੰਗਤਾਂ ਇਸੇ ਬੋਹੜ ਹੇਠਾਂ ਬੈਠ ਕੇ ਆਰਾਮ ਕਰਿਆ ਕਰਦੀਆਂ ਸਨ।

ਚੇਤਰ ਦੇ ਮਹੀਨੇ, ਦਿਨ ਵੱਡੇ ਹੋ ਕੇ ਧੁੱਪਾਂ ਵੀ ਕੁਝ ਤਿੱਖੀਆਂ ਹੋਣ ਲੱਗਦੀਆਂ ਹਨ। ਵੈਸਾਖ ਦੇ ਸ਼ੁਰੂ ਹੁੰਦਿਆਂ ਗਰਮੀ ਕਾਫੀ ਵੱਧ ਜਾਂਦੀ ਹੈ। ਐਤਕਾਂ ਜਦੋਂ ਸੰਗਤਾਂ ਨੇ ਇਹ ਸੁਖਦਾਇਕ ਵੱਡੇ ਵਿਸਥਾਰ ਵਾਲਾ ਰੁੱਖ, ਪੱਤਰਹੀਣ ਤੇ ਸੁੱਕਿਆ ਦੇਖਿਆ ਤਾਂ ਕੁਝ ਮਾਯੂਸ ਹੋ ਗਈਆਂ। ਇਸ ਦੇ ਸੁੱਕ ਜਾਣ ਬਾਰੇ ਗੱਲਾਂ ਕਰਦਿਆਂ, ਇਕ ਸ਼ਰਧਾਲੂ ਗੁਰਸਿੱਖ ਨੇ ਆਪਣੀ ਸਲਾਹ ਸੰਗਤ ਨੂੰ ਦੱਸੀ, ਕਿ ਆਪਾਂ ਸਾਰਿਆਂ ਨੂੰ ਸਤਿਗੁਰਾਂ ਪਾਸ ਜਾ ਕੇ ਇਸ ਰੁੱਖ ਨੂੰ ਮੁੜ ਹਰਾ-ਭਰਾ ਕਰ ਦੇਣ ਲਈ ਬੇਨਤੀ ਕਰਨੀ ਚਾਹੀਦੀ ਹੈ। ਉਹ ਕ੍ਰਿਪਾਲੂ ਦਾਤੇ ਸੰਗਤ ਨੂੰ ਨਿਰਾਸ ਨਹੀਂ ਕਰਨਗੇ।

ਇਸ ਸੱਚੇ ਸ਼ਰਧਾਲੂ ਗੁਰਸਿੱਖ ਦੀ ਗੱਲ ਸੁਣਕੇ ਸਾਰੀ ਸੰਗਤ ਬਹੁਤ ਖੁਸ਼ ਹੋਈ। ਸਭ ਦੇ ਚੇਹਰਿਆਂ ਤੇ ਖੁਸ਼ੀ ਝਲਕਣ ਲੱਗੀ। ਪੂਰਨ ਇਤਕਾਦ ਨਾਲ ਗੁਰੂ ਜੀ ਵੱਲ ਚੱਲ ਪਏ ਅਤੇ ਚਰਨ ਬੰਦਨਾ ਕਰਕੇ ਬੇਨਤੀ ਕਰਨ ਲੱਗੇ।

(ਮਿਰਜ਼ਾ)

ਸਤਿਗੁਰ ਸੱਚੇ ਪਾਤਸ਼ਾਹ ਹੇ ਸੋਢੀ ਸੁਲਤਾਨ।
ਜਾਚਕ ਤੇਰੇ ਦੁਆਰ ਦੇ ਕਰੀਏ ਅਰਜ਼ ਬਿਆਨ।

ਤੂੰ ਸਾਹਿਬ ਸਮਰੱਥ ਹੈਂ ਤੇਰਾ ਤਾਣ ਮਹਾਨ।
ਤੁਧ ਭਾਵੇ ਤਾਂ ਹੋ ਸਕੇ ਮੁਸ਼ਕਿਲ ਕਾਜ ਆਸਾਨ।
ਜੇ ਤੁਧ ਭਾਵੇ ਪਾ ਦਏਂ ਮੁਰਦੇ ਅੰਦਰ ਜਾਨ।
ਸੁੱਕੇ ਕਾਸਟ ਭਏ ਹਰੇ ਬਾਣੀ ਦਾ ਫੁਰਮਾਨ।
ਮੰਨ ਦਾਸਾਂ ਦੀ ਬੇਨਤੀ ਹੇ ਪੂਰਨ ਭਗਵਾਨ।
ਬਿਰਛ ਹਰਾ ਮੁੜ ਕਰ ਦਿਉ ਦੇ ਦਾਤਾ ਵਰਦਾਨ।
ਆਉਣ ਬਹਾਰਾਂ ਪਰਤ ਕੇ ਦੇਖੇ ਕਲਾ ਜਹਾਨ।
'ਨਰਗਿਸ', ਸਾਡੀ ਬੇਨਤੀ ਕਰੋ ਆਪ ਪਰਵਾਨ।

ਹਰ ਇਕ ਜੜ੍ਹ-ਚੇਤਨ ਜੀਵ ਦੀ ਕੋਈ ਮੁਨਿਆਦ ਹੁੰਦੀ ਹੈ। ਜਿਸ ਦੇ ਪੂਰੀ ਹੋਣ ਤੇ ਹਰ ਜੀਵ ਸਮਾਪਤ ਹੋ ਜਾਂਦਾ ਹੈ। ਇਹ ਬੁੱਢਾ ਬੋਹੜ ਵੀ ਸ਼ਾਇਦ ਇਸ ਕਰਕੇ ਹੀ ਨਿਰਜਿੰਦ ਹੋ ਗਿਆ ਸੀ। ਪਰ ਗੁਰਸਿੱਖਾਂ ਦਾ ਵੀ ਆਪਣੇ ਗੁਰੂਦੇਵ ਤੇ ਅਟੱਲ ਵਿਸ਼ਵਾਸ ਸੀ। ਪੂਰਨ ਭਰੋਸੇ ਨਾਲ ਗੁਰ ਚਰਨਾਂ ਵਿਚ ਅਰਦਾਸ ਕੀਤੀ। ਦਾਤਾ ਜੀ ! ਆਪ ਕਰਨ ਕਾਰਨ ਸਮਰੱਥ ਹੋ। ਬਾਣੀ ਦਾ ਫੁਰਮਾਣ ਹੈ: (ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ॥) ਸੋ ਦਾਸਾਂ ਦੀ ਬੇਨਤੀ ਪ੍ਰਵਾਨ ਕਰਕੇ ਕਿਰਤਾਰਥ ਕਰੋ ਜੀ।

ਗਰੀਬ-ਨਿਵਾਜ਼ ਦਾਤੇ ਹਮੇਸ਼ਾਂ ਆਪਣੇ ਦਾਸਾਂ ਨੂੰ ਵਡਿਆਈਆਂ ਬਖਸ਼ਦੇ ਹਨ। ਇਸ ਵਾਰ ਵੀ ਕੁਝ ਅਜਿਹਾ ਹੀ ਚੋਜ ਕਰਨ ਲੱਗੇ। ਜਿਸ ਵੇਲੇ ਸਮੂਹ ਸੰਗਤਾਂ ਦਰਬਾਰ ਵਿਚ ਹਾਜ਼ਰ ਹੋ ਗਈਆਂ ਤਾਂ ਚੋਜੀ ਪ੍ਰੀਤਮ ਨੇ ਸੰਗਤਾਂ ਨੂੰ ਇਉਂ ਸੰਬੋਧਨ ਕੀਤਾ:

(ਕੋਰੜਾ)

ਸੰਗਤਾਂ ਦੀ ਕਰੀ ਬਿਨੈ ਪ੍ਰਵਾਨ ਜੀ।
ਬੋਲਦੇ ਮੁਖਾਰੋਂ ਸੋਢੀ ਸੁਲਤਾਨ ਜੀ।
ਪਾਵੇ ਕੋਈ ਅੱਜ ਸਨਮਾਨ ਸੁੰਦਰੀ।
ਹੋਵੇ ਪਤੀਬਰਤਾ ਸੁਜਾਨ ਸੁੰਦਰੀ।

ਸਤਿ ਦਾ ਬਿਹਾਰ ਰਖੇ ਨਾਲ ਸਭ ਦੇ।
ਵੱਡਿਆਂ ਨੂੰ ਸਮਝੇ ਸਮਾਨ ਰੱਬ ਦੇ।
ਮੰਨੇ ਜੋ ਪਤੀ ਨੂੰ ਭਗਵਾਨ ਸੁੰਦਰੀ।
ਹੋਵੇ ਪਤੀਬਰਤਾ ਸੁਜਾਨ ਸੁੰਦਰੀ।

ਪਤੀ ਦੀ ਭਲਾਈ-ਭੈੜ ਤੋਲੀ ਹੋਵੇ ਨਾ।
ਭੁੱਲਕੇ ਵੀ ਕਦੇ ਫਿੱਕਾ ਬੋਲੀ ਹੋਵੇ ਨਾ।
ਸੁਘੜ ਸਿਆਣੀ ਲੱਜਾਵਾਨ ਸੁੰਦਰੀ।
ਹੋਵੇ ਪਤੀਬਰਤਾ ਸੁਜਾਨ ਸੁੰਦਰੀ।

ਮੁੱਢ ਸੁੱਕੇ ਰੁੱਖ ਬਹਿ ਕਰੇ ਸਨਾਨ ਜੋ।
ਪੜ੍ਹੇ ਜਪੁ ਸਾਹਿਬ ਜੋੜ ਕੇ ਧਿਆਨ ਜੋ।
ਪਾਵੇ ਸੁੱਕੇ ਰੁੱਖ ਨਵੀਂ ਜਾਨ ਸੁੰਦਰੀ।
ਹੋਵੇ ਪਤੀਬਰਤਾ ਸੁਜਾਨ ਸੁੰਦਰੀ।

ਇਸ ਬਾਬਤ ਕਵੀ ਸੰਤੋਖ ਸਿੰਘ ਜੀ ਇਉਂ ਲਿਖਦੇ ਹਨ :

ਚਹੁੰਦਿਸ਼ ਦੂਰ ਦੂਰ ਲਗ ਬੈਸੇ। ਊਚੇ ਧੁਨ ਬੋਲੇ ਪ੍ਰਭ ਐਸੇ ।
ਅਸ ਇਸਤ੍ਰੀ ਕੋ ਸੰਗਤ ਮਾਹੀਂ। ਮਰਦ ਨਹੀ ਫਿਟਕਾਰਿਓ ਜਾਂਹੀਂ ।
ਛੋਟਾ-ਬਡਾ ਹੋਇ ਬੈਜ ਕੋਈ। ਰਿਦੇ ਸੁਮਤਿ ਧਰ ਕਹਿਓ ਨ ਕੋਈ ।

(ਰੁਤ 5, ਅੰਸੂ 7)

ਗੁਰੂ ਜੀ ਦਾ ਇਹ ਬਚਨ ਸੁਣਕੇ, ਸੰਗਤ ਵਿਚ ਬੈਠੀਆਂ ਬੀਬੀਆਂ ਸੋਚ ਰਹੀਆਂ ਸਨ, ਕਿ ਜੋ ਬਚਨ ਗੁਰੂ ਜੀ ਨੇ ਕੀਤੇ ਹਨ, ਕੀ ਅਸੀਂ ਉਨ੍ਹਾਂ ਮੁਤਾਬਿਕ ਦਰੁਸਤ ਹਾਂ ਕਿ ਗਲਤ ? ਪਰ ਕਿਸੇ ਵੀ ਲੜਕੀ ਨੇ ਬੋਲ ਕੇ ਕੋਈ ਜਵਾਬ ਨ ਦਿੱਤਾ।

ਸੰਗਤ ਮਾਹਿ ਸਿੱਖਨੀ ਜੇਤੀ।
ਗੁਰੂ ਬਾਕ ਸੁਨ ਤੂਸ਼ਨ ਤੇਤੀ।

ਗੁਰੂ ਜੀ ਨੇ ਸਾਰੀ ਸੰਗਤ ਨੂੰ ਦੁਬਾਰਾ ਫੇਰ ਬਚਨ ਬੋਲੇ :

(ਦੁਤਾਰਾ)

ਕੋਈ ਜਾਤ, ਵਰਣ, ਹੋਵੇ, ਭਾਵੇਂ ਕਿਸੇ ਦੇਸ਼ ਤੋਂ ਆਵੇ ।
ਸਤਿਵੰਤਿ ਨਾਰ ਹੋਵੇ, ਜਿਸ ਨੂੰ ਭਰਥਾ ਪ੍ਰੇਮ ਸੁਖਾਵੇ।
ਉਚ-ਵਰਣ, ਸ਼ੂਦਰਾਂ ਚੋਂ ਜਨਮੀ ਹੋਵੇ ਕਿਸੇ ਘਰਾਣੇ।
ਜੋ ਪਤੀ ਪਿਆਰੇ ਨੂੰ ਪਤਨੀ ਰੱਬ ਦਾ ਰੂਪ ਪਛਾਣੇ।

ਸਾਰੇ ਸੰਸਾਰ ਵਿਚੋਂ ਸੁੰਦਰ ਰੂਪ ਪਤੀ ਦਾ ਵੇਖੇ।
ਨਿਰਧਨ, ਧਨਵਾਨਾਂ ਦੇ, ਜਿਸਨੂੰ ਪੈ ਨ ਸਕਣ ਭੁਲੇਖੇ।
ਛੋਟਿਆਂ ਨੂੰ ਵੀਰ ਕਹੇ ਵੱਡਿਆਂ ਬਾਬਲ ਵਾਕ ਬਖਾਣੇ।
ਜੋ ਪਤੀ ਪਿਆਰੇ ਨੂੰ ਪਤਨੀ ਰੱਬ ਦਾ ਰੂਪ ਪਛਾਣੇ।

ਇਕ ਪੁਰਖ ਅਕਾਲ ਬਿਨਾ ਕਰੇ ਨਾ ਕਿਸੇ ਹੋਰ ਦੀ ਪੂਜਾ।
ਮਠ, ਮੜ੍ਹੀਆਂ, ਮੰਦਰਾਂ ਚੋਂ, ਭਾਲੇ ਹੋਰ ਦੇਵ ਨ ਦੂਜਾ।
ਦੋਇ ਦੁਖ-ਸੁਖ ਸਮ ਸਮਝੇ, ਰਾਜ਼ੀ ਰਹੇ ਸਦਾ ਵਿਚ ਭਾਣੇ।
ਜੋ ਪਤੀ ਪਿਆਰੇ ਨੂੰ ਪਤਨੀ ਰੱਬ ਦਾ ਰੂਪ ਪਛਾਣੇ।

ਤੱਕ ਦੀਨ, ਦੁਖੀ ਨੂੰ, ਜੋ ਨਾ ਉਪਕਾਰ ਕਰਨ ਤੋਂ ਸੰਗੇ।
ਮਾਲਕ ਦੇ ਦੁਆਰੇ ਤੋਂ ਨਿਤ ਦਿਨ ਖੈਰ ਸਭਸ ਦੀ ਮੰਗੇ।
ਭੁੱਲ ਬੁਰਾ ਕਿਸੇ ਦਾ ਵੀ ਸੋਚੇ ਨਾ ਜਾਣੇ-ਅਨਜਾਣੇ।
ਜੋ ਪਤੀ ਪਿਆਰੇ ਨੂੰ ਪਤਨੀ ਰੱਬ ਦਾ ਰੂਪ ਪਛਾਣੇ।

ਐਸੇ ਉੱਚ ਜੀਵਨ ਦੀ ਮਾਲਕ ਜੋ ਕੋਈ ਹੈ ਸੁਆਣੀ।
ਸੁੱਕੇ ਇਸ ਬਿਰਛ ਤਲੇ, ਕਰ ਇਸ਼ਨਾਨ ਪੜ੍ਹੇ ਗੁਰਬਾਣੀ।
ਅੰਮ੍ਰਿਤ ਸੰਚਾਰ ਕਰੇ, ਹੋਣੇ ਹਰੇ ਬਿਰਛ ਦੇ ਟਾਹਣੇ।
ਜੋ ਪਤੀ ਪਿਆਰੇ ਨੂੰ ਪਤਨੀ ਰੱਬ ਦਾ ਰੂਪ ਪਛਾਣੇ।

ਸਾਹਿਬ ਸਮਰੱਥ ਪੂਰਾ ਬਾਣੀ ਗੁਰੂਆਂ ਦੀ ਫੁਰਮਾਵੇ।
ਰੱਖ ਲਏ ਬਿਨ ਸਾਸਾਂ ਤੋਂ, ਜੇਕਰ ਉਸ ਮਾਲਕ ਨੂੰ ਭਾਵੇ।
'ਨਰਗਿਸ' ਅਰਦਾਸ ਕਰੇ, ਸੂਕੇ ਕਾਠ ਹਰੇ ਹੋ ਜਾਵੇ।
ਜੋ ਪਤੀ ਪਿਆਰ ਨੂੰ ਪਤਨੀ ਰੱਬ ਦਾ ਰੂਪ ਪਛਾਣੇ।

ਗੁਰੂ ਦਰਬਾਰ ਵਿਚ, ਬਹੁਤ ਵੱਡੀ ਤਾਦਾਦ ਵਿਚ ਸੰਗਤਾਂ ਜੁੜੀਆਂ ਸਨ। ਕਿਉਂਕਿ ਵਿਸਾਖੀ ਦਾ ਪ੍ਰਸਿੱਧ ਤਿਉਹਾਰ, ਜੋ ਗੁਰੂ ਜੀ ਹਰ ਸਾਲ ਉਚੇਚ ਨਾਲ ਮਨਾਉਂਦੇ ਸਨ। ਅਨੇਕ ਤਰ੍ਹਾਂ ਦੇ ਸਿੰਘਾਂ ਵਲੋਂ, ਦਰਸ਼ਕਾਂ ਨੂੰ, ਜੰਗੀ ਕਰਤਬ ਦਿਖਾਏ ਜਾਂਦੇ ਸਨ। ਇਸ ਕਰਕੇ ਸਾਰੇ ਹਿੰਦੁਸਤਾਨ ਦੇ ਦੇਸਾਂ ਵਿਚੋਂ ਸ਼ਰਧਾਲੂ ਆਏ ਹੋਏ ਸਨ।

ਗੁਰੂ ਜੀ ਨੇ ਦੋ ਵੇਰ ਸੰਗਤਾਂ ਨੂੰ ਸੰਬੋਧਨ ਕੀਤਾ, ਸਾਰੀ ਸੰਗਤ ਵਿਚੋਂ ਕੋਈ ਬੀਬੀ ਨਾ ਉਠੀ। ਹੁਣ ਤੀਸਰੀ ਵਾਰ, ਦੂਰ-ਦੂਰ ਤੱਕ ਬੈਠੀ ਸੰਗਤ ਤੀਕ ਆਵਾਜ਼ ਪੁਚਾਉਣ ਲਈ,

ਕੁਝ ਮੇਵੜੇ ਭੇਜੇ, ਉਨ੍ਹਾਂ ਪਿਛੇ ਦੂਰ ਬੈਠੀ ਸੰਗਤ ਨੂੰ ਗੁਰੂ ਜੀ ਦੀ ਮੰਗ ਤੋਂ ਜਾਣੂ ਕਰਾਇਆ, ਤਾਂ ਬੀਬੀਆਂ ਆਪਣੇ ਮਨਾਂ ਅੰਦਰ ਝਾਤੀ ਪਾ ਕੇ ਸੋਚਣ ਲਗੀਆਂ।

(ਸਾਕਾ)

ਆਖਿਆ ਸੀ ਗੁਰਦੇਵ ਨੇ ਜੋ ਬਚਨ ਸੁਣਾ ਕੇ।
ਸੁਣਿਆ ਸਾਰੀ ਸੰਗਤ ਨੇ ਸੀ ਧਿਆਨ ਲਗਾ ਕੇ।
ਸਿੱਖ-ਸੁਆਣੀਆਂ ਬੈਠੀਆਂ ਸਭ ਨੀਵੀਂ ਪਾ ਕੇ।
ਅੰਦਰ ਝਾਤੀ ਮਾਰ ਦੇਖਦੀਆਂ ਸੋਚ ਦੁੜਾ ਕੇ।
ਹੋ ਜਾਵਣ ਖਾਮੋਸ਼ ਖ਼ਤਾ ਦਾ ਚੇਤਾ ਆ ਕੇ।
ਹਰ ਇਕ ਸੋਚੇ: ਲੜੀ ਸਾਂ ਮੈਂ ਗੁੱਸਾ ਖਾ ਕੇ।
ਹੋਣ ਲੱਜਿਆਵਾਨ ਕਹਿਣ ਨ ਕੁਝ ਸ਼ਰਮਾ ਕੇ।
'ਨਰਗਿਸ', ਉੱਠੀ ਭੈਣ ਇਕ ਕੁਝ ਸੰਗ-ਸੰਗਾ ਕੇ।

ਪਿੱਛੇ ਬੈਠੀ ਸੰਗਤ ਵਿਚੋਂ ਇਕ ਲੜਕੀ ਨੇ ਮੇਵੜੇ ਦੀ ਆਵਾਜ਼ ਤੋਂ ਗੱਲ ਸਮਝੀ, ਜੋ ਗੁਰੂ ਸਾਹਿਬ ਨੇ ਫੁਰਮਾਇਆ ਸੀ। ਆਪਣੀ ਜਗ੍ਹਾ ਤੋਂ ਸਹਿਜੇ ਉਠੀ ਤੇ ਗੁਰੂ ਸਾਹਿਬ ਦੇ ਹਜ਼ੂਰ ਆਉਣ ਲਈ, ਸੰਗਤਾਂ ਦੀ ਭੀੜ ਵਿਚੋਂ ਦੀ ਹੌਲੀ-ਹੌਲੀ ਤੁਰਦੀ ਜਾ ਰਹੀ ਸੀ। ਹੁਣ ਸਾਰੀ ਸੰਗਤ ਦੀਆਂ ਨਜ਼ਰਾਂ ਇਸ ਸੱਤਿਆ ਦੀ ਦੇਵੀ ਤੇ ਲੱਗੀਆਂ ਹੋਈਆਂ ਸਨ।

ਤੀਹਾਂ ਕੁ ਸਾਲਾਂ ਦੀ ਆਯੂ, ਸਡੌਲ ਸਰੀਰ, ਚੇਹਰੇ ਦੀ ਪ੍ਰਤਿਭਾ ਮਨਮੋਹਣੀ, ਸਾਦਾ ਸਾਫ ਲਿਬਾਸ, ਨੇਤ੍ਰਾਂ ਵਿਚ, ਸਚਾਈ ਸੰਗ ਔਰ ਲੱਜਾ, ਸਭ ਕੁਝ ਵੇਖਿਆਂ ਕਿਸੇ ਪ੍ਰਤਿਸ਼ਟ ਉੱਚ-ਘਰਾਣੇ ਦੀ ਸਤਿਆਵਾਨ ਸਪੁਤ੍ਰੀ ਪ੍ਰਤੱਖ ਜਾਪ ਰਹੀ ਸੀ।

ਗੁਰੂ ਸਾਹਿਬ ਦੇ ਚਰਨਾਂ 'ਚ ਸਾਦਰ ਪ੍ਰਣਾਮ ਕਰਕੇ ਬੋਲੀ:

ਕਰ ਜੋਰੇ ਇਕ ਸਿੱਖ ਕੀ ਤਨੀਆਂ।
ਖਰ੍ਹੀ ਹੋਇ ਸਭ ਮਹਿ ਬੱਚ ਭਨੀਆਂ।
ਸੱਚੇ ਪਾਤਸ਼ਾਹਾ ਮੈਂ ਦੀਨ।
ਮਰਦ ਨ ਕਬਹੂੰ ਫਿਟਕਾਰਨ ਕੀਨ।
ਅਪਨਾ ਪੁੱਤ੍ਰ ਨ ਝਿਰਕਿਓ ਕਬ ਹੀ।
ਜਾਤ ਮਰਦ ਦੀ ਲਖ ਬਡ ਸਭ ਹੀ।

(ਰੁਤ 4, ਅੰਸੂ 6)

(ਸਾਕਾ)

ਸ਼ਹਿਰ ਆਗਰਿਓਂ ਆਈ ਸੀ ਬੀਬੀ ਖਤਰਾਣੀ।
ਤੀਹ ਕੁ ਸਾਲ ਦੀ ਉਮਰ ਸੀ ਨਿਰਛਲ ਜਿਹੀ ਸੁਆਣੀ।
ਜਾਪੇ ਅਕਲੋਂ ਸੂਝਵਾਨ ਕੋਈ ਉਚ ਘਰਾਣੀ।
ਸੀਰਤ ਸੂਰਤ ਪ੍ਰਤਿਭਾ ਸਭ ਦੇ ਮਨ ਭਾਣੀ।
ਹੱਥ ਜੋੜ ਕੇ ਅਦਬ ਨਾਲ ਬੋਲੀ ਨਿਰਮਾਣੀ।
ਜਿਵੇਂ ਪਿਤਾ ਜੀ! ਆਪ ਨੇ ਹੈ ਆਖ ਵਖਾਣੀ।
ਮੈਂ ਨਹੀਂ ਅੱਜ ਤੱਕ ਮਰਦ ਨੂੰ ਬੋਲੀ ਕੱਟ ਬਾਣੀ।
'ਨਰਗਿਸ', ਹੁਣ ਪ੍ਰਤਿੱਗਿਆ ਹੈ ਤੁਸਾਂ ਨਿਭਾਣੀ।

ਗੁਰੂ ਸਾਹਿਬ ਨੇ ਬੀਬੀ ਭਾਗਭਰੀ ਨੂੰ, ਕੋਈ ਬਾਣੀ ਕੰਠਾਗਰ ਬਾਬਤ ਪੁੱਛਿਆ, ਤਾਂ ਉਸ ਦੱਸਿਆ, ਸੱਚੇ ਪਾਤਸ਼ਾਹ, ਅੰਮ੍ਰਿਤ ਵੇਲੇ ਜਪੁਜੀ ਸਾਹਿਬ, ਸ਼ਾਮ ਨੂੰ ਰਹਿਰਾਸ ਅਤੇ ਰਾਤੀਂ ਸੌਣ ਵੇਲੇ ਕੀਰਤਨ ਸੋਹਲੇ ਦਾ ਪਾਠ ਮੈਂ ਜ਼ਬਾਨੀ ਪੜ੍ਹਦੀ ਹਾਂ।

ਗੁਰੂ ਜੀ ਨੇ ਫੁਰਮਾਇਆ, ਬੇਟੀ! ਕਲ੍ਹ ਨੂੰ ਤੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ, ਇਸ ਸੁੱਕੇ ਤਰੂ ਤਲੇਂ ਜਪੁਜੀ ਸਾਹਿਬ ਦਾ ਪਾਠ ਇਕਚਿੱਤ ਹੋ ਕੇ ਪੜ੍ਹਨਾ ਹੋਵੇਗਾ, ਤਾਂਕਿ ਇਹ ਰੁੱਖ ਮੁੜ ਜੀਵਤ ਹੋ ਸਕੇ।

ਆਪਣੇ ਪ੍ਰਥਾਇ ਗੁਰੂ ਜੀ ਦੇ ਮੁਖਾਰਬਿੰਦ ਤੋਂ ਉਚਾਰਣ ਕੀਤੇ ਬਚਨ ਸੁਣਕੇ, ਬੀਬੀ ਨੂੰ ਮਾਨੋ ਦੁਨੀਆਂ ਦੀ ਦੌਲਤ ਮਿਲ ਗਈ ਤੇ ਬੋਲੀ :-

(ਗੀਤ)

ਕਿੱਥੇ ਬੈਠਕੇ ਕਰਾਂ ਇਸ਼ਨਾਨ ਗੁਰੂ ਜੀ ਮੈਨੂੰ ਹੁਕਮ ਕਰੋ,
ਗੁਰੂ ਜੀ ਮੈਨੂੰ ਹੁਕਮ ਕਰੋ।
ਲਾਲੇ ਗੋਲੇ ਗੁਰੂ ਘਰ ਸੰਦੇ ਬੇਖਰੀਦ ਹਾਂ,
ਹੁਕਮ ਦੇ ਬੰਦੇ ਅਸੀਂ ਤੇਰੇ ਹੀ ਮੁਰੀਦ ਹਾਂ,
ਤਨ ਮਨ ਵੀ ਤੁਸਾਂ ਤੋਂ ਕੁਰਬਾਨ, ਗੁਰੂ ਜੀ ਮੈਨੂੰ ਹੁਕਮ ਕਰੋ,
ਗੁਰੂ ਜੀ ਮੈਨੂੰ ਹੁਕਮ ਕਰੋ।
ਬੌਲੀ ਵਿਚੋਂ ਪਾਵਨ ਲਿਆ ਕੇ ਆਪ ਪਾਣੀ ਮੈਂ,
ਕਰ ਇਸ਼ਨਾਨ ਪੜ੍ਹਾਂ ਜਪੁਜੀ ਦੀ ਬਾਣੀ ਮੈਂ,

ਪਸ਼ੂ ਪੱਥਰਾਂ ਦੀ ਕਰੇ ਕਲਿਆਨ, ਗੁਰੂ ਜੀ ਮੈਨੂੰ ਹੁਕਮ ਕਰੋ,
ਗੁਰੂ ਜੀ ਮੈਨੂੰ ਹੁਕਮ ਕਰੋ।
ਧੰਨਭਾਗ ਦੇਵੋ ਵਡਿਆਈ ਮੈਂ ਨਾਚੀਜ਼ ਨੂੰ,
ਮੇਰੇ ਹੱਥੋਂ ਜ਼ਿੰਦਗੀ ਮਿਲੇ ਤਰੂ ਮਰੀਜ਼ ਨੂੰ,
ਆਸ਼ੀਆਨੇ ਮੁੜ ਪੰਛੀ ਬਨਾਣ, ਗੁਰੂ ਜੀ ਮੈਨੂੰ ਹੁਕਮ ਕਰੋ,
ਗੁਰੂ ਜੀ ਮੈਨੂੰ ਹੁਕਮ ਕਰੋ।
ਸੁੱਕੇ ਹਰੇ ਕਰੇ ਮੇਰਾ ਸਾਂਈਂ ਸਮਰੱਥ ਹੈ,
ਕਥਨੋਂ ਬਾਹਰ ਤਾਣ ਆਪ ਦਾ ਅਕੱਥ ਹੈ,
ਸਿਰ ਮੱਥੇ ਹੈ ਤੁਸਾਂ ਦਾ ਫੁਰਮਾਨ, ਗੁਰੂ ਜੀ ਮੈਨੂੰ ਹੁਕਮ ਕਰੋ,
ਗੁਰੂ ਜੀ ਮੈਨੂੰ ਹੁਕਮ ਕਰੋ।
ਕਿੱਥੇ ਬੈਠ ਕੇ ਕਰਾਂ ਇਸ਼ਨਾਨ, ਗੁਰੂ ਜੀ ਮੈਨੂੰ ਹੁਕਮ ਕਰੋ,
ਗੁਰੂ ਜੀ ਮੈਨੂੰ ਹੁਕਮ ਕਰੋ।

ਇਸ ਸਤਿਆਵਾਨ ਲੜਕੀ ਦੇ ਨਾਲ ਜੋ ਸੰਗੀ ਸਖੀਆਂ ਸਨ। ਗੁਰੂ ਸਾਹਿਬ ਨੇ ਉਨ੍ਹਾਂ ਦੀ ਸੇਵਾ ਲਾਈ, ਕਿ ਸਵੇਰੇ ਬੀਬੀ ਜੀ ਦੇ ਇਸ਼ਨਾਨ ਦਾ ਉਹ ਪ੍ਰਬੰਧ ਕਰਨ। ਗੁਰੂ ਜੀ ਤੋਂ ਇਹ ਸੁਣ ਕੇ ਬੀਬੀਆਂ ਨੂੰ ਬਹੁਤ ਪ੍ਰਸੰਨਤਾ ਹੋਈ।

ਉਨ੍ਹਾਂ ਨੂੰ ਰਾਤੀਂ ਆਰਾਮ ਕਰ ਰਹੀਆਂ ਨੂੰ ਵਾਰ-ਵਾਰ ਪ੍ਰਸੰਨਤਾ ਭਰੀ ਹੈਰਾਨੀ ਹੋ ਰਹੀ ਸੀ, ਕਿ ਚੋਜੀ ਪ੍ਰੀਤਮ, ਇਸ ਲੜਕੀ ਤੋਂ ਸੁੱਕਾ ਹੋਇਆ ਰੁੱਖ ਹਰਾ ਕਿਵੇਂ ਕਰਾਉਣਗੇ?।

ਅਰਧ ਰਾਤਰੀ ਬੀਤੀ ਉਪਰੰਤ ਇਹ ਬੀਬੀਆਂ ਜਾਗੀਆਂ, ਉਠ ਕੇ, ਗੁਰੂ ਸਾਹਿਬ ਦੇ ਹੁਕਮ ਮੁਤਾਬਿਕ, ਉਸ ਸੁੱਕੇ ਬੋਹੜ ਦੇ ਦੁਆਲੇ ਕਨਾਤ ਤਾਣ ਦਿੱਤੀ, ਇਕ ਚੌਂਕੀ ਡਸਾ ਦਿੱਤੀ, ਬੌਲੀ ਵਿਚੋਂ ਪਵਿੱਤਰ ਜਲ ਲਿਆ ਕੇ, ਪ੍ਰੇਮ ਨਾਲ ਬੀਬੀ ਭਾਗਭਰੀ ਦਾ ਇਸ਼ਨਾਨ ਕਰਾਇਆ। ਫਿਰ ਉਸ ਰੁੱਖ ਦੇ ਮੁੱਢ, ਸਵੱਛ ਆਸਣ ਵਿਛਾ ਦਿੱਤਾ। ਬੀਬੀ ਨੇ ਬੈਠ ਕੇ, ਆਪਣੀਆਂ ਮਨੋਬਿਰਤੀਆਂ ਨੂੰ ਰੋਕ ਕੇ ਇਕ ਚਿਤ ਹੋ ਕੇ, ਅੰਮ੍ਰਿਤਬਾਣੀ ਜਪੁਜੀ ਸਾਹਿਬ ਦਾ ਪਾਠ ਪੜ੍ਹਨਾ ਸ਼ੁਰੂ ਕਰ ਦਿੱਤਾ, ਸੇਵਕ ਬੀਬੀਆਂ ਕੋਲ ਬੈਠ ਕੇ ਪ੍ਰੇਮ-ਸਹਿਤ ਸਰਵਣ ਕਰਨ ਲੱਗੀਆਂ।

(ਸਾਕਾ)

ਅੰਮ੍ਰਿਤ ਵੇਲੇ ਸੁਭਾਸਾਰ ਜਾਗੀ ਸਿੱਖ ਸੁਆਣੀ।
ਪੇਡ ਦੁਆਲ ਕਨਾਤ ਸੀ ਸਖੀਆਂ ਨੇ ਤਾਣੀ।

ਤੁਰਤ ਪਵਿੱਤਰ ਬੌਲੀਓਂ ਕੱਢ ਲਿਆਂਦਾ ਪਾਣੀ।
ਕਰ ਇਸ਼ਨਾਨ ਪ੍ਰੇਮ ਨਾਲ ਸੱਤਿਆ ਦੀ ਰਾਣੀ।
ਸੁਰਤ ਟਿਕਾ ਕੇ ਪੜ੍ਹ ਲਈ ਜਪੁਜੀ ਦੀ ਬਾਣੀ।
ਚੜ੍ਹਿਆ ਸੂਰਜ ਦੇਵਤਾ, ਤਦ ਰੈਣ ਵਿਹਾਣੀ।
ਸੰਗਤਾਂ ਦੇਖਿਆ ਬੋਹੜ ਜਾਂ ਗਈ ਵਰਤ ਹੈਰਾਨੀ।
'ਨਰਗਿਸ' ਤਰੂ ਸੁਪਾਤ ਸੀ, ਪੁੰਗਰੀ ਹਰ ਟਾਹਣੀ।

ਦਿਨ ਚੜ੍ਹੇ ਸਾਰੀ ਸਿੱਖ ਸੰਗਤ, ਸੁੱਕਾ ਬੋਹੜ ਹਰਾ ਹੋਣ ਦਾ ਕ੍ਰਿਸ਼ਮਾ ਦੇਖਣ ਲਈ ਉਮਡ ਪਈ। ਜਦ ਸਭ ਨੇ (ਸੂਕੇ ਕਾਸਟ ਹਰਿਆ) ਹੋਣ ਦੀ ਪ੍ਰਤੱਖ ਅਜ਼ਮਤ ਦੇਖੀ ਤਾਂ ਸੰਗਤ ਵਿਚੋਂ, ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਧੰਨ ਗੁਰਸਿੱਖੀ ਦੀਆਂ ਆਵਾਜ਼ਾਂ ਆਉਣ ਲੱਗੀਆਂ।

ਦੀਵਾਨ ਸਜ ਗਿਆ, ਤਮਾਮ ਸਿੱਖ ਸੰਗਤ ਗੁਰੂ ਜੀ ਦੇ ਹਜ਼ੂਰ ਜੁੜ ਬੈਠੀ। ਇਸ ਸ੍ਰੇਸ਼ਟ ਜੀਵਨ ਵਾਲੀ ਬੀਬੀ ਬਾਰੇ ਕੁਝ ਜਾਨਣ ਦੀ, ਹਰ ਇਕ ਗੁਰਸਿੱਖ ਦੇ ਦਿਲ ਉਤਸੁਕਤਾ ਸੀ। ਗੁਰੂ ਜੀ ਨੇ ਸੰਗਤਾਂ ਦੀ ਰੁਚੀ ਸਮਝਦਿਆਂ, ਬੀਬੀ ਭਾਗਭਰੀ ਨੂੰ ਸੰਗਤ ਦੇ ਸਨਮੁਖ ਖਲੋ ਕੇ ਕੁਝ ਆਪਣੇ ਬਾਰੇ ਦੱਸਣ ਦਾ ਆਦੇਸ਼ ਦਿੱਤਾ। ਬੀਬੀ ਨੇ ਇਉਂ ਦੱਸਿਆ :

(ਕਬਿੱਤ)

ਭਾਗਭਰੀ ਬੋਲੀ ਦਾਤਾ, ਸੁਣੋ ਦਾਸਤਾਨ ਮੇਰੀ,
ਅਸੀਂ ਸੱਤ ਭੈਣਾਂ ਘਰ ਜੰਮੀਆਂ ਦਿਵਾਨ ਦੇ।
ਪਿਤਾ ਪ੍ਰਲੋਕ ਧਾਇਆ, ਭਾਈ ਕੋਈ ਨਹੀਂ ਪਾਇਆ,
ਇਹ ਜਾਂ ਖਬਰ ਕੰਨੀਂ ਪਈ ਸ਼ਾਹਜਹਾਨ ਦੇ।
ਸਾਨੂੰ ਘਰੋਂ ਕੱਢ ਕੇ ਲਗਾਏ ਤਾਲੇ ਸਦਨਾਂ ਨੂੰ,
ਸੁੱਕਾ ਸੇਰ ਆਟਾ, ਮਸਾਂ ਮਿਲੇ ਵੱਟੇ ਜਾਨ ਦੇ।
ਗੁਰੂ-ਦਯਾ ਨਾਲ ਸੀ ਅਧਾਨ ਮਾਂ ਸੁਲੱਖਣੀ ਨੂੰ,
ਆਇਆ ਵੀਰ, ਜਗ ਪਏ ਚਰਾਗ ਖਾਨਦਾਨ ਦੇ।

ਭਾਗਣ ਨਾਮ ਤੀਆ ਤਬ ਕਹਿਓ।
ਮਹਾਰਾਜ ਸੁਨੀਏ ਜਿਮ ਚਹਿਓ।
ਬਸਹਿਂ ਆਗਰੇ ਨਗਰ ਮਹਾਨ।

ਪਾਤਸ਼ਾਹ ਮਮ ਪਿਤਾ ਦਿਵਾਨ।
ਸਪਤ ਭਗਨਿ ਮਹਿਂ ਕਹਿਂ ਤਿਸ ਕਾਲਾ।
ਧੰਨ ਮਰਦ ਕੀ ਸ਼ੰਮਸ ਬਿਸਾਲਾ। (ਰੁਤ 4 ਅੰਸੂ 6)

ਸਾਰੀ ਸੰਗਤ ਵਿਚੋਂ, ਧੰਨ ਗੁਰਸਿੱਖੀ, ਧੰਨ ਬੀਬੀ ਭਾਗਭਰੀ ਦਾ ਸਿੱਖੀ ਸਿਦਕ, ਦੀਆਂ ਆਵਾਜ਼ਾਂ ਹੋਰ ਉੱਚੀਆਂ ਹੁੰਦੀਆਂ ਗਈਆਂ। ਦੂਰ ਬੈਠੀਆਂ ਸੰਗਤਾਂ ਵਿਚੋਂ ਕੁਝ ਬੀਬੀਆਂ ਉਠ ਕੇ ਨੇੜੇ ਆਉਣ ਲੱਗੀਆਂ। ਪਹਿਲਾਂ ਨੇੜੇ ਬੈਠੀਆਂ ਬੀਬੀਆਂ ਭੈਣਾਂ ਵਲੋਂ ਆਵਾਜ਼ ਆਈ, ਕਿ ਭਾਗਭਰੀ ਭੈਣ, ਸਾਨੂੰ ਆਪਣੇ ਬਾਰੇ ਕੁਝ ਹੋਰ ਵਿਸਥਾਰ ਨਾਲ ਖੋਲ੍ਹ ਕੇ ਦੱਸੋ। ਤਾਂ ਬੀਬੀ ਨੇ ਆਪਣੀ ਬੁਲੰਦ ਆਵਾਜ਼ ਵਿਚ ਬੋਲ ਕੇ ਦੱਸਣਾ ਸ਼ੁਰੂ ਕੀਤਾ:

(ਜੱਗਾ)

ਬੀਬੀ ਬੋਲਦੀ ਸੁਣੋ ਹੁਣ ਸਾਰੇ ਭੈਣੋ ਤੇ ਭਰਾਵੋ ਮੇਰਿਓ,
ਯਾਦੂ ਸ਼ਕਤੀ ਕੋਲ ਨਾ ਮੇਰੇ ਗੱਲਾਂ ਸੱਚੇ ਸਿਦਕ ਦੀਆਂ,
ਪਿਤਾ ਮੇਰਾ ਸੀ ਦਿਵਾਨ ਸ਼ਾਹਜਹਾਨ ਦਾ, ਧੀਆਂ ਅਸੀਂ ਸੱਤ ਉਹਦੀਆਂ,
ਵੀਰਿਓ! ਬਾਜਾਂ ਵਾਲੇ ਸਤਿਗੁਰ ਦੇ ਸੁੱਚੇ ਹੀਰਿਓ।

ਰੱਬ ਦਿੱਤਾ ਨ ਅਸਾਂ ਨੂੰ ਵੀਰਾ ਬਹਿ ਰਹੀਆਂ ਸਬਰ ਕਰਕੇ,
ਪਿਤਾ ਨੀਂਦਰ ਸਦਾ ਦੀ ਸੌਂ ਗਏ, ਸਾਡੇ ਭਾ ਦਾ ਨ੍ਹੇਰ ਪੈ ਗਿਆ,
ਮਾਲ, ਰਾਜ ਦੇ ਹਵਾਲੇ ਹੋਇਆ, ਸਾਡਾ ਕੋਈ ਹੱਕ ਨਾ ਰਿਹਾ,
ਚੰਨਿਓ! ਗੱਲਾਂ ਭੋਲੀ ਭੈਣ ਦੀਆਂ ਸੱਚ ਮੰਨਿਓ।

ਪਿਤਾ ਮੋਏ ਤੋਂ ਮਾਸ ਦੋ ਮਗਰੋਂ, ਡਾਢੇ ਨੂੰ ਰਹਿਮ ਆ ਗਿਆ,
ਮੇਰੀ ਮਾਤਾ ਦੀ ਕੁੱਖੋਂ ਸੀ ਜਾਇਆ ਵੀਰ ਸੋਹਣਾ ਚੰਨ ਵਰਗਾ,
ਨਾਲ ਵੀਰ ਦੇ ਬਰਕਤਾਂ ਆਈਆਂ ਖੁਸ਼ੀ ਵੀ ਜਾਗੀਰ ਮਿਲ ਗਈ,
ਵੀਰਿਓ! ਬਾਜਾਂ ਵਾਲੇ ਸਤਿਗੁਰ ਦੇ ਸੁੱਚੇ ਹੀਰਿਓ।

ਉਸ ਦਿਨ ਤੋਂ ਮਰਦ ਲਈ ਸ਼ਰਧਾ ਮੈਨੂੰ ਸੀ ਅਪਾਰ ਹੋ ਗਈ,
ਬਾਲ, ਬਿਰਧ, ਜੁਆਨ ਨਰ ਕੋਈ ਸਭ ਨੂੰ ਮਹਾਨ ਜਾਣਦੀ,
ਫਿੱਕਾ ਬੋਲ ਨ ਕਦੇ ਮੂੜ ਆਇਆ, 'ਨਰਗਿਸ' ਜ਼ਬਾਨ ਮੇਰੀ ਤੇ,
ਚੰਨਿਓਂ! ਗੱਲਾਂ ਪਿਆਰੀ ਭੈਣ ਦੀਆਂ ਸੱਚ ਮੰਨਿਓ।

ਜਨਮਿਓਂ ਪੁੱਤਰ ਤਹਾਂ ਸਭ ਜੋਵਾ।
ਮੰਗਲ ਕੋ ਉਤਸ਼ਾਹਤ ਹੋਵਾ।
ਪਾਤਸ਼ਾਹ ਜਬਿ ਸੁਨਬੋ ਕੀਨ।
ਕਰਹੁ ਖਲਾਸੀ-ਆਇਸ ਦੀਨ।
ਬਖਸ਼ਿਓ ਪ੍ਰਥਮ ਸਮਾਨ ਖਜੀਨਾ।
ਘਰ ਖਲਾਸ, ਤਤਸ਼ਿਨ ਕਰ ਦੀਨਾ।
ਸਪਤ ਭਗਨ ਮਹਿਂ ਕਹਿਂ ਤਿਸ ਕਾਲਾ।
ਧੰਨ ਮਰਦ ਕੀ ਸ਼ੰਮਸ ਬਿਸਾਲਾ।
ਸਚੇ ਪਾਤਸ਼ਾਹ ਮੈ ਚੀਤ।
ਤਬ ਕੀ ਧਰੀ ਬਿਸ਼ਾਲ ਪ੍ਰਤੀਤ। (ਰੁਤ 4, ਅੰਸੂ 6)

ਬੀਬੀ ਭਾਗਭਰੀ ਦੀ ਦਾਸਤਾਨ ਸੁਣਕੇ, ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਕਾਦਰ ਨੇ, ਮਰਦ (ਇਨਸਾਨ) ਨੂੰ ਸਰੀਰਕ ਸ਼ਕਤੀ ਵਿਸ਼ੇਸ਼ ਦੇ ਕੇ, ਮਾਨਵਤਾ ਦੇ ਕੰਮ ਆਉਣ ਲਈ ਅਤੇ ਰੱਬ ਦੀ ਮਖਲੂਕਾਤ ਨੂੰ ਸੁਖ ਸਹੂਲਤ ਦੇਣ ਲਈ, ਇਸਤਰੀ ਨਾਲੋਂ ਵਿਲੱਖਣ ਸਰੂਪ ਦਿੱਤਾ ਹੈ। ਜਿਸ ਨੂੰ ਜਿਉਂ ਦਾ ਤਿਉਂ ਰੱਖਣਾ ਚਾਹੀਦਾ ਹੈ, ਵਿਗਾੜਨਾ ਨਹੀਂ ਚਾਹੀਦਾ। ਭਾਵ : ਦਾੜ੍ਹੀ-ਮੁੱਛਾਂ ਮੁਨਾ ਕੇ, ਮਰਦ ਨੂੰ ਇਸਤਰੀ ਜੈਸਾ ਸਰੂਪ ਨਹੀਂ ਬਣਾ ਲੈਣਾ ਚਾਹੀਦਾ।

ਮਰਦ ਬਿਨਾ ਸ਼ੰਮਸ ਦਸਤਾਰ।
ਇਨ ਬਿਨ ਔਰਤ ਪਰਹਿ ਨਿਹਾਰ।
ਸਿਖੋ! ਦਾੜ੍ਹੀ ਤਾਰੀਫ ਕੇਸ ਸ਼ੁਮਾਰ ਬਾਲਤਣਹਿ।
ਬਗੈਰ ਦਾੜ੍ਹੀ ਬਦਨ ਚਸ਼ਮ ਨ ਦੀਦਮਹਿ।
(ਰੁਤ 4, ਅੰਸੂ 6)

(ਮਿਰਜ਼ਾ)

ਸੁਣ ਬੀਬੀ ਦੀ ਦਾਸਤਾਂ ਕਲਗੀਧਰ ਦਸਮੇਸ਼।
ਕਿਹਾ : ਜ਼ਰੂਰੀ ਮਰਦ ਲਈ ਰਖਣੇ ਦਾੜ੍ਹੀ ਕੇਸ।
ਹੋਵੇ ਸਿੱਖੀ ਵਿਚ ਨਾ ਬਿਨਾ ਕੇਸ ਪ੍ਰਵੇਸ਼।
ਰਿਸ਼ੀ ਮੁਨੀ ਅਵਤਾਰ ਜੋ ਹੋਏ ਸਰਬ ਸੁਕੇਸ਼।

ਜਟਾਜੂਟ ਸਭ ਰਹੇ ਨੇ ਵਿਅਕਤੀ ਪੂਜਯ ਵਿਸ਼ੇਸ਼।
ਰੱਖੋ ਕੇਸ ਸੰਭਾਲ ਕੇ ਸਤਿਗੁਰ ਦਾ ਉਪਦੇਸ਼।
ਰਹਿਣੀ ਵਾਲੇ ਸਿੱਖ ਦੇ ਸਦਾ ਗੁਰੂ ਦਰਪੇਸ਼।
'ਨਰਗਿਸ', ਦਾੜ੍ਹੀ ਕੇਸ ਧਰ ਮੈ-ਮੁਖ ਲਗੋ ਹਮੇਸ਼।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ, ਆਪਣੇ ਬਹੁਤ ਥੋੜ੍ਹੇ ਜੀਵਨ ਕਾਲ ਵਿਚ ਮਾਨਵਤਾ ਦੇ ਉਧਾਰ ਲਈ ਬਹੁਤ ਜ਼ਿਆਦਾ ਕਾਰਜ ਕੀਤੇ ਹਨ। ਕੁਝ ਇਤਿਹਾਸਕਾਰ ਗੁਰੂ ਜੀ ਦੇ ਜੀਵਨ ਦਾ, ਇਕੋ ਕ੍ਰਾਂਤੀਕਾਰੀ ਪੱਖ ਹੀ ਪੇਸ਼ ਕਰਕੇ, ਉਨ੍ਹਾਂ ਨੂੰ ਇਕ ਜੰਗੀ-ਜੋਧਾ ਹੀ ਤਸੱਵਰ ਕਰਦੇ ਹਨ। ਪਰ ਬੀਬੀ ਭਾਗਭਰੀ ਦੇ ਇਸ ਪ੍ਰਕਰਣ ਤੋਂ ਚੰਗੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ ਜਿਥੇ ਉਨ੍ਹਾਂ ਇਨਸਾਨੀ ਜ਼ਿੰਦਗੀ ਦੇ ਹੋਰ ਹਰ ਪੱਖ ਨੂੰ ਨਿਖਾਰਿਆ ਹੈ, ਉਥੇ ਇਸਤਰੀ ਜਾਤੀ ਦੇ ਉਧਾਰ ਵਲੋਂ ਵੀ ਅਵੇਸਲੇ ਨਹੀਂ ਸਨ। ਇਸ ਲਈ ਗੁਰੂ ਜੀ ਮਾਨਵਤਾ ਦੇ ਸਰਬਪੱਖੀ ਨਾਇਕ ਸਨ।

ਵਣਜਾਰਾ ਸਿੰਘ ਹੋਇਆ

ਜਦੋਂ ਗੁਰੂ ਜੀ ਨੇ ਬੀਬੀ ਭਾਗਣ ਰਾਹੀਂ ਸੁੱਕਾ ਬੋਹੜ ਹਰਾ ਕਰਨ ਦਾ ਕ੍ਰਿਸ਼ਮਾ ਦਿਖਾਇਆ, ਉਸ ਵੇਲੇ ਇਥੇ ਇਕ ਮੁਸਲਮਾਨ ਵਣਜਾਰਾ ਮੁਲਤਾਨ ਤੋਂ ਆਇਆ ਹੋਇਆ ਸੀ, ਜੋ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਲੋਕਾਂ ਤੋਂ ਗੁਰੂ ਜੀ ਦੀ ਅਜ਼ਮਤ ਬਾਰੇ ਪਹਿਲਾਂ ਸੁਣਿਆ ਹੋਇਆ ਸੀ। ਜਦੋਂ ਉਸ ਨੇ ਇਹ ਕਰਾਮਾਤ ਅੱਖੀਂ ਦੇਖ ਲਈ, ਉਸ ਦੇ ਦਿਲ ਵਿਚ ਗੁਰੂ ਜੀ ਦੀ ਸ਼ਰਧਾ ਹੋਰ ਵੱਧ ਗਈ।

ਫਿਰ ਜਦੋਂ ਕਲਗੀਧਰ ਪਾਤਸ਼ਾਹ, ਸਿੱਖਾਂ ਨੂੰ ਦਾੜ੍ਹੀ ਮੁੱਛਾਂ ਦੀ ਵਿਸ਼ੇਸ਼ਤਾ ਦਰਸਾ ਰਹੇ ਸਨ ਤੇ ਹਰ ਬੰਦੇ ਨੂੰ ਦਾੜ੍ਹੀ ਮੁੱਛ ਨਾ ਮੁਨਾਉਣ ਦੀ ਹਿਦਾਇਤ ਕੀਤੀ ਤਾਂ ਇਹ ਵਣਜਾਰਾ ਸੁਣਕੇ ਹੋਰ ਵੀ ਹੈਰਾਨ ਤੇ ਪ੍ਰਸੰਨ ਹੋਇਆ। ਸੋਚਣ ਲੱਗਾ ਕਿ ਜੋ ਦਾੜ੍ਹੀ ਮੁੱਛਾਂ ਮੁਨਾਉਣ ਵਾਲੇ ਮਰਦਊਪੁਣਾ ਛੱਡ ਕੇ ਜਨਾਨਿਆਂ ਵਰਗਾ ਮੂੰਹ ਬਣਾ ਲੈਂਦੇ ਹਨ, ਉਹ ਵਾਕਿਆਂ ਹੀ ਰੱਬ ਜੀ ਦੇ ਨਿਯਮਾਂ ਦੀ ਉਲੰਘਣਾ ਕਰਦੇ ਹਨ।


ਸਾਰਾ ਸਮਾਗਮ ਸਮਾਪਤ ਹੋਣ ਤੋਂ ਬਾਅਦ ਗੁਰੂ ਜੀ ਸਿੰਘਾਂ ਨਾਲ ਆਉਣ ਵਾਲੀ ਸਰਦ ਰੁੱਤ ਦੇ ਪ੍ਰਬੰਧ ਵਾਸਤੇ ਵਿਚਾਰਾਂ ਕਰ ਰਹੇ ਸਨ ਤਾਂ ਉਸ ਵਣਜਾਰੇ ਨੇ ਸੰਗਤ ਵਿਚੋਂ ਉਠਕੇ, ਦੋ ਹਜ਼ਾਰ ਰੁਪਏ ਗੁਰੂ ਜੀ ਨੂੰ ਭੇਟਾ ਕਰ ਦਿੱਤੇ।

ਤਊ ਪਰੰਤ ਖਰਚ ਅਬ ਚਹੀਐ। ਸੀਤ ਕਾਲ ਪਰਿਓ ਬਹੁ ਲਹੀਐ।
ਇਸੀ ਪਰਕਾਰ ਸਭਹੂੰ ਜਬ ਕਹਿਓ। ਇਕ ਵਣਜਾਰਾ ਆਵਤ ਲਹਿਓ।

ਧਰਹਿ ਰਜਤਪਣ ਦੌਨ ਹਜ਼ਾਰੇ। ਮਸਤਕ ਟੇਕਿਓ ਗੁਰੂ ਅਗਾਰੇ।
ਦੂਐ ਹਜ਼ਾਰ ਧਨ ਦਇਓ ਸੁਨਾਇ। ਸੀਤ ਕਾਲ ਲਿਹੁ ਬਸਤ੍ਰ ਬਨਾਇ।
ਭਇਓ ਸਿੱਖ, ਲੇ ਪਾਹੁਲ ਸੋਈ। ਬਸਿਓ ਨਿਕਟ ਗੁਰ ਸ਼ਰਧਾ ਹੋਈ।

(ਰੁਤ ਚਾਰ, ਅੰਸੂ 6)

ਸਿੱਖੀ ਰਹਿਤ ਮਰਯਾਦਾ ਦੀ ਗੱਲ ਹੁੰਦੇ,
ਇਕ ਅਜਨਬੀ ਖਾਨ ਸਰਦਾਰ ਆਇਆ।
ਅੱਛਾ ਮਹਿੰਗਾ ਸੁਲਤਾਨੀ ਲਿਬਾਸ ਪੈਧਾ,
ਚਿਹਨ ਦਸਦੇ ਸੀ ਸ਼ਰਧਾ ਧਾਰ ਆਇਆ।
ਚੇਹਰਾ ਦਮਕਿਆ ਨੈਣੀਂ ਖ਼ੁਮਾਰ ਚੜ੍ਹਿਆ,
ਨੂਰੀ ਦਾਤੇ ਦਾ ਜਦੋਂ ਦੀਦਾਰ ਪਾਇਆ।
ਸਿਜਦਾ ਕੀਤਾ ਸੀ ਅਦਬ ਦੇ ਨਾਲ ਨਿਉਂਕੇ,
ਹੱਥੋਂ ਭੇਟ ਕੀਤੀ ਦੋ ਹਜ਼ਾਰ ਮਾਇਆ।
ਮੁੱਖੋਂ ਬੋਲਿਆ ਨਾਲ ਅਧੀਨਗੀ ਦੇ,
ਨਜ਼ਰ ਸਾਂਈਂ ਜੀ ਕਰੋ ਮਨਜ਼ੂਰ ਮੇਰੀ।
ਅੱਗੇ ਵਾਸਤੇ ਚਰਨਾਂ ਨਾਲ ਜੋੜ ਰੱਖੋ,
'ਨਰਗਿਸ' ਕਰੋ ਕਲਿਆਨ ਹਜ਼ੂਰ ਮੇਰੀ।



ਗਿ: ਨਿਰੰਜਨ ਸਿੰਘ 'ਨਰਗਿਸ'



